
# ਮੋਹ ਦੀਆਂ ਤੰਦਾਂ

ਪ੍ਰੇਮ ਗੋਰਖੀ



ਪ੍ਰੇਮ ਗੋਰਖੀ (੧੫ ਜੂਨ ੧੯੪੭-) ਪੰਜਾਬੀ ਕਹਾਣੀਕਾਰ ਹਨ । ਉਨ੍ਹਾਂ ਦਾ ਪਿਛੋਕੜ ਇੱਕ ਦਲਿਤ ਪਰਿਵਾਰ ਦਾ ਹੈ। ਉਨ੍ਹਾਂ ਦਾ ਦਾਦਕਾ ਪਿੰਡ ਲਾਡੋਵਾਲੀ ਅਤੇ ਨਾਨਕਾ ਪਿੰਡ ਬਹਾਨੀ (ਜ਼ਿਲਾ ਕਪੂਰਥਲਾ) ਹੈ। ਉਨ੍ਹਾਂ ਦੇ ਪਿਤਾ ਦਾ ਨਾਂ ਅਰਜਨ ਦਾਸ ਅਤੇ ਮਾਤਾ ਦਾ ਰੱਖੀ ਸੀ।ਚਾਰ ਭਰਾਵਾਂ ਅਤੇ ਦੋ ਭੈਣਾਂ ਵਿੱਚੋਂ ਉਨ੍ਹਾਂ ਨੂੰ ਹੀ ਥੋੜ੍ਹਾ ਬਹੁਤ ਪੜ੍ਹਨ ਦਾ ਮੌਕਾ ਮਿਲਿਆ। ਹੁਣ ਉਹ 'ਪੰਜਾਬੀ ਟ੍ਰਿਬਿਊਨ' ਤੋਂ ਸੇਵਾ-ਮੁਕਤ ਹੋ ਕੇ ਆਪਣੇ ਪਰਿਵਾਰ ਨਾਲ ਜ਼ੀਰਕਪੁਰ ਰਹਿ ਰਹੇ ਹਨ । ਉਨ੍ਹਾਂ ਦੀਆਂ ਕਹਾਣੀਆਂ ਦੱਬੇ ਕੁਚਲੇ ਲੋਕਾਂ ਦੀ ਜੀਵਨ ਗਾਥਾ ਵਰਨਣ ਕਰਦੀਆਂ ਹਨ।ਉਨ੍ਹਾਂ ਦੀਆਂ ਰਚਨਾਵਾਂ ਹਨ; ਕਹਾਣੀ ਸੰਗ੍ਰਿਹ: ਮਿੱਟੀ ਰੰਗੇ ਲੋਕ, ਜੀਣ ਮਰਨ, ਅਰਜਨ ਸਫੈਦੀ ਵਾਲਾ, ਧਰਤੀ ਪੁੱਤਰ; ਨਾਵਲੈਟ: ਤਿੱਤਰ ਖੰਭੀ ਜੂਹ, ਵਣਵੇਲਾ, ਬੁੱਢੀ ਰਾਤ ਅਤੇ ਸੂਰਜ, ਆਪੋ ਆਪਣੇ ਗੁਨਾਹ; ਸਵੈਜੀਵਨੀ: ਗ਼ੈਰ-ਹਾਜ਼ਿਰ ਆਦਮੀ ।

# ਕੁੰਡਾ

ਸੀਤ ਹਵਾ ਦਾ ਬੁੱਲਾ ਫਿਰ ਅੱਖਾਂ ਠਾਰ ਗਿਆ। ਅੱਗ ਵੀ ਕਦੋਂ ਦੀ ਸੌਂ ਚੁੱਕੀ ਸੀ। ਕਿੰਨਾ ਵੱਡਾ ਮੱਚ ਸੀ ਜਿਹੜਾ ਹੁਣ ਸੁਆਹ ਦੇ ਚਾਰ ਬੁੱਕ ਬਣ ਕੇ ਰਹਿ ਗਿਆ ਸੀ। ਜੁਗਲ ਵੀ ਹੁਣ ਇਵੇਂ ਹੀ ਢੇਰੀ ਬਣਿਆ ਪਿਆ ਹੋਵੇਗਾ। ਉਹਦੀ ਤਾਂ ਚਿਖਾ ਹੀ ਸੱਤ ਫੁੱਟ ਉੱਚੀ ਚਿਣੀ ਗਈ ਸੀ। ਬਾਲਣ ਹੀ ਬਹੁਤ ਹੋ ਗਿਆ ਸੀ, ਇੱਕ ਟਰਾਲੀ ਜ਼ਿਮੀਂਦਾਰਾਂ ਦੇ ਘਰਾਂ ਵੱਲੋਂ ਆ ਗਈ ਤੇ ਗੱਡਾ ਭਰ ਕੇ ਵਿਹੜੇ ਵੱਲੋਂ ਜਰਨੈਲ ਹੁਣੀਂ ਲੈ ਆਏ। ਕਿੱਦਾਂ ਸਾਰੇ ਪਿੰਡ ਨੇ ਦੌੜ-ਭੱਜ ਕੀਤੀ ਜਿਵੇਂ ਕਿਤੇ ਉਨ੍ਹਾਂ ਦਾ ਸਕਾ-ਸੋਧਰਾ ਮਰ ਗਿਆ ਹੋਵੇ। ਤੇ ਹੁਣ ਸਾਡੇ ਕੋਲ ਕੋਈ ਵੀ ਨਹੀਂ,ਸਾਰੇ ਮੈਨੂੰ ਤੇ ਭੂਆ ਨੂੰ 'ਕੱਲਿਆਂ ਛੱਡ ਕੇ ਚਲੇ ਗਏ। ਜਿਉਂ ਹੀ ਹਨੇਰਾ ਲੱਥਿਆ ਇੱਕ-ਇੱਕ ਕਰਕੇ ਉਠਦੇ ਗਏ। ਕੋਈ ਕਹਿੰਦਾ ਡੰਗਰ ਅੰਦਰ ਬੰਨ੍ਹਣੇ ਨੇ, ਕੋਈ ਕਹਿੰਦਾ ਕੁਤਰਾ ਕਰਨੈ। ਸਭ ਨੂੰ ਜਾਨ-ਪਿਆਰੀ ਹੈ। ਸਾਡੀ ਖਾਤਰ ਕਿਹੜਾ ਕੋਈ ਗੋਲੀਆਂ ਖਾਵੇ?

ਹੁੱਕਾ ਧਰਨ ਲਈ ਮੈਂ ਚਿਮਟੇ ਨਾਲ ਸੁਆਹ ਫਰੋਲੀ। ਇੱਕ ਵੀ ਕੋਲਾ ਨਹੀਂ ਸੀ, ਭੁੱਬਲ ਜ਼ਰੂਰ ਤੱਤੀ ਸੀ। ਗੁੱਸੇ ਨਾਲ ਮੈਂ ਚਿਮਟਾ ਵਗਾਹ ਕੇ ਕਿੱਕਰ ਵੱਲ ਸੁੱਟਿਆ ਤਾਂ ਕਿਚਰ ਕਿਚਰ ਕਰਦੀ ਕੋਚਰੀ ਉੱਡੀ। ਮੈਂ ਤ੍ਰਹਿ ਕੇ ਸੁੰਨੇ ਪਏ ਵਿਹੜੇ 'ਚ ਝਾਤੀ ਮਾਰੀ। ਕੰਧਾਂ ਨਾਲ ਸਹਿਮ ਕੇ ਖੜ੍ਹੇ ਹਨੇਰੇ ਤੋਂ ਭੈਅ ਆਇਆ। ਹੁਣ ਤਾਂ ਇੰਨੇ ਕੁ ਹਨੇਰੇ ਤੋਂ ਹੀ ਮਨ ਡਰ ਜਾਂਦਾ ਹੈ, ਨਹੀਂ ਤਾਂ ਕਿੱਥੇ ਧੀਰੋਵਾਲ ਤੇ ਕਿੱਥੇ ਚੱਕ ਮਿਸ਼ਰੀ ਖਾਨ। ਅਨੇਕਾਂ ਵਾਰੀ ਧੀਰੋਵਾਲ ਤੋਂ ਅੱਧੀ-ਅੱਧੀ ਰਾਤ ਨੂੰ ਪਿੰਡ ਪਰਤਣਾ, ਕੱਚੇ ਰਾਹ, ਸਿੱਧਾ ਨਹਿਰ ਟੱਪ ਕੇ ਵਗ ਆਉਣਾ, ਬਿਨਾਂ ਕਿਸੇ ਡਰ ਡੁੱਕਰ ਦੇ, ਪਰ ਹੁਣ ਤਾਂ ਅਗਲੇ ਘਰ ਈ ਆ ਧਮਕਦੇ ਨੇ ਜਿਵੇਂ ਕਹਿ ਰਹੇ ਹੋਣ,''ਅਸੀਂ ਸੇਵਾ ਕਰਨ ਲਈ ਘਰ ਈ ਆ ਗਏ ਆਂ। ਬਾਹਰ ਜਾਣ ਦੀ ਖੇਚਲ ਨਾ ਕਰੋ।'' ਜਿੱਦਾਂ ਅੱਜ ਜੁਗਲ ਨਾਲ ਹੋਈ ਹੈ। ਅਗਲੇ ਆਏ ਤੇ ਉਸ ਨੂੰ ਗੋਲੀਆਂ ਨਾਲ ਭੁੰਨ ਕੇ ਔਹ ਗਏ।

''ਰੱਖਿਆ.. ਵੇ ਰੱਖਾ ਰਾਮਾ! ਉੱਠ ਕੇ ਆ ਜਾ ਅੰਦਰ... ਕਾਕਾ ਨੇਰ੍ਹਾ ਹੋ ਗਿਆ ਹੁਣ ਤਾਂ...'' ਭੂਆ ਨੇ ਤੀਜੀ ਵਾਰ ਆਵਾਜ਼ ਮਾਰੀ ਹੈ। ਭੂਆ ਬਹੁਤ ਡਰੀ ਹੋਈ ਹੈ। ਉਹ ਵਾਰ-ਵਾਰ ਕਹਿ ਰਹੀ ਹੈ ਕਿ ਮੈਂ ਅੰਦਰ ਆ ਕੇ ਬੈਠਾਂ। ਜਦੋਂ ਧੂੰਏਂ ਦੁਆਲੇ ਬੈਠੇ ਸਾਰੇ ਜਣੇ ਉੱਠ ਕੇ ਚਲੇ ਗਏ ਤਾਂ ਗੁੱਸੇ ਵਿੱਚ ਜਾਂ ਦੁਆਲੇ ਪਸਰੀ ਇਕੱਲ ਕੋਲੋਂ ਸਹਿਮ ਕੇ ਉਹ ਕੰਬਣ ਲੱਗ ਪਈ ਸੀ। ''ਹੇ ਹਾ ਵੇ, ਉੱਜੜ ਜਾਣ ਇਹ ਸਾਰੇ ਪਿੰਡ ਵਾਲੇ... ਮੱਖੀਆਂ ਵਾਂਗ ਉੱਡ ਗਏ ਸਾਰੇ... ਪਤਾ ਨੀ ਕੇਹੀ' ਵਾ ਵਗ ਗਈ ਆ, ਅਗਲੇ ਜਣੇ ਦਾ ਮਾੜਾ ਮੋਟਾ ਵੀ ਦੁੱਖ ਦਰਦ ਨੀ ਰਿਹਾ... ਨਹੀਂ ਉਹ ਵੀ ਤਾਂ ਵੇਲੇ ਈ ਸੀ, ਲੈ ਸਾਡਾ ਭਾਈਆ ਗੁਜ਼ਰ ਗਿਆ, ਤਕਾਲਾਂ ਦਾ ਵੇਲਾ ਸੀ... ਅੱਧਾ ਪਿੰਡ ਐਥੇ ਵਿਹੜੇ 'ਚ ਰਾਤ ਭਰ ਬੈਠਾ ਰਿਹਾ... ਇੱਕ ਚਲਾ ਜਾਵੇ, ਦੋ ਆ ਜਾਣ... ਲੈ ਤੂੰ ਆਪਣੇ ਬੀਮਾਰ ਹੋਣ ਦੀ ਗੱਲ ਈ ਕਰ ਲੈ...ਕਿੱਦਾਂ ਚੱਕੀ ਆਲਾ ਨੈਬ ਅੱਧੀ ਰਾਤ ਨੂੰ ਲੈ ਕੇ ਤੁਰ ਪਿਆ ਸੀ... ਕਿਉਂ ਰੱਖਿਆ ਯਾਦ ਐ ਨਾ?''

''ਭੂਆ ਟੈਮ-ਟੈਮ ਦੀ ਗੱਲ ਹੁੰਦੀ ਆ... ਉਦੋਂ ਹੁੰਦੇ ਸੀ ਲੋਕ ਵਿਹਲੇ... ਹੁਣ ਤਾਂ ਮਰਨ ਜੋਗੀ ਵੀ ਵਿਹਲ ਹੈ ਨੀ... ਸਾਰਾ ਦਿਨ ਸਾਡੇ ਖਾਤਰ ਈ ਤਾਂ ਦਿਨ ਖੋਟਾ ਕਰਕੇ ਬੈਠੇ ਰਹੇ ਆ... ਉਨ੍ਹਾਂ ਕੰਮ-ਧੰਦੇ ਵੀ ਤਾਂ ਕਰਨੇ ਹੋਏ...,'' ਮੈਂ ਭੂਆ ਦਾ ਮਨ

ਠੰਡਾ ਕਰਨਾ ਚਾਹਿਆ ਸੀ ਪਰ ਭੂਆ ਚੁੱਪ ਨਹੀਂ ਸੀ ਕੀਤੀ ਤੇ ਬੀਤੇ ਨੂੰ ਯਾਦ ਕਰ ਕਰ ਝੂਰਦੀ ਹੋਈ ਉੱਠ ਕੇ ਅੰਦਰ ਜਾ ਬੈਠੀ ਸੀ।

''ਵੇ ਰੱਖਿਆ ਤੂੰ ਸੁਣਦਾ ਕਿਉਂ ਨੀ.. ਹੈਥੇ ਬੈਠਾ ਹੁੱਕਾ ਚੁੰਘੀ ਜਾਨਾਂ... ਮੈਂ ਕਹਿੰਦੀ ਆਂ ਉੱਠ ਕੇ ਆ ਜਾ.. ਤੁਸੀਂ ਤਾਂ ਆਪ ਮੌਤ ਨੂੰ 'ਵਾਜਾਂ ਮਾਰਦੇ ਆਂ...ਮੈਂ ਕਹੀ ਜਾਂਦੀ ਆਂ ਅੰਦਰ ਆ ਜਾ, ਅੰਦਰ ਆ ਜਾ... ਉੱਥੇ ਬੈਠਾ ਈ ਗੁੜ-ਗੁੜ ਕਰੀ ਜਾਂਦਾ... ਉਠ ਤਾਂ,'' ਭੂਆ ਬੈਠਕ ਦੇ ਦਰਾਂ 'ਚ ਆ ਕੇ ਹਰਖ ਨਾਲ ਬੋਲੀ ਤਾਂ ਮੈਂ ਹੁੱਕਾ ਚੁੱਕ ਕੇ ਖੜ੍ਹ ਗਿਆ। ਇਹ ਭੂਆ ਜੇ ਕਿਤੇ ਪਹਿਲਾਂ ਆਈ ਹੁੰਦੀ ਤਾਂ ਇਹਨੇ ਜੁਗਲ ਨੂੰ ਮਰਨ ਨਹੀਂ ਸੀ ਦੇਣਾ। ਇਹਨੇ ਉਹਨੂੰ ਬੂਹਾ ਖੋਲ੍ਹਣ ਲਈ ਜਾਣ ਨਹੀਂ ਸੀ ਦੇਣਾ। ਰੋਕਿਆ ਤਾਂ ਮੈਂ ਵੀ ਬਥੇਰਾ। ਮੈਂ ਕਿਹਾ,''ਜਿਹੜਾ ਵੀ ਹੈ ਖੜਕਾਈ ਜਾਣ ਦੇ ਬੂਹਾ, ਤੂੰ ਉਠੀਂ ਨਾ।'' ਪਰ ਉਹ ਮੰਨਿਆ ਨਹੀਂ। ਜੁਆਨੀ ਦੇ ਜੋਸ਼ 'ਚ ਮੈਨੂੰ ਕਹਿਣ ਲੱਗਾ,''ਭਾ ਇਹ ਪੰਡਤ ਮਿਲਖੀ ਰਾਮ ਦਾ ਘਰ ਐ... ਦੁੱਖ-ਸੁੱਖ ਵੇਲੇ ਜੇ ਕਿਸੇ ਨੇ ਇਸ ਬੂਹੇ 'ਤੇ ਅੱਧੀ ਰਾਤੀਂ ਵੀ ਹਾਕ ਮਾਰੀ ਤਾਂ ਅਗਲਾ ਮੁੜ ਕੇ ਨੀ ਗਿਆ।''... ਬਸ ਜੀ ਰੋਕਦਿਆਂ ਰੋਕਦਿਆਂ ਫੜਾਕ ਜਾ ਕੇ ਬੂਹਾ ਖੋਲ੍ਹ ਤਾਂ...ਮੈਂ ਹਾਲੇ ਕਿਹਾ ਵੀ ਕਿਹਾ, ''ਵਾਜ਼ ਮਾਰ ਕੇ ਪਹਿਲਾਂ ਪੁੱਛੀਂ ਭਾਈ ਕੌਣ ਐਂ... ਕੋਈ ਸੌਦਾ ਪੱਤਾ ਲੈਣਾ ਹੋਊ ਤਾਂ ਦਿਨ ਚੜ੍ਹੇ ਆਵੇ..'' ਪਰ ਕਿੱਥੇ... ਅਗਲਿਆਂ ਸਿੰਨ੍ਹ ਕੇ ਗੋਲ਼ੀਆਂ ਮਾਰੀਆਂ ਤਾਂ ਫੇਰ ਪਿੱਛੇ ਨੂੰ ਦੌੜਿਆ...ਐਥੇ ਆ ਕੇ ਚੌਫਾਲ ਡਿੱਗ ਪਿਆ ਐਥੇ, ਜਿੱਥੇ ਮੈਂ ਖੜ੍ਹਾ ਹਾਂ।

... ਜਿਉਂ ਹੀ ਪਿੰਡ ਪਿੰਡ ਗੋਲੀਆਂ ਨਾਲ ਬੰਦੇ ਮਾਰੇ ਜਾਣ ਲੱਗੇ ਤੇ ਨਾਲ ਹੀ ਚਿੱਠੀਆਂ ਆਉਣ ਲੱਗੀਆਂ ਤਾਂ ਸਾਰਾ ਟੱਬਰ ਮਾਸੜ ਬਾਲ ਮੁਕੰਦ ਕੋਲ ਦਿੱਲੀ ਜਾਣ ਲਈ ਤਿਆਰ ਹੋ ਗਿਆ। ਮੈਂ ਅੜਿਆ ਰਿਹਾ ਤੇ ਉਹ ਮੈਨੂੰ 'ਕੱਲੇ ਨੂੰ ਛੱਡ ਕੇ ਚਲੇ ਗਏ। ਮੇਰਾ ਜਾਣ ਨੂੰ ਮਨ ਈ ਨਹੀਂ ਮੰਨਿਆ। ਜੁਗਲ ਵੀ ਤਾਂ ਬਾਅਦ ਵਿੱਚ ਈ ਆਇਆ, ਉਹਦੀ ਹੋਣੀ ਘੇਰ ਲਿਆਈ। ਉਹਦੀ ਲਾਸ਼ ਦੇਖੀ ਤਾਂ ਮੈਨੂੰ ਪੂਰੇ ਪਰਿਵਾਰ ਦਾ ਖਿਆਲ ਆਇਆ ਪਰ ਦਿੱਲੀਉਂ ਆਉਣਾ ਕਿਹੜਾ ਸੌਖਾ ਸੀ। ਸਵੇਰ ਦਾ ਤੁਰਿਆ ਬੰਦਾ ਤਕਾਲਾਂ ਤੱਕ ਮਸੀਂ ਅਪੜਦਾ। ਫਿਰ ਕੌਣ ਤਾਰਾਂ ਖੜਕਾਉਂਦਾ ਫਿਰਦਾ। ਭੂਆ ਸ਼ਹਿਰ ਬੈਠੀ ਸੀ, ਇਹਨੂੰ ਲਿਆਉਣ ਲਈ ਮੈਂ ਬੰਦਾ ਭੇਜ ਦਿੱਤਾ। ਇਹ ਵੀ 'ਕੱਲੀ ਹੀ ਆਈ ਤੇ ਆਉਂਦੀ ਮੇਰੇ ਗਲ ਲੱਗ ਕੇ ਕੀਰਨੇ ਪਾਉਣ ਲੱਗ ਪਈ। ਚੁੱਪ ਕਰਾਇਆ ਤਾਂ ਦੱਸਣ ਲੱਗੀ, ''ਤੇਰਾ ਫੁੱਫੜ ਤਾਂ ਬੀਮਾਰ ਪਿਆ, ਬਿਹਾਰੀ ਲਾਲ ਲੁੱਦੇਹਾਣੇ ਨੂੰ ਮਾਲ ਲੈਣ ਗਿਆ ਸੀ, ਬਹੂ ਉਂਜ ਆਉਣ ਦੇ ਲੈਕ ਨਹੀਂ ਸੀ...''

ਮੈਂ ਕੁਝ ਨਹੀਂ ਸੀ ਬੋਲਿਆ, ਮੈਨੂੰ ਪਤਾ ਸੀ ਪਈ ਭੈਅ ਚਾਰੇ ਪਾਸੇ ਫੈਲਿਆ ਹੋਇਐ। ਵਿਚਾਰੀ ਭੂਆ ਸੱਚੀ ਸੀ।

ਮੈਂ ਹੁੱਕਾ ਚੁੱਕੀ ਅੰਦਰ ਆ ਗਿਆ। ਭੂਆ ਨੇ ਦੋਨੋਂ ਮੰਜਿਆਂ 'ਚੋਂ ਇੱਕ 'ਤੇ ਰਜਾਈ ਰੱਖੀ ਹੋਈ ਸੀ। ਉਹ ਤਖ਼ਤਾ ਫੜਕੇ ਖੜ੍ਹੀ ਮੇਰੇ ਵੱਲ ਘੂਰ-ਘੂਰ ਦੇਖ ਰਹੀ ਸੀ।

''ਜੇ ਤੂੰ ਮੇਰੀ ਗੱਲ ਮੰਨੇ ਤਾਂ ਇੱਕ ਕੰਮ ਕਰ... ਬਸ ਅੱਜ ਦੀ ਰਾਤ ਕਿਤੇ ਹੋਰ ਜਾ ਕੱਟ, ਮੈਂ ਏਥੇ ਪੈ ਜਾਂਦੀ ਆਂ...। ਕਾਕਾ ਹੁਣ ਏਸ ਪਿੰਡ 'ਚ ਰਹਿਣ ਦਾ ਧਰਮ ਨੀ ਰਿਹਾ... ਏਥੋਂ ਦੀ ਮਿੱਟੀ ਤੁਹਾਡੇ ਲਹੂ ਦੀ ਤਿਹਾਈ ਹੋ ਗਈ ਆ... ਦਿਨ ਚੜ੍ਹਦੇ ਨੂੰ ਇੱਥੋਂ ਤੁਰ ਚੱਲ...'' ਬੋਲਦੀ ਹੋਈ ਉਹ ਮੰਜੇ 'ਤੇ ਬਹਿ ਕੇ ਮੇਰੇ ਵੱਲ ਨੀਝ ਲਾ ਕੇ ਦੇਖਣ ਲੱਗੀ।

''ਭੂਆ... ਇੱਕ ਗੱਲ ਆ ਤੂੰ ਈ ਦੱਸ ਕਿੱਥੇ ਵਗ ਜਾਵਾਂ?... ਦਿੱਲੀ ਦੱਖਣ ਘੁੰਮ ਕੇ ਆ ਈ ਗਿਆ ਸੀ ਜੁਗਲ,... ਹੁਣ ਸਾਰਾ ਟੱਬਰ ਉੱਥੇ ਦਿੱਲੀ ਜਾ ਕੇ ਤੰਬੂ ਲਾਈ ਬੈਠਾ... ਕੀ ਹੱਜ ਐ... ਮੈਂ ਵੀ ਦੇਖ ਕੇ ਆਇਆ ਈ ਸੀ... ਸੌ ਸੌ ਰੁਪਈਏ ਖਾਤਰ ਜਲੂਸ ਕੱਢਦੇ ਫਿਰਦੇ ਸੀ... ਮੰਗ ਖਾਣਿਆਂ ਵਾਂਗ... ਕਾਹਦਾ ਜੀਣਾ ਉਹ... ਫੇਰ ਦੂਜੀ ਗੱਲ, ਉੱਥੋਂ ਦੇ ਲੋਕ ਐਂ ਦੇਖਦੇ ਆ ਜਿੱਦਾਂ ਅਸੀਂ ਕਿਸੇ ਬਾਹਰਲੇ ਦੇਸੋਂ ਕਬਜ਼ਾ ਕਰਨ ਆਏ ਹੋਈਏ... ਫੇਰ ਕੋਈ ਕੰਮ ਨਾ ਕਾਰ, ਉਹਦੇ ਨਾਲੋਂ ਏਥੇ ਆਪਣਾ

ਕੰਮ ਧੰਦਾ ਤਾਂ ਹੈ... ਦੁਕਾਨ 'ਚੋਂ ਕਮਾ ਕੇ ਹਫ਼ਤੇ ਦੇ ਹਫ਼ਤੇ ਚਾਰ ਪੰਜ ਸੌ ਭੇਜਦਾਂ... ਹੁਣ ਦੁਕਾਨ ਨੂੰ ਜਿੰਦਾ ਮਾਰ ਕੇ ਬਹਿ ਰਹੀਏ ਤਾਂ ਖਾਣਾ ਕਿੱਥੋਂ ਆ?'' ਬੋਲਦਾ ਹੋਇਆ ਮੈਂ ਹੁੱਕੇ ਨੂੰ ਇੱਕ ਪਾਸੇ ਰੱਖਦਾ ਹਾਂ।

''ਬੱਚਿਆ ਇਹ ਸਾਰਾ ਕੁਝ ਤਾਂ ਜਾਨ ਨਾਲ ਈ ਐ.. ਹੁਣ ਕੀ ਲੈ ਗਿਆ ਜੁਗਲ, ਪਈ ਆ ਦੁਕਾਨ, ਕੌਣ ਖੋਹਲੂ?'' ਭੂਆ ਬਹੁਤ ਉਦਾਸ 'ਵਾਜ਼ 'ਚ ਕਹਿੰਦੀ ਹੋਈ ਮੇਰੇ ਕੋਲ ਆ ਬੈਠਦੀ ਹੈ। ''ਚਲੋ ਉਹ ਜਾਣੇ... ਮਹੀਨਾ ਖੰਡ ਬਾਹਰ ਰਹਿ ਕੇ ਆ ਜਾਈਂ... ਸ਼ੈਂਤ ਭਗਵਾਨ ਮਿਹਰ ਕਰ ਦੇਵੇ...''

''ਬਈ ਡਰ ਤਾਂ ਮੈਨੂੰ ਵੀ ਲਗਦਾ, ਪਰ ਹੁਣ ਕਰੀਏ ਕੀ, ਭੋਰਾ ਪੁੱਟ ਕੇ ਤਾਂ ਲੁਕਣੋਂ ਰਹੇ... ਨਾਲੇ ਪਿੰਡ ਤਾਂ ਪੂਰਾ ਜਾਨ ਦਿੰਦਾ... ਤੂੰ ਦੇਖ ਈ ਲਿਆ ਸਵੇਰ ਦਾ... ਕਿੰਨਾ ਮੋਹ ਕਰਦੇ ਆ ਗਲੀ-ਗੁਆਂਢ ਵਾਲੇ...''

''ਲੈ ਮੋਹ ਲੈ ਕੇ ਆਇਆ... ਇਹ ਕਾਹਦਾ ਮੋਹ ਆ.. ਜਦ ਪਤਾ ਪਈ ਸਾਡੇ ਨਾਲ ਆਹ ਕੁਛ ਹੋ ਗਿਆ ਤਾਂ ਉਹ ਕਹਿ ਨ੍ਹੀਂ ਸਕਦੇ ਸੀ ਪਈ ਰੱਖਾ ਰਾਮ ਸਾਡੇ ਘਰ ਆ ਪਵੋ... ਸਰਪੰਚ ਕਹਿ ਸਕਦਾ ਸੀ... ਆਹ ਪੱਕੇ ਆਲਿਆਂ ਦਾ ਸ਼ੰਕਰ ਈ ਕਹਿ ਦਿੰਦਾ, ਨਾਲੇ ਬੰਦੂਕ ਰੱਖੀ ਆ ਉਨ੍ਹਾਂ ਕੋਲ ਤਾਂ... ਸਾਡੇ ਭਾਈਏ ਨਾਲ ਇੰਨਾ ਲੈਣ-ਦੇਣ ਸੀ ਇਨ੍ਹਾਂ ਦਾ।... ਇਹ ਮੋਹ-ਮਾਹ ਸਭ ਉੱਤੋਂ ਉੱਤੋਂ ਈ ਆ ਐਵੇਂ ਦਿਖਾਵਾ...''

ਭੂਆ ਦੀਆਂ ਗੱਲਾਂ ਠੀਕ ਹਨ। ਪੰਦਰਾਂ ਕੁ ਦਿਨ ਪਹਿਲਾਂ ਦੀ ਗੱਲ ਲੈ ਲਓ। ਪਿੰਡੋਂ ਬਾਹਰ ਪੱਕੀ ਸੜਕ 'ਤੇ ਰਹਿੰਦੇ ਮਨਸਾ ਰਾਮ ਹੁਰਾਂ ਨੂੰ ਸਰਪੰਚ ਰੋਜ਼ ਈ ਕਿਹਾ ਕਰੇ ਕਿ ਡਰਨ ਦੀ ਲੋੜ ਨਈਂ, ਕਿਸੇ ਤਰ੍ਹਾਂ ਦੀ ਲੋੜ ਹੋਵੇ ਅਸੀਂ ਹੈਗੇ ਆਂ। ਜਿਸ ਦਿਨ ਉਨ੍ਹਾਂ ਨੂੰ ਧਮਕੀ ਵਾਲੀ ਚਿੱਠੀ ਆਈ ਤਾਂ ਉਹ ਸਾਰਾ ਟੱਬਰ ਰਾਤ ਨੂੰ ਸਰਪੰਚ ਦੇ ਘਰ ਨੂੰ ਚੱਲ ਪਿਆ। ਸਰਪੰਚ ਵੀ ਘਰ ਸੀ ਤੇ ਉਹਦੇ ਮੁੰਡੇ ਵੀ ਪਰ ਸਰਪੰਚਣੀ ਨੇ ਦਰਾਂ ਦਾ ਕੁੰਡਾ ਈ ਨਹੀਂ ਖੋਲ੍ਹਿਆ। ਕਹਿਣ ਲੱਗੀ ਕਿ ਘਰ ਹੈਨੀ ਕੋਈ ਵੀ। ਮਨਸਾ ਰਾਮ ਨੇ ਝੀਥਾਂ 'ਚੋਂ ਅੰਦਰ ਸਾਰਾ ਕੁਝ ਦੇਖ ਲਿਆ ਸੀ। ਉਹ ਸਰਪੰਚਣੀ ਨੂੰ ਕਹਿਣ ਲੱਗਾ,''ਚਾਚੀ ਇਹ ਕੁੰਡਾ ਦਰਾਂ ਨੂੰ ਈ ਲੱਗਾ ਰਹਿਣ ਦੇਈਂ, ਇਹ ਮਨ ਨੂੰ ਨਹੀਂ ਲੱਗਣਾ ਚਾਹੀਦਾ...'' ਮੈਂ ਇਹ ਗੱਲ ਮਨ ਵਿੱਚ ਹੀ ਆਪਣੇ ਆਪ ਨਾਲ ਕਰਦਾ ਹੋਇਆ ਭੂਆ ਵੱਲ ਵੇਖਦਾ ਹੋਇਆ ਉਹਦੀਆਂ ਕਹੀਆਂ ਗੱਲਾਂ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹਾਂ।

''ਸਭ ਆਪਣੀ ਆਪਣੀ ਜਾਨ ਲਕੋਂਦੇ ਫਿਰਦੇ ਆ... ਜਿੰਨਾ ਕੁ ਹੋ ਸਕਦਾ, ਆਂਢ-ਗੁਆਂਢ ਕਰਦਾ ਈ ਆ...'' ਮੇਰੇ ਮੂੰਹੋਂ ਬਹੁਤਾ ਕੁਝ ਨਹੀਂ ਆਖਿਆ ਜਾਂਦਾ। ਹੁਣ ਮੈਂ ਕਿਹੜੀ ਕਿਹੜੀ ਗੱਲ ਭੂਆ ਨੂੰ ਦੱਸਾਂ? ਲੋਕਾਂ ਦੀ ਕਿਤੇ ਇੱਕ ਪਰਤ ਆ, ਇਹ ਤਾਂ ਸਮੁੰਦਰ ਵਾਂਗ ਡੂੰਘੇ ਆ, ਕੋਈ ਥਾਹ ਨਹੀਂ ਇਨ੍ਹਾਂ ਦੀ। ਹੁਣ ਸਵੇਰ ਦੀ ਗੱਲ ਈ ਲਓ, ਜਦੋਂ ਅਗਲੇ ਜੁਗਲ ਨੂੰ ਮਾਰ ਕੇ ਸੁੱਟ ਗਏ ਤਾਂ ਥੋੜ੍ਹੇ ਚਿਰ ਮਗਰੋਂ ਮੈਂ ਬਾਹਰ ਨਿਕਲਿਆ। ਆਲੇ-ਦੁਆਲੇ ਚੁੱਪ ਚਾਂ ਸੀ, ਨਹੀਂ ਗੋਲੀ ਚੱਲੀ ਹੋਵੇ ਤਾਂ ਕਿਤੇ ਖਬਰ ਨੀ ਹੁੰਦੀ? ਜਦੋਂ ਮੈਂ ਬੀਹੀ ਵਿੱਚ ਕੂਕਾਂ ਮਾਰੀਆਂ ਤਾਂ ਕਿਤੇ ਬਾਹਰ ਨਿਕਲੇ... ਉਹ ਵੀ ਅੱਖਾਂ ਮਲਦੇ ਹੋਏ, ਜਿੱਦਾਂ ਕਿਤੇ ਅੱਧੀ ਰਾਤ ਹੁੰਦੀ ਆ...''

''ਮੈਂ ਘੜੀ ਕੁ ਪਹਿਲਾਂ ਅਜੇ ਬਾਹਰੋਂ ਹੋ ਕੇ ਮੁੜਿਆਂ, ਮੈਂ ਤਾਂ 'ਵਾਜ਼ ਨੀ ਸੁਣੀ... ਕਿਸੇ ਦੀ ਬਿੜਕ ਵੀ ਨੀ ਆਈ... ਆਹ ਤਾਂ ਹੱਦ ਈ ਹੋ ਗਈ..'' ਸਾਡੇ ਘਰ ਤੋਂ ਦਸ ਕੁ ਕਦਮ ਪਰ੍ਹੇ ਰਹਿੰਦਾ ਭਜਨ ਸਿੰਘ ਬੀਹੀ 'ਚ ਆ ਕੇ ਬੋਲਿਆ ਸੀ।

''ਬਈ, ਉਨ੍ਹਾਂ ਕੋਲ ਹਥਿਆਰ ਈ ਐਹੇ ਜੇ ਆ ਕਿ 'ਵਾਜ਼ ਈ ਨੀ ਨਿਕਲਦੀ'' ਇੱਕ ਹੋਰ ਨੇ ਕਿਹਾ।

ਮੈਂ ਸਰਪੰਚ ਦੀ ਗੱਲ ਦੱਸਦਾਂ। ਛੋਟਾ ਮੁੰਡਾ ਥਾਣੇ ਨੂੰ ਸਕੂਟਰ ਦੇ ਕੇ ਤੋਰ ਦਿੱਤਾ ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ, ਕਹਿੰਦਾ, ''ਰੱਖਾ ਰਾਮ ਕਿਸੇ ਬੰਦੇ ਨੂੰ ਪਛਾਣਿਆ? ਜਿਹੜਾ ਵੀ ਸੀ ਓਸ 'ਤੇ ਉਂਗਲੀ ਰੱਖ...ਤੈਨੂੰ ਖੁੱਲ੍ਹੀ ਛੁੱਟੀ ਆ, ਪਤਾ ਲੱਗਾ ਕਿ ਬੰਦੇ ਪਿੰਡ 'ਚੋਂ ਸੀ...''

''ਨਈਂ ਚਾਚਾ ਜੀ, ਮੈਂ ਤਾਂ ਡਰਦਾ ਸਗੋਂ ਦੁਕਾਨ 'ਚ ਬੋਰੀਆਂ ਹੇਠ ਜਾ ਲੁਕਿਆ, ਮੈਂ ਨੀ ਕੋਈ ਬੰਦਾ ਦੇਖਿਆ, ਐਵੇਂ ਝੂਠ ਆਖਾਂ...''

''ਨਾ ਫੇਰ ਵੀ ਸੋਚ ਲੈ...ਉਹ ਕੰਨ ਵੱਢਿਆਂ ਦਾ ਮੁੰਡਾ ਤਾਂ ਨਹੀਂ ਸੀ... ਐਤਕੀਂ ਟੂਰਨਾਮੈਂਟ 'ਤੇ ਜੁਗਲ ਨਾਲ ਫਸ ਵੀ ਤਾਂ ਪਿਆ ਸੀ...ਬੜੀਆਂ ਧਮਕੀਆਂ ਦਿੰਦਾ ਸੀ...ਤੈਨੂੰ ਭੁੱਲ ਗਈ ਉਹ ਗੱਲ...?'' ਸਰਪੰਚ ਹੌਲੀ ਹੌਲੀ ਕਹਿ ਰਿਹਾ ਸੀ ਤਾਂ ਮੈਂ ਤ੍ਰਬਕ ਕੇ ਉਹਦੇ ਵੱਲ ਦੇਖਿਆ।

''ਪਰ ਚਾਚਾ ਜੀ, ਤੁਹਾਡੀ ਲੜਕੀ ਨਾਲ ਕੰਨ ਵੱਢਿਆਂ ਦੇ ਮੁੰਡੇ ਦੀ ਗੱਲ ਤਾਂ ਓਸ ਤੋਂ ਕਿਤੇ ਵੱਡੀ ਸੀ...'' ਰੋਕਦਿਆਂ ਰੋਕਦਿਆਂ ਵੀ ਮੇਰੇ ਕੋਲੋਂ ਆਖਿਆ ਗਿਆ ਸੀ।

ਇਹ ਗੱਲ ਤਾਂ ਠੀਕ ਸੀ ਕਿ ਚਲੋ ਮਹੀਨਾ ਪਹਿਲਾਂ ਪਿੰਡ 'ਚ ਟੂਰਨਾਮੈਂਟ ਵੇਲੇ ਕਬੱਡੀ ਦਾ ਮੈਚ ਖੇਡਦਿਆਂ ਜੁਗਲ ਨਾਲ ਕੰਨ ਵੱਢਿਆਂ ਦੇ ਮੁੰਡੇ ਦੀ ਤੂੰ-ਤੂੰ, ਮੈਂ-ਮੈਂ ਹੋ ਗਈ ਸੀ। ਉਹ ਕਿਹੜੀ ਕੋਈ ਐਡੀ ਗੱਲ ਸੀ! ਨਾਲੇ ਜੁਗਲ ਕਿਹੜਾ ਘੱਟ ਸੀ। ਸਾਹ ਪਾਉਣ ਗਿਆ ਤਾਂ ਜਾਂਦੇ ਨੇ ਮੁੰਡੇ ਦੇ ਐਸੀ ਧੌਲ ਮਾਰੀ ਕਿ ਮੁੰਡਾ ਚਾਰ ਕਲਾਬਾਜ਼ੀਆਂ ਖਾ ਕੇ ਡਿੱਗਿਆ, ਦੂਜੀ ਵਾਰੀ ਗਿਆ ਤਾਂ ਇੱਕ ਹੋਰ ਦੀ ਚੱਪਣੀ ਕੱਢ ਆਇਆ। ਕਿਤੇ ਉਹਦੇ ਵਿੱਚ ਜ਼ੋਰ ਸੀ...ਬਾਊਂਡਰੀ ਲਾਈਨ ਤੋਂ ਕੈਂਚੀ ਮਾਰੀ ਮੁੰਡੇ ਨੂੰ ਹੰਧਿਆਂ ਤਕ ਘਸੀਟ ਕੇ ਲੈ ਆਇਆ। ਦੇਖਣ ਵਾਲੇ ਤਾਂ ਅਸ਼ ਅਸ਼ ਕਰ ਉੱਠੇ ਤੇ ਕਈਆਂ ਨੇ ਨੋਟ ਜਾ ਵਾਰੇ। ਇਸ ਸਾੜੇ 'ਚ ਕੰਨ ਵੱਢਿਆਂ ਦਾ ਮੁੰਡਾ ਝਗੜ ਪਿਆ। ਘਰ ਆਏ ਜੁਗਲ ਨੂੰ ਮੈਂ ਸਮਝਾਇਆ ਕਿ ਜ਼ਿਮੀਂਦਾਰਾਂ ਦੇ ਮੁੰਡਿਆਂ ਨਾਲ ਆਹਢੇ ਨਾ ਲਿਆ ਕਰੇ ਤਾਂ ਅੱਗੋਂ ਮੈਨੂੰ ਕਹਿੰਦਾ,''ਭਾ, ਇਹ ਤਾਂ ਸੜਦੇ ਆ ਪਈ ਪੰਡਤਾਂ ਦੇ ਮੁੰਡੇ 'ਚ ਐਨਾ ਜ਼ੋਰ ਕਿੱਥੋਂ ਆ ਗਿਆ।...ਬਈ ਦੱਸੋ ਇਹ ਜ਼ੋਰ ਤੁਹਾਡਾ ਬੈਅ ਕਰਾਇਆ ਜਿਹੜਾ ਕਿਸੇ ਹੋਰ 'ਚ ਨੀ ਜਾ ਸਕਦਾ, ਇਹ ਤਾਂ ਰੱਬੀ ਦਾਤ ਆ...''

ਜੁਗਲ ਨਹੀਂ ਸੀ ਪ੍ਰਵਾਹ ਕਰਦਾ। ਪੱਕੀ ਸੜਕ 'ਤੇ ਕੱਪੜੇ ਦੀ ਦੁਕਾਨ ਕਰਦਾ ਸੀ। ਮੈਂ ਕਹਿਣਾ ਜੁਗਲਾ ਦਿਨ ਭੈੜੇ ਆ...ਸੂਰਜ ਛਿਪਦੇ ਨਾਲ ਦੁਕਾਨ ਵੱਡੀ ਕਰਕੇ ਆ ਜਾਇਆ ਕਰ...ਅੱਗੋਂ ਬੋਲਿਆ ਕਰੇ,''ਭਾ, ਮਰਨਾ ਤਾਂ ਇੱਕੋ ਦਿਨ ਆ...ਫੇ' ਕੀ ਪ੍ਰਵਾਹ- ਕੰਮ ਤਾਂ ਰੂਹ ਨਾਲ ਕਰੋ...ਮੌਤ ਤੋਂ ਡਰਦੇ ਐਵੇਂ ਸਾਹ ਸੁਕਾਈ ਰੱਖੋ...ਆਪਾਂ ਤਾਂ ਏਹੀ ਸੋਚ ਕੇ ਆ ਗਏ...'' ਉਹਨੇ ਭੈਅ ਨਹੀਂ ਖਾਧਾ ਤੇ ਮਰਜ਼ੀ ਨਾਲ ਦੁਕਾਨ ਬੰਦ ਕਰਕੇ ਆਉਂਦਾ। ਪਿੰਡ ਵਾਲੇ ਉਹਦੇ ਨਾਲ ਮੋਹ ਵੀ ਬਥੇਰਾ ਕਰਦੇ ਸੀ। ਜਦੋਂ ਟੂਰਨਾਮੈਂਟ ਆਉਣਾ, ਲੋਕਾਂ ਨੇ ਮਹੀਨਾ ਭਰ ਪਹਿਲਾਂ ਹੀ ਕਹਿਣਾ ਸ਼ੁਰੂ ਦੇਣਾ,''ਬਈ ਜੁਗਲ ਕੁਮਾਰ ਤੇਲ-ਤੂਲ ਮਲ ਲੈ, ਆਪਾਂ ਤਾਂ ਤੇਰੀ ਕੌਡੀ ਦੇਖਣੀ ਆ।'' ਇਹੋ ਜਿਹੀਆਂ ਤਾਂ ਉਹਦੀਆਂ ਗੱਲਾਂ ਸਨ ਤੇ ਸਰਪੰਚ ਕਹਿੰਦਾ ਧਮਕੀ ਦਿੱਤੀ ਸੀ ਉਹਨੂੰ। ਯਾਰੋ, ਉਹ ਕੋਈ ਇੱਦਾਂ ਦੀਆਂ ਧਮਕੀਆਂ ਕੋਲੋਂ ਡਰਦਾ ਸੀ...ਤੇ ਨਾਲੇ ਕੋਈ ਇਸ ਤਰ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਬਦਲੇ ਜਾਨ ਲੈਣ ਦੀ ਕਿੱਦਾਂ ਸੋਚ ਲਏਗਾ।

ਜਦੋਂ ਪੁਲੀਸ ਆਈ ਤਾਂ ਥਾਣੇਦਾਰ ਮੁੜ-ਮੁੜ ਇਹੀ ਆਖੀ ਜਾਵੇ,''ਪੰਡਤ ਜੀ ਤੁਸੀਂ ਸੱਚ ਆਖੋ ਚਾਹੇ ਨਾ, ਬੰਦੇ ਤੁਸੀਂ ਪਛਾਣੇ ਆਂ, ਤੁਸੀਂ ਪੁਲਸ ਦਾ ਸਾਥ ਦਿਓ ਤੇ ਡਰੋ ਨਾ।'' ਪਰ ਮੈਂ ਸਾਫ ਨਾਂਹ ਕਰੀ ਗਿਆ। ਅਖੀਰ ਮੈਨੂੰ ਕੋਲ ਬਿਠਾ ਕੇ ਕਹਿੰਦਾ,''ਦੇਖੋ, ਤੁਸੀਂ ਹਿੰਦੂ ਭਰਾ ਓਂ, ਤੁਹਾਡੀ ਮਦਦ ਤਾਂ ਮੈਂ ਸੱਤ ਵਲ ਪਾ ਕੇ ਵੀ ਕਰਨੀ ਆਪਣਾ ਧਰਮ ਸਮਝਦਾਂ...ਇੱਥੇ ਪਿੰਡ 'ਚ ਰਹਿਣਾ ਹੈ ਤਾਂ ਗਾਰਦ ਲੁਆ ਲਓ...ਲਿਆਓ ਹਜ਼ਾਰ ਰੁਪਈਆ ਤੇ ਘੋੜੇ ਵੇਚ ਕੇ ਸੌਂਇਆ ਕਰੋ...ਸਿਪਾਹੀ ਥਰੀ ਨਟ ਥਰੀ ਦੀ ਬੰਦੂਕ ਲੈ ਕੇ ਬੂਹੇ 'ਤੇ ਬੈਠੂ...ਕਿਉਂ ਕੀ ਕਹਿੰਦੇ?'' ਕਹਿ ਕੇ ਉਹਨੇ ਮੇਰਾ ਮੋਢਾ ਥਾਪੜਿਆ। ਉਹ ਵੀ ਸਰਪੰਚ ਦਾ ਸਿਖਾਇਆ ਬੋਲ ਰਿਹਾ ਸੀ।

ਮੈਂ ਹੁਣ ਉਹਨੂੰ ਕੀ ਦੱਸਦਾ? ਉਹਦੇ ਹੀ ਭਰਾ ਨੇ ਸੀ.ਆਰ.ਪੀ. ਵਾਲੇ। ਪੰਜਵੇਂ-ਚੌਥੇ ਦਿਨ ਜੀਪ ਲੈ ਕੇ ਆ ਜਾਂਦੇ ਆ। ਕਈ ਵਾਰੀ ਚਾਹ-ਪਾਣੀ ਲਈ ਪੈਸੇ ਲੈ ਕੇ ਗਏ ਨੇ। ਸਾਡੇ ਕੋਲੋਂ ਤਾਂ ਏਸ ਬਹਾਨੇ ਖਾਂਦੇ ਆ ਕਿ ਤੁਹਾਡੀ ਰਾਖੀ ਕਰਦੇ ਆਂ ਤੇ ਪਿੰਡ ’ਚੋਂ ਦੂਜੇ ਢੰਗ ਨਾਲ ਖਾਂਦੇ ਆ...ਰੋਜ਼ ਦੋ-ਤਿੰਨ ਮੁੰਡੇ ਫੜ ਕੇ ਲੈ ਜਾਂਦੇ ਨੇ ਤੇ ਪੈਸੇ ਲੈ ਕੇ ਛੱਡ ਦਿੰਦੇ ਨੇ। ਲੋਕਾਂ ਦਾ ਤਾਂ ਉਂਜ ਲਹੂ ਸੁੱਕਿਆ ਪਿਐ ਤੇ ਇਹ ਆਪਣੀਆਂ ਜੇਬਾਂ ਭਰਨ ’ਤੇ ਹੋਏ ਨੇ।- ਪਿੰਡ ਹੁੰਦਿਆਂ ਤਾਂ ਥਾਣੇਦਾਰ ਦੀ ਕੋਈ ਚੱਲੀ ਨਾ ਪਰ ਸ਼ਹਿਰ ਹਸਪਤਾਲ ਜਾ ਕੇ ਖਰਾਬ ਕੀਤਾ। ਡਾਕਟਰ ਨੂੰ ਕਾਗਜ਼ ਪੱਤਰ ਹੀ ਨਾ ਦੇਵੇ। ਮੈਂ ਕਈ ਗੇੜੇ ਮਾਰੇ, ਅਖੀਰ ਪੂਰਨ ਫੌਜੀ ਨੇ ਗੱਲ ਕੀਤੀ ਤਾਂ ਕਹਿੰਦਾ,‘‘ਮੈਨੂੰ ਤਾਂ ਇਉਂ ਲੱਗਦਾ ਜਿਵੇਂ ਨਿੱਜੀ ਦੁਸ਼ਮਣੀ ਦਾ ਮਾਮਲਾ ਹੋਵੇ...ਰੱਖਾ ਰਾਮ ਦਾ ਕਿਹੜਾ ਉਹ ਸਕਾ ਭਰਾ ਸੀ...ਕੋਈ ਵੀ ਲਾਲਚ ਹੋ ਸਕਦੈ!’’- ਉਹ ਗੱਲ ਵਿਗਾੜਨ ’ਤੇ ਤੁਲਿਆ ਹੋਇਆ ਸੀ ਪਰ ਪੂਰਨ ਫੌਜੀ ਨੇ ਉਹਦੀਆਂ ਅੱਖਾਂ ਵਿਚਲਾ ਰੰਗ ਦੇਖ ਕੇ ਜੇਬ ’ਚੋਂ ਨੋਟ ਕੱਢੇ ਤੇ ਉਹਦੀ ਜੇਬ ਵਿੱਚ ਪਾ ਦਿੱਤੇ। ਇਸ ਮਗਰੋਂ ਸਾਰਾ ਕੰਮ ਘੜੀਆਂ ਪਲਾਂ ਵਿੱਚ ਹੀ ਹੋ ਗਿਆ।

ਪੂਰਨ ਫੌਜੀ ਨੇ ਕਿਤੇ ਥੋੜ੍ਹੀ ਭੱਜ-ਨੱਠ ਕੀਤੀ! ਪਹਿਲਾਂ ਸਵੇਰੇ ਝੱਟ ਆਪਣਾ ਫੋਰ-ਵੀਲ੍ਹਰ ਲੈ ਕੇ ਗਿਆ। ਜਰਨੈਲ ਸਕੂਟਰੀ ਚੁੱਕੀ ਫਿਰਦਾ ਰਿਹਾ ਤੇ ਮੈਨੂੰ ਕਹਿਣ ਲੱਗਿਆ,‘‘ਭਾਈ ਸੁੱਖਾ ਸਿਆਂ ਤੂੰ ਚੁੱਪ ਕਰਕੇ ਘਾਹ ’ਤੇ ਧੁੱਪੇ ਬੈਠ, ਅਸੀਂ ਹੈਗੇ ਆਂ ਜੁਗਲ ਦੀ ਲੋਥ ਕੋਲ।’’

ਜਰਨੈਲ ਹਮੇਸ਼ਾ ਮੈਨੂੰ ‘‘ਸੁੱਖਾ ਸਿੰਘ’’ ਕਹਿ ਕੇ ਬੁਲਾਉਂਦਾ ਹੈ। ਅਸੀਂ ’ਕੱਠਿਆਂ ਨੇ ਸਕੂਲ ਪੜ੍ਹਦਿਆਂ ਤੇ ਟੋਭੇ ’ਤੇ ਨਹਾਉਂਦਿਆਂ ਬਚਪਨ ਬਿਤਾਇਆ। ਖਿੱਚ-ਧੂਹ ਕੇ ਨੌਂ ਪਾਸ ਕੀਤੀਆਂ ਤਾਂ ’ਕੱਠਿਆਂ ਨੇ ਹੀ। ਨੌਵੀਂ ਪੜ੍ਹਦਿਆਂ ਹੀ ਤਾਂ ਮੇਰਾ ਨਾਂ ਸੁੱਖਾ ਸਿੰਘ ਤੇ ਜਰਨੈਲ ਦਾ ਮੁੱਖਾ ਸਿੰਘ ਕਰਕੇ ਪੱਕਾ ਸੀ, ਜਦੋਂ ਦਾ ਅਸੀਂ ਡਰਾਮਾ ਖੇਡਿਆ ਸੀ ‘ਦੋ ਭਰਾ’। ਓਸ ਡਰਾਮੇ ਦੀ ਕਹਾਣੀ ਤਾਂ ਹੁਣ ਤਾਈਂ ਵੀ ਇੰਨ ਬਿੰਨ ਯਾਦ ਐ। ਉਦੋਂ ਦੇਸ਼ ਦੋ ਟੁਕੜਿਆਂ ਵਿੱਚ ਨਵਾਂ ਨਵਾਂ ਵੰਡਿਆ ਗਿਆ ਸੀ। ਵਿਛੜੇ ਲੋਕਾਂ ਦਾ ਬੜਾ ਵਿਗੋਚਾ ਸੀ। ਸਾਡੇ ਪੰਜਾਬੀ ਵਾਲੇ ਮਾਸਟਰ ਨੇ ਵਿਗੋਚੇ ’ਚੋਂ ਪੈਦਾ ਹੋਏ ਦਰਦ ਨਾਲ ਭਰਿਆ ਡਰਾਮਾ ਲਿਖ ਕੇ ਖਿਡਾਇਆ। ਡਰਾਮੇ ਵਿੱਚ ਇੱਕ ਮੁਸਲਮਾਨ ਟੱਬਰ ਪਿੰਡ ’ਚ ਲੁਕਿਆ ਬੈਠਾ ਹੈ। ਬਾਹਰ ਦੰਗੇ-ਫਸਾਦ ਹੋ ਰਹੇ ਨੇ,ਪਿੰਡ ਦੇ ਕਈ ਜਣੇ ਕਹਿੰਦੇ ਨੇ ਕਿ ਇਨ੍ਹਾਂ ਨੂੰ ਵੱਢ-ਟੁੱਕ ਕੇ ਨਹਿਰ ਵਿੱਚ ਰੋੜ੍ਹ ਦਿਓ ਪਰ ਕਿਰਪਾਨਾਂ ਧੂਹੀ ਖੜ੍ਹੇ ਦੋ ਭਰਾ ਸੁੱਖਾ ਸਿੰਘ ਤੇ ਮੁੱਖਾ ਸਿੰਘ ਮੁਸਲਮਾਨ ਟੱਬਰ ਦੀ ਰੱਖਿਆ ਕਰਦੇ ਹਨ। ਮੁੱਖਾ ਸਿੰਘ ਰੱਖਿਆ ਕਰਦਾ ਜ਼ਖ਼ਮੀ ਹੋ ਜਾਂਦਾ ਹੈ ਪਰ ਸੁੱਖਾ ਸਿੰਘ ਟੱਬਰ ਨੂੰ ਬਚਾ ਕੇ ਇੱਕ ਕੈਂਪ ਤਕ ਪਹੁੰਚਾਉਂਦਾ ਹੈ। ਮੁੱਖਾ ਸਿੰਘ ਜਰਨੈਲ ਬਣਿਆ ਸੀ ਤੇ ਸੁੱਖਾ ਸਿੰਘ ਮੈਂ। ਕਈ ਮਹੀਨੇ ਸਕੂਲ ਵਿੱਚ ਮੁੰਡੇ ਸਾਨੂੰ ਛੇੜਦੇ ਰਹੇ ਸਨ ‘ਮੁੱਖਾ ਸੁੱਖਾ ਸਕੇ ਭਰਾ, ਰਾਤ ਨੂੰ ਖਾਂਦੇ ਪੂੜੀਆਂ ਕੜਾਹ’। ‘ਦੋ ਭਰਾ’ ਡਰਾਮੇ ਤੋਂ ਬਾਅਦ ਅਸੀਂ ਹਮੇਸ਼ਾ ’ਕੱਠੇ ਬਹਿੰਦੇ ਉਠਦੇ। ਬਾਪੂ ਨੂੰ ਪਤਾ ਲੱਗਿਆ ਤਾਂ ਛਿੱਤਰ ਲਾਹ ਕੇ ਮੇਰੇ ਦੁਆਲੇ ਹੋ ਗਿਆ‘‘ ਤੈਂ ਤਾਂ ਜਨਮ ਗਾਲ੍ਹ ’ਤਾ, ਕੁਜਾਤ ਨਾਲ ਘੁੰਮਦਾ ਫਿਰਦਾਂ, ਤੇਰਾ ਸੱਤਿਆਨਾਸ...’’

‘‘ਮੈਂ ਤਾਂ ਉਹਦੇ ਨਾਲ ਈ ਰਹੂੰ...ਉਨ੍ਹਾਂ ਦੇ ਘਰ ਈ ਰੋਟੀ ਖਾਊਂ, ਰੋਕੋ ਤੁਸੀਂ...ਮੈਂ ਪੜ੍ਹਨਾ ਈ ਨਈਂ...’’ ਤੇ ਮੈਂ ਜ਼ਿੱਦ ਵਿੱਚ ਹੀ ਸਕੂਲ ਜਾਣਾ ਛੱਡ ਦਿੱਤਾ ਸੀ। ਮੇਰੀ ਰੀਸੇ ਹੀ ਜਰਨੈਲ ਵੀ ਸਕੂਲੋਂ ਹਟ ਗਿਆ। ਸਾਡੀ ਦੋਸਤੀ ਕੋਈ ਤੋੜ ਨਾ ਸਕਿਆ। ਜਰਨੈਲ ਲਈ ਮੈਂ ਸੁੱਖਾ ਸਿੰਘ ਹੀ ਰਿਹਾ।

‘ਸੁੱਖਾ ਸਿੰਘ!’...ਯਾਦ ਕਰਕੇ ਮੈਂ ਹਉਕਾ ਭਰਦਾ ਹਾਂ। ਇਉਂ ਲੱਗਦਾ ਹੈ ਜਿਵੇਂ ਹੁਣ ਸੁੱਖਾ ਸਿੰਘ ਵੀ ਜ਼ਖ਼ਮੀ ਹੋ ਕੇ ਡਿੱਗ ਪਿਆ ਹੋਵੇ। ਮੇਰੇ ਅੰਦਰੋਂ ਹੂਕ ਜਿਹੀ ਉਠਦੀ ਹੈ ਕਿ ਉਹ ਮੁੱਖਾ ਸਿੰਘ ਬਣ ਕੇ ਖੜ੍ਹਾ ਹੈ ਪਰ ਮਨ ਬੁੱਸਿਆ ਪਿਆ ਸੀ, ਅੰਦਰੋਂ ਬੁਝ ਜਿਹਾ ਗਿਆ ਹੈ। ਆਪਣੀ ਰੱਖਿਆ ਤਾਂ ਹਮੇਸ਼ਾ ਅੰਦਰਲੇ ਵਿਸ਼ਵਾਸ ਦੇ ਸਹਾਰੇ ਕੀਤੀ ਜਾਂਦੀ ਹੈ ਤੇ ਵਿਸ਼ਵਾਸ

ਹਮੇਸ਼ਾ ਹੁੰਗਾਰੇ ਨਾਲ ਹੁੰਦਾ ਹੈ। ਹੁਣ ਏਥੇ ਤਾਂ ਹਾਲਤ ਹੀ ਹੋਰ ਹੈ, ਨਾ ਤਾਂ ਦੁਸ਼ਮਣ ਦਾ ਚਿਹਰਾ ਈ ਸਾਹਮਣੇ ਹੈ ਤੇ ਨਾ ਕਿਸੇ ਹੁੰਗਾਰੇ ਦਾ ਸਾਥ ਹੈ। ਇਸੇ ਕਰਕੇ ਲੱਗਦਾ ਹੈ ਕੁੰਡਾ ਦਰਾਂ ਨੂੰ ਲੱਗਣ ਤੋਂ ਬਾਅਦ ਹੁਣ ਕਿਤੇ ਅਗਾਂਹ ਵੱਲ ਵਧ ਰਿਹਾ ਹੈ।

ਬਾਹਰ ਬੀਹੀ ਵਾਲਾ ਦਰ ਹੌਲੀ ਹੌਲੀ ਖੜਕਿਆ। ਮੈਂ ਤੇ ਭੂਆ ਇਕਦਮ ਤ੍ਰਬਕੇ। ਭੂਆ ਅੱਖਾਂ ਅੱਡੀ ਮੇਰੇ ਵੱਲ ਦੇਖਦੀ ਉਠ ਕੇ ਖੜ੍ਹੀ ਹੋ ਗਈ।

''ਮੈਂ ਤੈਨੂੰ ਕਹਿੰਦੀ ਸੀ ਨਾ, ਪਈ ਉਠ ਜਾ, ਉਠ ਜਾ...ਹੁਣ ਦੱਸ, ਬੱਤੀ ਬੰਦ ਕਰ ਦਿਆਂ?'' ਉਹ ਘਬਰਾਈ ਹੋਈ ਬਾਹਰ ਹਨੇਰੇ ਵਿੱਚ ਦੇਖੀ ਜਾਂਦੀ ਹੈ।

ਮੈਂ ਵੀ ਘਬਰਾ ਕੇ ਬਾਹਰ ਵੱਲ ਦੇਖਦਾ ਹਾਂ। ਉਠਦਾ ਹੋਇਆ ਮੂੰਹ ਵਿੱਚ ਹੀ ਕਹਿੰਦਾ ਹਾਂ,''ਕੌਣ ਹੋਊ?''

''ਤੂੰ ਛੇਤੀ ਦੇਣ ਉਧਰ ਦੁਕਾਨ ਵਿੱਚ ਬੋਰੀਆਂ 'ਚ ਜਾ ਲੁਕ... ਜਾਂ ਡਰੰਮ ਵਿੱਚ ਵੜ ਜਾ...'' ਭੂਆ ਹੜਬੜਾ ਕੇ ਕਹਿੰਦੀ ਹੈ। ''ਦੇਖ ਤੈਨੂੰ 'ਵਾਜ਼ ਮਾਰੀ ਆ, ਉਹ ਤਾਂ ਬੂਹਾ ਭੰਨੀ ਜਾਂਦੇ ਆ...''

ਮੈਂ ਦਰਾਂ ਪਿੱਛੇ ਖੜ੍ਹਾ ਕੰਨ ਬਾਹਰ ਵੱਲ ਲਾਉਂਦਾ ਹਾਂ। ਭੂਆ ਬਾਹਰ ਨਿਕਲ ਗਈ ਹੈ। ''ਹਰੇ ਰਾਮ...ਹਰੇ ਰਾਮ...ਮਿਹਰ ਕਰ ਬੰਸੀ ਵਾਲੇ...ਮਿਹਰ ਕਰ...'' ਰੁਕ ਰੁਕ ਬੋਲਦੀ ਹੋਈ ਉਹ ਤੁਰਦੀ ਜਾਂਦੀ ਹੈ।

''ਕੌਣ ਐਂ ਭਾਈ ਐਸ ਵੇਲੇ?'' ਭੂਆ ਪੁੱਛਦੀ ਹੈ।

''ਬੂਹਾ ਤਾਂ ਖੋਲ੍ਹੋ...ਸੌਂ ਵੀ ਗਏ ਤੁਸੀਂ?'' ਮੱਧਮ ਜਿਹੀ 'ਵਾਜ਼ ਸੁਣਦੀ ਹੈ।

ਕੁੰਡਾ ਖੜਕਣ ਦੀ 'ਵਾਜ਼ ਆਉਂਦੀ ਹੈ। ਮੈਂ ਦੌੜ ਕੇ ਦੁਕਾਨ ਵੱਲ ਖੁੱਲ੍ਹਦੇ ਬੂਹੇ ਵਿੱਚ ਦੀ ਅੰਦਰ ਬੋਰੀਆਂ ਵਿੱਚ ਜਾ ਲੁਕਦਾ ਹਾਂ। ਕੋਈ ਆ ਰਿਹਾ ਹੈ, ਭੂਆ ਬੋਲ ਰਹੀ ਹੈ, ''ਉਹ ਤਾਂ...ਉਹ ਤਾਂ ਹੈਨੀ ਅੰਦਰ ਭਰਾਵਾ, ਮੈਂ 'ਕੱਲੀ ਆਂ ਘਰ ਵਿੱਚ...''

''ਲੈ ਦੱਸ ਤਾਂ ਭਲਾ, ਤੈਨੂੰ 'ਕੱਲੀ ਨੂੰ ਛੱਡ ਕੇ ਆਪ ਕਿੱਥੇ ਚਲਾ ਗਿਆ? ਚੰਗਾ ਸੁੱਖਾ ਸਿੰਘ ਆ ਬਈ...ਲਿਆ ਰਜਾਈ ਦੇ, ਮੈਂ ਤਾਂ ਏਥੇ ਪੈਣ ਆਇਆਂ ਤੁਹਾਡੇ ਕੋਲ...ਐਹੋ ਜੇ ਟੈਮ 'ਚ 'ਕੱਲਿਆਂ ਕਿਤੇ ਵਕਤ ਟਪਦਾ, ਹੁਣ ਤਾਂ ਸਿਰ ਜੋੜ ਕੇ ਰੱਖਣ ਦਾ ਵੇਲੈ ਭੂਆ...ਤੇ ਸਾਡਾ ਸੁੱਖਾ ਸਿੰਘ...'' ਜਰਨੈਲ ਦੀ ਆਵਾਜ਼ ਪਛਾਣ ਕੇ ਮੇਰੇ ਹੱਥ ਕੰਬਣ ਲੱਗਦੇ ਹਨ। ''ਜਰਨੈਲ ਸਿਆਂ...'' ਲੰਮਾ ਸਾਹ ਭਰਦਾ ਹੋਇਆ ਮੈਂ ਬੈਠਕ ਵਿੱਚ ਆਉਂਦਾ ਆਖਦਾ ਹਾਂ, ''ਜਿੰਨਾ ਚਿਰ ਮੁੱਖਾ ਸਿੰਹੁ ਜਿਊਂਦਾ ਐ ਸੁੱਖਾ ਸਿੰਹੁ ਕਾਇਮ ਆਂ...ਆਹ ਦੇਖ...'' ਮੈਂ ਆਪਣਾ ਕੰਬਦਾ ਹੋਇਆ ਹੱਥ ਜਰਨੈਲ ਦੇ ਮੋਢੇ 'ਤੇ ਰੱਖਦਾ ਹਾਂ।

# ਉੱਕੀ ਅੱਕੋ

ਮੈਨੂੰ ਅੱਜ ਸੱਤਵਾਂ ਦਿਨ ਹੈ ਅਮਰੀਕਾ ਆਏ ਨੂੰ। ਮਸੀਂ ਤਾਂ ਕਿਤੇ ਮੇਰਾ ਵੀਜ਼ਾ ਲੱਗਾ ਸੀ। ਮੈਨੂੰ ਆਸ ਸੀ ਵੀਜ਼ਾ ਛੇ ਮਹੀਨੇ ਦਾ ਲੱਗੇਗਾ ਪਰ ਲੱਗਾ ਤਿੰਨ ਮਹੀਨੇ ਦਾ। ਤਾਏ ਦੀ ਦੋਹਤੀ ਦਾ ਵਿਆਹ ਸੀ। ਮੈਂ ਝੂਠੇ ਸੱਚੇ ਕਾਗ਼ਜ਼ ਤਿਆਰ ਕੀਤੇ, ਉਹ ਵੀ ਪੱਚੀ ਸੌ ਰੁਪਏ ਦੇ ਕੇ। ਜਦੋਂ ਮੇਰਾ ਵੀਜ਼ਾ ਥੋੜ੍ਹਾ ਲੱਗਾ ਤਾਂ ਮੈਨੂੰ ਗੁੱਸਾ ਆ ਗਿਆ... ਪਤਾ ਨਈਂ ਕੀਹਦੇ 'ਤੇ। ਛੇ ਹਜ਼ਾਰ ਖਰਚਣ ਦਾ ਸੁਆਦ ਨਾ ਆਇਆ।ਭਾਵੇਂ ਲੱਖੇ ਨੇ ਹਵਾਈ ਟਿਕਟ ਪਹਿਲਾਂ ਹੀ ਭੇਜ ਦਿੱਤੀ ਸੀ ਪਰ ਫਿਰ ਵੀ ਲੀੜੇ-ਲੱਤੇ ਬਣਾਉਂਦਿਆਂ ਮੇਰਾ ਪੰਜਾਹ ਹਜ਼ਾਰ ਖਰਚ ਹੋ ਗਿਆ, ''ਕਿੱਥੇ ਫਾਹਾ ਲੈ ਲਿਆ ਯਾਰ... ਮੈਂ ਤਾਂ ਕਰਜ਼ਾਈ ਹੋ ਕੇ ਬਹਿ ਗਿਆ... ਅਮਰੀਕਾ ਨਾ ਹੋਈ ਇਹ ਤਾਂ ਪੈਹੇ ਖਾਣੀ ਊਠਣੀ ਹੋਈ।''''ਕਿਉਂ ਰਊਂ ਰਊਂ ਕਰੀ ਜਾਂਦੇ ਆਂ... ਕੰਜੂਸ ਮੱਖੀ ਚੂਸ... ਜੇ ਅੱਜ ਵੀਹ-ਪੰਜਾਹ ਖਰਚੇ ਵੀ ਗਏ ਆ ਤਾਂ ਮਹਾਰਾਜ ਸੁੱਖ ਰੱਖੇ ਪੰਦਰਾਂ ਵੀਹ ਲੱਖ ਲੈ ਕੇ ਵੀ ਮੁੜੋਂਗੇ... ਹੋਰ ਚੌਂਹ ਸਾਲਾਂ ਤੱਕ,'' ਪਤਨੀ ਨੇ ਮੈਨੂੰ ਹੌਸਲਾ ਦੇਣਾ ਚਾਹਿਆ।''ਵੀਹ ਲੱਖ ਨਾ, ਨਾਲੇ ਹੋਰ ਕੁਸ਼... ਉੱਥੇ ਲੱਖੇ ਦੇ ਘਰ ਨੋਟਾਂ ਵਾਲਾ ਸ਼ਰੀਂਹ ਲੱਗਾ ਖੜ੍ਹਾ ਜਿਹਨੂੰ ਡਾਲਰ ਲੱਗਦੇ ਹੋਣ... ਜੀਤ ਕੌਰੇ ਸਬਜ਼ਬਾਗ਼ ਨਾ ਦੇਖੀ ਜਾਹ... ਮੈਂ ਗਿਆ ਤੇ ਆਇਆ।'' ਮੈਂ ਪਤਨੀ ਨੂੰ ਚੁੱਪ ਕਰਾਉਣਾ ਚਾਹਿਆ।''ਮੈਨੂੰ ਕਾਹਨੂੰ ਘੂਰਦੇ ਆਂ... ਰੱਬ ਦਾ ਨਾਂ ਲੈ ਕੇ ਘਰੋਂ ਤੁਰਿਓ...''ਪੈਸੇ ਦੇ ਖਰਚ ਤੋਂ ਡਰਦਾ ਮੈਂ ਇਕੱਲਾ ਹੀ ਦਿੱਲੀ ਨੂੰ ਤੁਰਿਆ। ਮੈਨੂੰ ਕਿਹੜਾ ਏਅਰਪੋਰਟ ਦਾ ਪਤਾ ਨਈਂ ਸੀ। ਪੈਂਤੀ ਵਾਰ ਤਾਂ ਮੈਂ ਇੱਥੇ ਆਇਆ ਸੀ, ਕਿਸੇ ਨੂੰ ਜਹਾਜ਼ੇ ਚੜ੍ਹਾਉਣ ਤੇ ਕਿਸੇ ਉਤਰੇ ਨੂੰ ਲਿਆਉਣ।ਮੇਰੀ ਫਲਾਈਟ ਮਸੀਂ ਕਿਤੇ ਨਿਊਯਾਰਕ ਪਹੁੰਚੀ। ਮੈਨੂੰ ਜਿੱਦਾਂ-ਜਿੱਦਾਂ ਲੱਖੇ ਨੇ ਦੱਸਿਆ ਸੀ ਮੈਂ ਉਸੇ ਤਰ੍ਹਾਂ ਬੋਰਡ ਪੜ੍ਹਦਾ ਸਾਂਫਰਾਂਸਿਸਕੋ ਵਾਲੇ ਜਹਾਜ਼ ਵਿੱਚ ਜਾ ਬੈਠਾ। ਦੁਪਹਿਰੋਂ ਬਾਅਦ ਉਹ ਜਹਾਜ਼ ਮੰਜ਼ਿਲ 'ਤੇ ਜਾ ਲੱਗਾ। ਹਵਾਈ ਅੱਡੇ ਦੀਆਂ ਪੌੜੀਆਂ ਉਤਰਦਿਆਂ, ਮੈਂ ਸਾਹਮਣੇ ਸ਼ੀਸ਼ੇ ਤੋਂ ਪਾਰ, ਲੱਖੇ ਤੇ ਗੋਗੀ ਨੂੰ ਦੂਰੋਂ ਹੀ ਦੇਖ ਲਿਆ ਸੀ ਪਰ ਲੱਖਾ ਐਵੇਂ ਹੀ ਹੱਥ ਹਿਲਾਈ ਜਾਂਦਾ ਸੀ। ਦਰਵਾਜ਼ਾ ਲੰਘ ਕੇ ਮੈਂ ਦੋਵਾਂ ਨੂੰ ਕਲਾਵੇ ਵਿੱਚ ਲੈ ਕੇ ਮਿਲਿਆ।''ਲਖਵੀਰ ਸਿਆਂ ਆਹ ਸਾਂਭ ਯਾਰ ਮੇਰਾ ਅਟੈਚੀ... ਲੈ ਚੱਲ ਇਹਨੂੰ ਰੋੜ੍ਹ ਕੇ, ਮੇਰੀ ਤਾਂ ਬੱਸ ਹੋ ਗਈ ਯਾਰ... ਪਰਸੋਂ ਤਕਾਲਾਂ ਦਾ ਤੁਰਿਆ ਵਾਂ... ਕਿੱਧਰ ਆ ਆਪਣੀ ਗੱਡੀ?''

''ਭਾ ਜੀ... ਗੱਡੀ ਨੀ ਅਸੀਂ ਲੈ ਕੇ ਆਏ... ਫਰੈਜ਼ਨੋ ਕੁਸ਼ ਲੰਮੀ ਵਾਟ 'ਤੇ ਆ... ਬਈ ਤੁਹਾਨੂੰ ਅਸੀਂ ਵਧੀਆ ਬੱਸ ਵਿੱਚ ਲੈ ਕੇ ਚੱਲਾਂਗੇ,'' ਗੱਲ ਕਰਦੇ ਲੱਖੇ ਨੇ ਮੇਰਾ ਹੱਥ ਘੁੱਟਿਆ।

''ਸੁਖਚੈਨ ਭਾ ਜੀ... ਗੱਡੀ ਕਰਨੀ ਵੀ ਕੀ ਆ... ਲੰਮੇ ਰੂਟ ਦੀਆਂ ਏਸੀ ਬੱਸਾਂ ਚੱਲਦੀਆਂ... ਨਾਲੇ ਹੈ ਵੀ ਸਸਤੀਆਂ,'' ਗੋਗੀ ਵੀ ਮੇਰੇ ਬਰਾਬਰ ਹੋ ਕੇ ਬੈਗ 'ਤੇ ਹੱਥ ਮਾਰਦੀ ਬੋਲੀ।

ਲੱਖੇ ਕੇ ਘਰ ਪਹੁੰਚ ਕੇ ਮੈਂ ਪੂਰਾ ਦਿਨ ਤੇ ਪੂਰੀ ਰਾਤ ਸੁੱਤਾ ਰਿਹਾ। ਲੱਖਾ ਤੇ ਗੋਗੀ ਵਿਆਹ ਦੀ ਤਿਆਰੀ ਵਿੱਚ ਲੱਗੇ ਰਹੇ। ਫਿਰ ਵਿਆਹ ਵਾਲਾ ਦਿਨ ਆ ਗਿਆ। ਅੱਜ-ਕੱਲ੍ਹ ਵਿਆਹ ਨੂੰ ਕਿੰਨਾ ਕੁ ਚਿਰ ਲੱਗਦਾ, ਫਿਰ ਉਹ ਵੀ ਅਮਰੀਕਾ ਵਿੱਚ। ਬਰਾਤ ਮਿੱਥੇ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਪਹੁੰਚ ਗਈ। ਪਤਾ ਲੱਗਾ ਕਿ ਵਿਆਂਹਦੜ ਨੇ ਵਰਤ ਰੱਖਿਆ ਸੀ ਤੇ ਉਹਨੇ ਆਨੰਦ ਕਾਰਜ ਕਰਾ ਕੇ ਹੀ ਮੂੰਹ ਨੂੰ ਅੰਨ ਲਾਉਣਾ ਸੀ। ਲਾਵਾਂ ਫੇਰਿਆਂ ਦਾ ਹੀ ਤਾਂ ਕੰਮ ਹੁੰਦਾ। ਜਿਉਂ ਹੀ ਆਨੰਦ ਕਾਰਜ ਹੋਇਆ ਮੁੰਡੇ ਵਾਲੇ ਤਾਂ ਕਾਰਾਂ ਵਿੱਚ ਬੈਠ ਕੁੜੀ ਨੂੰ ਲੈ ਤੁਰਦੇ ਬਣੇ। ਪਤਾ ਲੱਗਾ ਬਈ ਉਨ੍ਹਾਂ ਨੇ ਆਪਣੇ ਸ਼ਹਿਰ ਹੋਟਲ ਵਿੱਚ ਪਾਰਟੀ ਰੱਖੀ ਹੈ।

ਵਿਆਹ ਦਾ ਸਾਰਾ ਕੰਮ ਨਿਪਟਾ ਕੇ ਲੱਖੇ ਨੇ ਮੈਨੂੰ ਕੋਲ ਬਿਠਾ ਲਿਆ ਤੇ ਕਹਿਣ ਲੱਗਾ, ''ਭਾ ਜੀ ਫਰੈਜ਼ਨੋ 'ਚ ਓਨਾ ਕੰਮ ਨੀ ਮਿਲਦਾ ਜਿੰਨਾ ਨਿਊਯਾਰਕ ਜਾਂ ਸ਼ਿਕਾਗੋ 'ਚ ਆ... ਏਥੇ ਤਾਂ ਖੇਤਾਂ 'ਚ ਲੇਬਰ ਦਾ ਕੰਮ ਆਂ, ਅੰਗੂਰ ਤੋੜ ਲਏ... ਬਦਾਮ 'ਕੱਠੇ ਕਰ ਲਏ... ਗਹਾਂ ਫੇਰ ਕਣਕ, ਮੱਕਾ ਸ਼ੁਰੂ ਹੋ ਜਾਊ... ਕਿੰਨੂ ਤੇ ਸੰਤਰੇ ਤੋੜਨ ਦਾ ਕੰਮ। ਨਾਲੇ ਸੁਖਚੈਨ ਭਾ ਜੀ... ਮੈਂ ਤੁਹਾਡੀ ਗੱਲ ਕੀਤੀ ਹੋਈ ਆ ਆਪਣੇ ਇੱਕ ਦੋਸਤ ਨਾਲ... ਮੈਨੂੰ ਤਾਂ ਉਮੀਦ ਸੀ ਤੁਹਾਡਾ ਛੇ ਮਹੀਨੇ ਦਾ ਵੀਜ਼ਾ ਪੱਕਾ ਲੱਗੂ... ਪਰ ਇਨ੍ਹਾਂ ਗੋਰਿਆਂ ਦਾ ਕੁਸ਼ ਨੀ ਪਤਾ ਲੱਗਦਾ... ਛੇ ਮਹੀਨੇ ਦਾ ਲੱਗਦਾ ਤਾਂ ਚਾਰ ਪੰਜ ਮਹੀਨੇ ਕੰਮ ਕਰ ਲੈਂਦੇ... ਡਾਲਰਾਂ ਨਾਲ ਜੇਬਾਂ ਭਰ ਕੇ ਤੁਰਦੇ... ਦੇਖ ਲਓ ਛੁੱਟੀ ਹੋਰ ਮਿਲ ਸਕਦੀ ਆ ਤਾਂ... ਮੈਂ ਤਾਂ ਕਹਿੰਦਾ ਆਂ ਏਥੇ ਹੀ ਟਿਕ ਜਾਓ... ਇੱਕ ਤਕੜੇ ਵਕੀਲ ਕੋਲੋਂ ਕੇਸ ਬਣਾ ਕੇ ਸਟੇਅ ਲਈ ਅਪੀਲ ਕਰ ਲੈਂਦੇ ਆਂ... ਭਾ ਜੀ ਚਾਰ ਪੰਜ ਸਾਲ ਤਾਂ ਚੁਟਕੀ ਮਾਰਦਿਆਂ ਲੰਘ ਜਾਂਦੇ ਆ... ਐਂ ਕਰਕੇ...'' ਲੱਖੇ ਨੇ ਹੱਥ ਉੱਪਰ ਨੂੰ ਚੁੱਕ ਕੇ ਚੁਟਕੀ ਵਜਾਈ।

''ਹੈ ਕਮਲਾ... ਲਖਬੀਰ ਸਿਆਂ... ਲੋਕ ਤਾਂ ਯਾਰ ਗੌਮਿੰਟ ਜੌਬ ਲੈਣ ਲਈ ਜੇਬਾਂ ਭਰੀ ਫਿਰਦੇ ਆ... ਭਰਾਵਾ ਹੋਰ ਪੰਜ ਛੇ ਸਾਲ ਤੱਕ ਰਟਾਇਰ ਹੋ ਕੇ ਆ ਵੱਜਾਂਗੇ ਤੇਰੇ ਕੋਲ।''

''ਫੇਰ ਐਂ ਕਰੋ... ਤੁਸੀਂ ਨਿਊਯਾਰਕ ਮੇਰੇ ਦੋਸਤ ਕੋਲ ਜਾ ਪਹੁੰਚੋ... ਤੁਹਾਨੂੰ ਸੰਦੇਹਾਂ ਜਹਾਜ਼ੇ ਚੜ੍ਹਾ ਦਿੰਦੇ ਆਂ... ਤੁਹਾਨੂੰ ਜਾਂਦਿਆਂ ਈ ਉਹਨੇ ਕੰਮ 'ਤੇ ਲੁਆ ਦੇਣਾ...''

''ਬਿਲਕੁਲ ਠੀਕ ਆ... ਮੇਰਾ ਅਟੈਚੀ ਤਿਆਰ ਕਰੋ।...ਮੇਰੀ ਟਿਕਟ ਦਾ ਕਿੱਦਾਂ ਹੋਊ?''

''ਉਹ ਨਾ ਫ਼ਿਕਰ ਕਰੋ, ਮੈਂ ਹੁਣੇ ਕਾਲ ਕਰਦਾਂ। ...ਏਥੇ ਟਿਕਟਾਂ ਦਾ ਰੇਟ ਘਟਦਾ ਵਧਦਾ ਰਹਿੰਦਾ... ਸੈਚਰਡੇ-ਸੰਡੇ ਥੋੜ੍ਹੀਆਂ ਮਹਿੰਗੀਆਂ ਹੁੰਦੀਆਂ... ਉਹ ਨਾ ਤੁਸੀਂ ਚਿੰਤਾ ਕਰੋ,'' ਕਹਿ ਕੇ ਲੱਖਾ ਟੈਲੀਫੋਨ ਵੱਲ ਹੋ ਗਿਆ।

ਮੈਂ ਬੇਆਰਾਮੀ ਵਿੱਚ ਨਿਊਯਾਰਕ ਆ ਪਹੁੰਚਾ। ਲੱਖੇ ਦਾ ਦੋਸਤ ਹਰਨੇਕ ਪੂਰਾ ਹੁੱਬ ਕੇ ਮਿਲਿਆ। ਮੇਰੀ ਖ਼ਾਤਰ ਉਹਨੇ ਅੱਜ ਅੱਧੇ ਦਿਨ ਦੀ ਛੁੱਟੀ ਲੈ ਲਈ ਸੀ। ਕਮਰੇ 'ਚ ਪਹੁੰਚ ਕੇ ਦੁਪਹਿਰ ਦੀ ਰੋਟੀ ਖਾਧੀ। ਰੋਟੀ ਵੱਲੋਂ ਵਿਹਲੇ ਹੋਏ ਤਾਂ ਹਰਨੇਕ ਪੁੱਛਣ ਲੱਗਾ, ''ਦੇਖ ਭਾ... ਤੂੰ ਹੁਣ ਮੈਨੂੰ ਦੱਸ ਕੰਮ ਕਿੱਦਾਂ ਦਾ ਕਰਨੈ?''

''ਕਿੱਦਾਂ ਦਾ ਕੀ... ਬਸ ਕੰਮ ਕਰਨਾ ਆਪਾਂ।''

''ਮੇਰਾ ਮਤਲਬ ਆ... ਇੱਕ ਤਾਂ ਕੰਮ ਹੈਗਾ ਰਤਾ ਕੈੜਾ ਤੇ ਇੱਕ ਹੈਗਾ ਰਤਾ ਨਰਮ... ਯਾਨੀ ਕਿ ਨਰਮ ਕੰਮ ਦੇ ਹੈਗੇ ਆ ਤੀਹ ਡਾਲਰ ਤੇ ਕੈੜੇ ਕੰਮ ਦੇ ਹੈਗੇ ਆ ਪੰਜਾਹ ਡਾਲਰ... ਨਰਮ ਕੰਮ ਹੈਗਾ ਹੋਟਲ ਵਿੱਚ ਜਿੱਥੇ ਮੁਰਗੇ ਤਲੀ ਜਾਣੇ ਆਂ... ਪਹਿਲੇ ਦਿਨ ਤਾਂ ਐਵੇਂ ਭਾਣਖਾ ਜੇਹੀ ਨਾਸਾਂ ਨੂੰ ਚੜ੍ਹਦੀ ਆ, ਫੇਰ ਨੀ ਪਤਾ ਲੱਗਦਾ... ਤੇ ਕੈੜਾ ਕੰਮ ਹੈਗਾ ਕੰਸਟ੍ਰਕਸ਼ਨ ਦਾ... ਆਹੀ ਮਿਸਤਰੀਆਂ ਦੇ ਨਾਲ... ਇੱਟਾਂ, ਸੀਮਿੰਟ, ਬਜਰੀ ਦਾ...''

''ਮੇਰਾ ਖਿਆਲ ਇਹ ਠੀਕ ਆ... ਕੰਮ ਹੁੰਦਾ ਤਾਂ ਵਾਕਿਆ ਈ ਕੈੜਾ ਆ ਪਰ ਪੈਹੇ ਤਾਂ ਠੀਕ ਆ...'' ਗੱਲ ਕਰਕੇ ਮੈਂ ਪਾਣੀ ਪੀਤਾ।

''ਬਸ, ਗੱਲ ਮੁੱਕੀ! ਯਾਰ ਪੰਜਾਹ ਕਿਤੇ ਥੋੜ੍ਹੇ ਆ... ਸੁਖਚੈਨ ਸਿੰਘ ਜੀ, ਤੁਸੀਂ ਇੰਡੀਆ ਦਾ ਹਿਸਾਬ ਲਾ ਕੇ ਦੇਖੋ... ਫੇਰ ਤੁਹਾਡਾ ਰੋਜ਼ ਦਾ ਦੋ ਤਿੰਨ ਘੰਟੇ ਦਾ ਓਵਰਟਾਈਮ... ਦੋ ਹਜ਼ਾਰ ਤੋਂ ਉੱਪਰ ਦਿਹਾੜੀ ਬਣੂੰ...''

ਗੱਲ ਮੁਕਾ ਕੇ ਹਰਨੇਕ ਮੈਨੂੰ ਬਾਜ਼ਾਰ ਘੁਮਾਉਣ ਲੈ ਗਿਆ। ਇਹ ਅਮਰੀਕਾ ਦਾ ਬਾਜ਼ਾਰ ਸੀ ਕਿ ਜਲੰਧਰ ਦਾ ਰੈਣਕ ਬਾਜ਼ਾਰ... ਜਿਧਰ ਵੀ ਨਿਗ੍ਹਾ ਜਾਵੇ ਪੰਜਾਬੀ ਹੀ ਪੰਜਾਬੀ। ਇੱਕ ਪਾਸੇ ਸੁਨਿਆਰਿਆਂ ਦੀਆਂ ਹੀ ਦੁਕਾਨਾਂ ਤੇ ਦੂਜੇ ਪਾਸੇ ਕੱਪੜੇ ਦੀਆਂ। ਸਾੜ੍ਹੀਆਂ, ਸੂਟ ਬਾਹਰ ਟੰਗੇ ਹੋਏ।

ਜਿੱਥੇ ਹਰਨੇਕ ਰਹਿੰਦਾ ਸੀ ਇਹ ਇਲਾਕਾ ਨਿਊਯਾਰਕ ਤੋਂ ਬਾਹਰ ਪੈਂਦਾ ਸੀ ਕਰੋਨਾ, ਜਿੱਦਾਂ ਜਲੰਧਰੋਂ ਬਾਹਰ ਫਗਵਾੜਾ, ਭੋਗਪੁਰ, ਆਦਮਪੁਰ ਜਾਂ ਕਪੂਰਥਲਾ। ਨਿਊਯਾਰਕ ਦਾ ਵੱਡਾ ਸ਼ਹਿਰ ਮਨਹੱਟਨ ਸੀ ਜਿਹੜਾ ਦੁਨੀਆਂ ਦਾ ਵੱਡਾ ਵਪਾਰਕ ਕੇਂਦਰ ਸੀ ਤੇ ਨਿੱਤ ਅਰਬਾਂ-ਖਰਬਾਂ ਦਾ ਵਪਾਰ ਹੁੰਦਾ ਸੀ। ਵੱਡੇ-ਵੱਡੇ ਹੋਟਲ ਤੇ ਵੱਡੇ ਵਪਾਰਕ ਅਦਾਰੇ। ਗਹੁ ਨਾਲ ਦੇਖਿਆਂ ਤੁਹਾਨੂੰ ਹਰ ਦੇਸ਼, ਹਰ ਪ੍ਰਾਂਤ ਦਾ ਬੰਦਾ ਮਿਲ ਜਾਂਦਾ ਹੈ। ਚਾਰੇ ਪਾਸੇ ਕਾਰਾਂ ਹੀ ਕਾਰਾਂ।

ਸਵੇਰੇ ਤਿਆਰ ਹੁੰਦਿਆਂ ਹਰਨੇਕ ਨੇ ਮੈਨੂੰ ਸਿਰ 'ਤੇ ਰੱਖਣ ਲਈ ਟੋਪੀ ਦਿੱਤੀ ਤੇ ਪਗੜੀ ਇੱਕ ਪਾਸੇ ਰੱਖ ਦਿੱਤੀ। ਅਧੋਰਾਣੀ ਪੈਂਟ ਤੇ ਕਮੀਜ਼ ਫੜਾ ਕੇ ਕਹਿਣ ਲੱਗਾ, ''ਪਾਏ ਹੋਏ ਕੱਪੜੇ ਲਾਹ ਕੇ ਆਹ ਕੱਪੜੇ ਪਾ ਲਈਂ... ਘਬਰਾਉਣਾ ਨਈਂ... ਸਭ ਆਪਣੇ ਈ ਬੰਦੇ ਆ... ਠੇਕੇਦਾਰ ਪਾਕਿਸਤਾਨੀ ਆਂ... ਐਨ ਵਧੀਆ ਬੰਦਾ... ਕੋਈ ਤੇਰ ਮੇਰ ਨਈਂ...''

ਇਸੇ ਸਮੇਂ ਦਰਵਾਜ਼ੇ 'ਤੇ ਠੱਕ ਠੱਕ ਹੋਈ ਤਾਂ ਹਰਨੇਕ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ''ਆਜਾ ਬਈ ਆਜਾ ਬੂਟਾ ਸਿਆਂ... ਇਹ ਆਪਣਾ ਬੰਦਾ ਆ ਸੁਖਚੈਨ ਸਿੰਘ... ਇਹ ਆਪਣੇ ਫਰੈਜ਼ਨੋ ਵਾਲੇ ਲਖਵੀਰ ਸਿੰਘ ਦੇ ਰਿਸ਼ਤੇਦਾਰ ਆ,'' ਇੱਕ ਤਰ੍ਹਾਂ ਹਰਨੇਕ ਨੇ ਮੇਰੀ ਜਾਣਕਾਰੀ ਬੂਟਾ ਸਿੰਘ ਨੂੰ ਦਿੱਤੀ। ''ਬੂਟਾ ਸਿਆਂ, ਭਾਈ ਬੰਦੇ ਦਾ ਧਿਆਨ ਰੱਖੀਂ... ਬਸ ਦੋ ਢਾਈ ਮਹੀਨੇ ਇਹਨੇ ਰਹਿਣਾ।''

''ਗੱਲ ਈ ਕੋਈ ਨਈਂ ਭਾ ਜੀ... ਅਮਰੀਕਾ ਆ ਕੇ ਭਲਾ ਕਿਹੜਾ ਮੁੜਦਾ... ਦੋ ਢਾਈ ਮਹੀਨੇ ਦੀ ਗੱਲ ਛੱਡੋ... ਨਾਲੇ ਭਾ ਜੀ ਆਪਾਂ ਭੇਜਾਂਗੇ ਤਾਂ ਈ ਜਾਣਗੇ,'' ਬੂਟਾ ਸਿੰਘ ਹੱਸ ਕੇ ਬੋਲਿਆ।

''ਗੱਲ ਤਾਂ ਤੇਰੀ ਠੀਕ ਆ... ਸੁਣ ਲਓ ਭਾ ਜੀ,'' ਹਰਨੇਕ ਵੀ ਹੱਸ ਪਿਆ।

''ਚਲੋ ਦੇਖਾਂਗੇ ਜੀ, ਕੰਮ ਸ਼ੁਰੂ ਕਰੀਏ,'' ਕਹਿ ਕੇ ਮੈਂ ਵੀ ਹੱਸ ਪਿਆ।

ਗੱਲਾਂ ਕਰਦੇ ਅਸੀਂ ਰੇਲਵੇ ਲਾਈਨ ਦੇ ਹੇਠਾਂ ਚੌਕ 'ਚ ਪਹੁੰਚੇ ਹੀ ਸੀ ਕਿ ਇੱਕ ਵੈਨ ਆ ਕੇ ਸਾਡੇ ਕੋਲ ਰੁਕੀ। ''ਚਲੋ ਬੈਠੋ ਜੀ,'' ਵੈਨ ਦਾ ਦਰਵਾਜ਼ਾ ਖੋਲ੍ਹ ਕੇ ਬੂਟਾ ਸਿੰਘ ਨੇ ਮੈਨੂੰ ਇਸ਼ਾਰਾ ਕੀਤਾ। ਮੈਂ ਅੰਦਰ ਲੰਘ ਗਿਆ। ਬੂਟਾ ਸਿੰਘ ਮੇਰੇ ਬਰਾਬਰ ਬੈਠਦਾ ਮੂਹਰੇ ਬੈਠੇ ਬੰਦਿਆਂ ਨਾਲ ਗੱਲ ਕਰਨ ਲੱਗਾ, ''ਤਜ਼ਮਲ... ਇਹ ਆ ਭਾ ਜੀ ਜਿਹਦੀ ਮੈਂ ਰਾਤੀਂ ਗੱਲ ਕਰਦਾ ਸੀ। ਇਹ ਹੁਣੇ ਇੰਡੀਆ ਤੋਂ ਆਏ ਆ। ਤਿੰਨ ਸਾਲ ਪਹਿਲਾਂ ਆਪਣੇ ਨਾਲ ਕੰਮ ਨਈਂ ਸੀ ਕਰਦਾ ਹੁੰਦਾ ਲੱਖਾ... ਇਹ ਉਹਦੇ ਰਿਸ਼ਤੇਦਾਰ ਆ... ਬ੍ਰਦਰ ਇਨ ਲਾ।''

''ਅੱਛਾ ਅੱਛਾ... ਫੇਰ ਤਾਂ ਨਜ਼ਦੀਕੀ ਰਿਸ਼ਤੇਦਾਰ ਆ,'' ਕਹਿ ਕੇ ਤਜ਼ਮੱਲ ਨੇ ਮੇਰੇ ਵੱਲ ਦੇਖਿਆ ਤੇ ਮੁਸਕਰਾਇਆ। ਉਹਦੇ ਨਾਲ ਬੈਠਾ ਬੰਦਾ ਮੇਰੇ ਵੱਲ ਦੇਖਦਾ ਬੋਲਿਆ, ''ਉਹ ਲੱਖਾ ਕੋਟਲੀ ਥਾਨ ਸਿੰਘ ਵਾਲਾ?''

''ਓਹੀ ਓਹੀ ਫੁੱਫੜ ਜੀ...'' ਬੂਟੇ ਨੇ ਸਿਰ ਹਿਲਾਇਆ ਤੇ ਨਾਲ ਹੀ ਕਹਿਣ ਲੱਗਾ, ''ਤਜ਼ਮੱਲ... ਸੈਂਡ ਹੈਨੀ... ਗਲੋ ਦਾ ਡੱਬਾ ਵੀ ਚੁੱਕਣਾ... ਜੀਤ ਦਾ ਫੋਨ ਆਇਆ ਸੀ ਕਹਿੰਦਾ ਮੈਂ ਸੈਵਨਟੀ ਸਿਕਸ ਤੋਂ ਰੱਸੇ ਤੇ ਪੌੜੀ ਲੈ ਕੇ ਆਊਂ... ਜਿਉਂ ਉੱਥੇ ਕੰਮ ਕੀਤਾ ਸਾਮਾਨ ਉੱਥੇ ਹੀ ਰਹਿਣ ਦਿੱਤਾ।''

''ਚੁੱਕਣਾ ਜਾਂ ਚੁਕਾਉਣਾ ਤਾਂ ਤੁਸੀਂ ਸੀ,'' ਤਜ਼ਮੱਲ ਨੇ ਜਿਵੇਂ ਟਕੋਰ ਮਾਰੀ। ''ਠੀਕ ਆ ਜਿਹੜੀ ਚੀਜ਼ ਚਾਹੀਦੀ ਆ ਉਹ ਨਜ਼ੀਰ ਦੇ ਸਟੋਰ ਤੋਂ ਚੁੱਕ ਲੈਂਦੇ ਆਂ,'' ਤਜ਼ਮੱਲ ਨੇ ਗੱਲ ਕਰਦਿਆਂ ਹੀ ਵੈਨ ਖੱਬੇ ਮੋੜੀ ਤੇ ਇੱਕ ਸਟੋਰ ਅੱਗੇ ਜਾ ਰੋਕੀ। ਬੂਟੇ ਨੇ ਇਸ਼ਾਰਾ ਕਰਕੇ ਮੈਨੂੰ ਨਾਲ ਤੋਰ ਲਿਆ, ਫੁੱਫੜ ਵੀ ਨਾਲ ਤੁਰ ਪਿਆ। ਬੂਟੇ ਨੇ ਗਲੋ ਦਾ ਡੱਬਾ ਚੁੱਕਿਆ, ਇੱਕ ਸੀਮਿੰਟ ਦਾ ਥੈਲਾ ਮੈਨੂੰ, ਇੱਕ ਫੁੱਫੜ ਨੂੰ ਤੇ ਇੱਕ ਆਪ ਚੁੱਕ ਕੇ ਬਾਹਰ ਆ ਗਏ। ਤਜ਼ਮੱਲ ਦੋ ਕਿੱਲਾਂ ਦੇ ਡੱਬੇ ਚੁੱਕੀ ਆਇਆ ਤਾਂ ਬੂਟਾ ਇਕਦਮ ਬੋਲਿਆ, ''ਬੱਲੇ ਬੱਲੇ... ਬਈ ਕਿੱਲਾਂ ਦਾ ਤਾਂ ਮੈਨੂੰ ਚੇਤਾ ਈ ਨੀਂ... ਆਹ ਤਾਂ ਚੰਗਾ ਕੀਤਾ।''

ਵੱਡਾ ਪੁਲ ਲੰਘ ਕੇ ਮਨਹੱਟਨ ਸ਼ੁਰੂ ਹੁੰਦਾ ਸੀ। ਉੱਚੀਆਂ-ਉੱਚੀਆਂ ਇਮਾਰਤਾਂ, ਸਿੱਧੀਆਂ-ਚੌੜੀਆਂ ਸੜਕਾਂ, ਸੱਜੇ ਅਸਮਾਨ ਨੂੰ ਛੂੰਹਦਾ ਟਾਵਰ ਤੇ ਇਨ੍ਹਾਂ ਸਾਰੀਆਂ ਇਮਾਰਤਾਂ ਦੇ ਹੇਠਾਂ ਵਿਛਿਆ ਰੇਲਵੇ ਲਾਈਨਾਂ ਦਾ ਜਾਲ।

ਟੂ ਥਰਟੀ ਫੋਰ 'ਤੇ ਇੱਕ ਇਮਾਰਤ ਦੀ ਛੱਤ ਉਪਰ ਮੁਰੰਮਤ ਦਾ ਕੰਮ ਸੀ। ਸਤੰਬਰ ਅਕਤੂਬਰ ਵਿੱਚ ਬਰਫ਼ ਪੈਣ ਲੱਗ ਜਾਣੀ ਸੀ ਜਿਸ ਤੋਂ ਬਚਾਅ ਲਈ ਛੱਤਾਂ ਦਾ ਠੀਕ ਹੋਣਾ ਜ਼ਰੂਰੀ ਸੀ। ਤਜ਼ਮੱਲ ਨੇ ਗੱਡੀ ਅਜੇ ਅੰਦਰ ਖੜ੍ਹੀ ਹੀ ਕੀਤੀ ਸੀ ਕਿ ਦੂਜੀ ਵੈਨ ਵੀ ਪਹੁੰਚ ਗਈ। ਸਾਰੇ ਬੰਦਿਆਂ ਨੇ ਦੋਵਾਂ ਵੈਨਾਂ 'ਚੋਂ ਸਾਮਾਨ ਬਾਹਰ ਰੱਖਿਆ ਤੇ ਫਿਰ ਕੁਝ ਸਾਮਾਨ ਤਾਂ ਲਿਫਟ ਰਾਹੀਂ ਚਲਾ ਗਿਆ, ਵੱਡੇ ਰੂਲੇ ਸਭ ਨੇ ਮਿਲ ਕੇ ਚੁੱਕੇ ਤੇ ਪੌੜੀਆਂ ਰਾਹੀਂ ਛੱਤ 'ਤੇ ਲੈ ਆਏ। ''ਰੂਲੇ ਹੌਲੀ ਛੱਤ 'ਤੇ ਰੱਖਣੇ ਆਂ... ਸਾਰੀਆਂ ਛੱਤਾਂ ਲੱਕੜੀਆਂ ਦੀਆਂ ਹੁੰਦੀਆਂ,'' ਬੂਟੇ ਨੇ ਮੇਰੇ ਕੰਨ ਵਿੱਚ ਆਖਿਆ। ਛੱਤਾਂ ਉਪਰ ਪੱਚੀ-ਪੱਚੀ ਫੁੱਟ ਚੌੜੀ ਰਬੜ ਦੀ ਤਹਿ ਵਿਛੀ ਹੋਈ ਸੀ ਜਿਹੜੀ ਬਰਫ਼ ਦੀਆਂ ਦੋ ਰੁੱਤਾਂ ਹੀ ਕੱਢਦੀ। ਚਾਰ-ਪੰਜ ਸਾਲ ਬਾਅਦ ਛੱਤ ਦੀ ਮੁਰੰਮਤ ਕਰਾਉਣੀ ਹੀ ਪੈਂਦੀ ਸੀ।

ਸਾਰੇ ਬੰਦਿਆਂ ਨੇ ਛੱਤ ਉਪਰ ਆ ਕੇ ਕੱਪੜੇ ਬਦਲ ਲਏ। ਪੂਰੀ ਇਮਾਰਤ ਦੀਆਂ ਚਾਰ ਛੱਤਾਂ ਸਨ। ਇਹ ਕੰਮ ਮਹੀਨੇ ਦਾ ਸੀ। ਛੱਤਾਂ ਤੋਂ ਬਿਨਾਂ ਸਾਰੀ ਇਮਾਰਤ ਦੀਆਂ ਪੌੜੀਆਂ ਵਾਲੀਆਂ ਕੰਧਾਂ ਦੀਆਂ ਉਖੜੀਆਂ ਇੱਟਾਂ ਦੀ ਟੀਪ ਵੀ ਕਰਨੀ ਸੀ। ਉਪਰ ਬਨੇਰੇ ਦੇ ਵਾਧਰੇ ਦੇ ਟੁੱਟੇ ਹਿੱਸਿਆਂ ਨੂੰ ਸੀਮਿੰਟ ਦੇ ਮਸਾਲੇ ਨਾਲ ਮੁਰੰਮਤ ਕਰਨਾ ਸੀ। ਇਹ ਕੰਮ ਸੀ ਤਾਂ ਖ਼ਤਰੇ ਵਾਲਾ ਪਰ ਕਰਨਾ ਸੀ, ਤਜ਼ਮੱਲ ਨੇ ਠੇਕਾ ਜੁ ਚੁੱਕਿਆ ਸੀ। ਇਮਾਰਤ ਦੇ ਮੱਥੇ ਨੂੰ ਪੂਰਾ ਸਾਫ਼ ਕਰਕੇ ਉਸ 'ਤੇ ਰੰਗ ਵੀ ਕਰਨਾ ਸੀ, ਤਿੰਨ ਰੰਗੀ ਧਾਰੀ ਵਾਲਾ।

ਬੂਟਾ ਤੇ ਜੀਤ ਬੜੇ ਛੋਹਲੇ ਤੇ ਤਜਰਬੇਕਾਰ ਮਿਸਤਰੀ ਸਨ। ਦੋਵੇਂ ਚਾਰ-ਪੰਜ ਸਾਲ ਤੋਂ ਨਿਊਯਾਰਕ ਵਿੱਚ ਹੀ ਕੰਮ ਕਰ ਰਹੇ ਸਨ। ਬਾਕੀਆਂ ਵਾਂਗ ਉਹ ਵੀ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਅਮਰੀਕਾ ਪਹੁੰਚੇ ਸਨ, ਉਹ ਵੀ ਕਈ ਦੇਸ਼ਾਂ ਦੀ ਖਾਕ ਫੱਕ ਕੇ। ਇੱਥੇ ਪਹੁੰਚ ਕੇ ਅਦਾਲਤਾਂ ਵਿੱਚ ਕੇਸ ਪਾ ਦਿੱਤੇ ਪੱਕੇ ਹੋਣ ਲਈ। ਇਨ੍ਹਾਂ ਦੋਵਾਂ ਦੇ ਨਾਲ ਤੀਜਾ ਗੁਰਦੀਪ ਸਿੰਘ ਸੀ ਜਿਹੜਾ ਦੋਵਾਂ ਨਾਲੋਂ ਉਮਰ ਵਿੱਚ ਕੁਝ ਵੱਡਾ ਸੀ। ਇਹ ਤਿੰਨ ਬੰਦੇ ਤਾਂ ਤਜ਼ਮੱਲ ਦੀ ਛੋਟੀ ਜਿਹੀ ਕੰਸਟ੍ਰਕਸ਼ਨ ਕੰਪਨੀ ਦੇ ਇੱਕ ਤਰ੍ਹਾਂ ਪੱਕੇ ਮੁਲਾਜ਼ਮ ਹੀ ਸਨ। ਦੂਜੇ ਪੰਜ-ਛੇ ਤਾਂ ਮੇਰੇ ਵਰਗੇ ਹੀ ਸਨ 'ਆ ਗਏ ਚਲੇ ਗਏ'। ਤਜ਼ਮੱਲ ਕੋਲ ਦੋ ਵੈਨਾਂ ਸਨ। ਜਿਹੜੀ ਵੀ ਚੀਜ਼ ਦੀ ਲੋੜ ਹੁੰਦੀ ਇਨ੍ਹਾਂ ਵੈਨਾਂ ਵਿਚ ਹੀ ਆਉਂਦੀ। ਵੈਨਾਂ ਰਾਹੀਂ ਹੀ ਕੰਮ ਵਾਲੇ ਬੰਦੇ ਵੀ ਢੋਏ ਜਾਂਦੇ। ਜੇ ਤਜ਼ਮੱਲ ਵਿਹਲਾ ਨਾ ਹੁੰਦਾ ਤਾਂ ਬੂਟਾ ਤੇ ਜੀਤ ਇਹ ਕੰਮ ਕਰਦੇ। ਤਜ਼ਮੱਲ ਕੋਲ ਇੱਕ ਵਧੀਆ ਕਾਰ ਵੀ ਸੀ ਜਿਹੜੀ ਬਹੁਤਾ ਕਰਕੇ ਘਰ ਹੀ ਖੜ੍ਹੀ ਰਹਿੰਦੀ। ਤਜ਼ਮੱਲ ਦਾ ਘਰ ਇਬਰਾਹਿਮ ਲਿੰਕਨ ਪਾਰਕ ਦੇ ਨਾਲ ਲੱਗਦਾ ਸੀ। ਕੁਵੀਨ ਰੋਡ 'ਤੇ, ਦਰਿਆ ਤੋਂ ਪਾਰ।

ਇੱਕ ਦਿਨ ਦੁਪਹਿਰ ਦੀ ਰੋਟੀ ਖਾਣ ਬੈਠੇ ਤਾਂ ਤਜ਼ਮੱਲ ਮੈਨੂੰ ਪੁੱਛਣ ਲੱਗਾ, ''ਕਿਦਾਂ ਚੈਨ ਭਾ ਜੀ, ਚਿੱਤ ਲੱਗ ਗਿਆ ਤੁਹਾਡਾ? ਕੰਮ 'ਚ ਕੋਈ ਮੁਸ਼ਕਲ ਤਾਂ ਨੀਂ ਆ ਰਹੀ?''

''ਚਿੱਤ ਨੂੰ ਕੀ ਆ ਜੀ... ਕੰਮ ਕਰਨੈ ਤਾਂ ਫਿਰ ਚਿੱਤ ਦੀ, ਦਿਲ ਦੀ ਗੱਲ ਨਾ ਕਰੋ... ਨਾਲੇ ਜੀ ਸਾਰੇ ਤਾਂ ਤੁਸੀਂ ਹੱਸਣ ਖੇਲਣ ਵਾਲੇ ਆਂ... ਕੰਮ 'ਚ ਪਤਾ ਈ ਨੀਂ ਲੱਗਦਾ ਟਾਈਮ ਕਦੋਂ ਬੀਤ ਗਿਆ...'' ਗੱਲ ਕਰਦਿਆਂ ਮੈਂ ਬੁਰਕੀ ਰੋਕੀ ਰੱਖੀ।

ਅਗਲੇ ਦਿਨ ਤਜ਼ਮੱਲ ਕਾਰ ਲੈ ਕੇ ਆਇਆ। ਮੈਨੂੰ ਬੂਟੇ ਨੇ ਅਗਲੀ ਸੀਟ 'ਤੇ ਬਿਠਾ ਦਿੱਤਾ, ਉਹ ਤੇ ਗੁਰਦੀਪ ਸਿੰਘ ਪਿੱਛੇ ਬੈਠ ਗਏ। ਤਜ਼ਮੱਲ ਨੇ ਕਾਰ ਵੱਡੇ ਪੁਲ ਤੋਂ ਅਜੇ ਲਾਹੀ ਹੀ ਸੀ ਕਿ ਖ਼ਬਰਾਂ ਸੁਣਨ ਲਈ ਆਵਾਜ਼ ਉੱਚੀ ਕਰ ਦਿੱਤੀ ਤੇ ਇਸ਼ਾਰਾ ਕਰਕੇ ਬੋਲਿਆ, ''ਸੁਣੋ ਸੁਣੋ ਯਾਰ... ਬੂਟੇ ਸੁਣ... ਪਲੀਜ਼ ਸਾਇਲੈਂਟ...'' ਖ਼ਬਰ ਸੁਣ ਕੇ ਮੈਨੂੰ ਧੱਕਾ ਲੱਗਾ ਤੇ

ਮੇਰੇ ਮੂੰਹੋਂ ਇਕਦਮ ਨਿਕਲਿਆ, ''...ਹੈਂ! ਨੁਸਰਤ ਚੱਲ ਵਸਿਆ!!'' ਫਿਰ ਨਾਲ ਹੀ ਤਜ਼ਮੱਲ ਨੇ ਜਿਵੇਂ ਲੇਰ ਮਾਰੀ ਹੋਵੇ, ''ਵੈਰੀ ਸੈਡ! ਬੜੀ ਮਾੜੀ ਖ਼ਬਰ ਆ।'' ਕਹਿੰਦਿਆਂ ਉਹਨੇ ਕਾਰ ਹੌਲੀ ਕਰਕੇ ਇੱਕ ਪਾਸੇ ਨੂੰ ਕਰਕੇ ਰੋਕ ਲਈ। ਖ਼ਬਰ ਸੁਣ ਕੇ ਬੂਟਾ ਤੇ ਗੁਰਦੀਪ ਸਿੰਘ ਵੀ ਸ਼ਾਂਤ ਹੋ ਗਏ। ਤਜ਼ਮੱਲ ਸਟੇਅਰਿੰਗ 'ਤੇ ਸਿਰ ਰੱਖ ਕੇ ਦੁੱਖ ਵਿੱਚ ਡੁੱਬ ਗਿਆ।

ਬੜੀ ਦੁੱਖ ਭਰੀ ਖ਼ਬਰ ਸੀ, ਪੂਰੀ ਦੁਨੀਆਂ ਦੇ ਸੰਗੀਤ ਪ੍ਰੇਮੀਆਂ ਲਈ ਵੀ। ਨੁਸਰਤ ਫ਼ਤਹਿ ਅਲੀ ਖਾਨ ਕਿਤੇ ਪਾਕਿਸਤਾਨ ਦਾ ਹੀ ਕਲਾਕਾਰ ਥੋੜ੍ਹੇ ਰਹਿ ਗਿਆ ਸੀ, ਉਹ ਤਾਂ ਪੂਰੀ ਦੁਨੀਆਂ ਦਾ ਕਲਾਕਾਰ ਸੀ। ਨੁਸਰਤ ਦਿਲ ਦਾ ਦੌਰਾ ਪੈਣ ਨਾਲ ਚੱਲ ਵਸਿਆ ਸੀ।

ਦੋ ਕੁ ਮਿੰਟ ਬਾਅਦ ਤਜ਼ਮੱਲ ਨੇ ਸਟੇਅਰਿੰਗ ਤੋਂ ਸਿਰ ਚੁੱਕਿਆ, ਅੱਖਾਂ ਸਾਫ਼ ਕੀਤੀਆਂ, ਕਾਰ ਸਟਾਰਟ ਕੀਤੀ ਤੇ ਤੁਰਨ ਲੱਗਾ ਬੋਲਿਆ, ''ਫਰੈਂਡਜ਼ ਤੁਸੀਂ ਸ਼ਾਇਦ ਨਾ ਜਾਣਦੇ ਹੋਵੋ... ਹੁਣੇ ਖ਼ਬਰ ਸੀ ਮੇਰੇ ਕਜ਼ਨ ਬਰਦਰ ਫੌਤ ਹੋ ਗਏ... ਉਹ ਪ੍ਰਸਿੱਧ ਗਾਇਕ ਸਨ ਨੁਸਰਤ ਸਾਹਬ।''

''ਕੀ ਗੱਲ ਕਰਦੇ ਓ ਭਾ ਜੀ... ਹੁਣ ਉਹ ਸਿਰਫ਼ ਤੁਹਾਡੇ ਈ ਨੀਂ ਸਾਡੇ ਵੀ ਚਹੇਤੇ ਗਾਇਕ ਸਿਗੇ... ਅਸੀਂ ਤਾਂ ਉਨ੍ਹਾਂ ਦਾ ਕਲਾਮ ਯਾਦ ਕਰੀ ਫਿਰਦੇ ਆਂ... ਮੈਂ ਹੁਣੇ ਪੰਜ ਛੇ ਗ਼ਜ਼ਲਾਂ ਤੇ ਕਵਾਲੀਆਂ ਸੁਣਾ ਸਕਦਾਂ। ਖ਼ਬਰ ਸੁਣ ਕੇ ਤਾਂ ਮੈਨੂੰ ਤੁਹਾਡੇ ਨਾਲੋਂ ਵੀ ਵਧ ਧੱਕਾ ਲੱਗਾ,'' ਗੱਲ ਕਰਦਿਆਂ ਮੇਰੀਆਂ ਅੱਖਾਂ ਵੀ ਛਲਕ ਪਈਆਂ।

ਕੰਮ 'ਤੇ ਪਹੁੰਚਣ ਤੱਕ ਤਜ਼ਮੱਲ ਨੁਸਰਤ ਦੀਆਂ ਗੱਲਾਂ ਕਰੀ ਗਿਆ, ''ਭਾਈ ਜਾਨ ਜਦੋਂ ਵੀ ਅਮਰੀਕਾ ਆਉਂਦੇ ਠਹਿਰਦੇ ਮੇਰੇ ਕੋਲ ਈ... ਅੰਮੀ ਜਾਨ ਨਾਲ ਉਨ੍ਹਾਂ ਨੂੰ ਬਹੁਤ ਲਗਾਓ ਸੀ... ਛੋਟਾ ਹੁੰਦਾ ਉਹ ਮੇਰੀ ਅੰਮੀ ਜਾਨ ਨਾਲ ਈ ਸੌਂਦਾ... ਮੇਰੇ ਵੱਡੇ ਭਾਈ ਦਾ ਹਾਣੀ ਸੀ ਨੁਸਰਤ...''

ਕੰਮ ਵਾਲੀ ਇਮਾਰਤ ਕੋਲ ਆ ਕੇ ਤਜ਼ਮੱਲ ਨੇ ਕਾਰ ਰੋਕੀ, ਮੇਰੇ ਨਾਲ ਹੱਥ ਮਿਲਾ ਕੇ ਕਹਿੰਦਾ, ''ਚੈਨ ਭਾ ਜੀ... ਅੱਜ ਮੂਡ ਬਹੁਤ ਖਰਾਬ ਹੋ ਗਿਆ... ਫਿਰ ਕਿਸੇ ਦਿਨ ਬੈਠਾਂਗੇ... ਅੰਮੀ ਨੂੰ ਵੀ ਕਿਸੇ ਹੋਰ ਢੰਗ ਨਾਲ ਖ਼ਬਰ ਦੇਣੀ ਆਂ। ਓ ਕੇ ਬ੍ਰਦਰ... ਚੰਗਾ ਬਈ ਬੂਟੇ... ਕੰਮ ਦਾ ਧਿਆਨ ਰੱਖਿਓ,'' ਤੇ ਕਾਰ ਚਲੀ ਗਈ।

ਤਿੰਨ ਹਫ਼ਤਿਆਂ ਵਿੱਚ ਇਮਾਰਤ ਦਾ ਕੰਮ ਸਿਰੇ ਲੱਗਣ ਵਾਲਾ ਸੀ। ਦੋ ਦਿਨ ਤਜ਼ਮੱਲ ਸਾਡੇ ਕੋਲ ਨਹੀਂ ਆਇਆ। ਜੀਤ ਬੰਦੇ ਲਿਆਉਂਦਾ ਲਿਜਾਂਦਾ ਰਿਹਾ। ਤਜ਼ਮੱਲ ਵੈਨ ਲੈ ਕੇ ਆ ਵੀ ਜਾਂਦਾ, ਜਿਹੜਾ ਸਾਮਾਨ ਚਾਹੀਦਾ ਹੁੰਦਾ ਉਹ ਵੀ ਪਹੁੰਚਦਾ ਕਰ ਦਿੰਦਾ ਪਰ ਰਹਿੰਦਾ ਚੁੱਪ ਚੁੱਪ ਹੀ।

ਇਸੇ ਸਮੇਂ ਤਜ਼ਮੱਲ ਨੇ ਨੇੜੇ ਹੀ ਇੱਕ ਹੋਰ ਵੱਡੀ ਇਮਾਰਤ ਦਾ ਕੰਮ ਲੈ ਲਿਆ। ਅਸੀਂ ਤਿੰਨ ਬੰਦੇ ਇਧਰ ਲੱਗੇ ਰਹੇ, ਬਾਕੀ ਨਵੇਂ ਕੰਮ 'ਤੇ ਜਾ ਲੱਗੇ। ਇਸ ਨਵੇਂ ਠੇਕੇ ਲਈ ਤਜ਼ਮੱਲ ਨੂੰ ਮੈਂ ਵਧਾਈ ਦਿੱਤੀ ਤਾਂ ਉਹਨੇ ਹੱਸ ਕੇ ਮੈਨੂੰ ਜੱਫੀ ਪਾ ਲਈ। ਫਿਰ ਕੁਰਸੀ 'ਤੇ ਬੈਠਦਾ ਬੋਲਿਆ, ''ਚੈਨ ਭਾ ਜੀ... ਅੰਮੀ ਜਾਨ ਨੁਸਰਤ ਦਾ ਬਹੁਤ ਦੁੱਖ ਮੰਨਦੇ ਆ... ਗੱਲ ਕਰਦੇ ਕਰਦੇ ਰੋਣ ਲੱਗ ਪੈਂਦੇ ਨੇ... ਬੜੇ ਦੁਖੀ ਆ... ਕੱਲ੍ਹ ਕੰਮ ਘੱਟ ਆ ਤੁਹਾਡਾ... ਤੁਸੀਂ ਕੱਲ੍ਹ ਛੁੱਟੀ ਕਰ ਲਿਓ ਤੇ ਤਿਆਰ ਰਿਹੋ... ਆਪਾਂ ਘਰ ਚੱਲਣਾ... ਘੜੀ ਪਲ ਮਾਤਾ ਨਾਲ ਗੱਲਾਂ ਕਰਨ ਨਾਲ ਉਧਰੋਂ ਉਨ੍ਹਾਂ ਦਾ ਧਿਆਨ ਹਟੇ... ਬੂਟਾ ਸਿੰਘ ਵੀ ਨਾਲ ਚੱਲੂ... ਸਵੇਰੇ ਦਸ ਕੁ ਵਜੇ ਮੇਰੀ ਵੇਟ ਕਰਿਓ।''

ਅਗਲੇ ਦਿਨ ਮੈਨੂੰ ਤੇ ਬੂਟੇ ਨੂੰ ਤਜ਼ਮੱਲ ਘਰ ਲੈ ਗਿਆ। ਤਜ਼ਮੱਲ ਦੀ ਬੇਗਮ ਪੜ੍ਹੀ ਲਿਖੀ, ਬੜਾ ਘੱਟ ਬੋਲਦੀ ਤੇ ਸਲੀਕੇ ਵਾਲੀ ਔਰਤ ਸੀ। ''ਅੰਮੀ ਜਾਨ ਆਓ... ਤੁਹਾਨੂੰ ਮਿਲਣ ਆਏ ਨੇ...'' ਤਜ਼ਮੱਲ ਨੇ ਆਵਾਜ਼ ਮਾਰੀ ਤਾਂ ਪਿੱਛੇ ਵਿਹੜੇ 'ਚੋਂ

ਸੱਤਰ ਬਹੱਤਰ ਕੁ ਵਰ੍ਹਿਆਂ ਦੀ ਤਜ਼ਮੱਲ ਦੀ ਮਾਂ ਹੌਲੀ-ਹੌਲੀ ਕਦਮ ਪੁੱਟਦੀ ਸਾਡੇ ਵੱਲ ਆਈ ਤਾਂ ਬੂਟੇ ਨੇ ਖੜ੍ਹੇ ਹੋ ਕੇ ਆਖਿਆ, ''ਅੰਮੀ ਜਾਨ ਇਸਲਾਮਾ ਲੈਕਮ...''

''ਬਾਲੈਕਮ ਸਲਾਮ ਬੂਟੇ ਪੁੱਤਰ... ਬਾਲੈਕਮ ਸਲਾਮ...'' ਕਹਿੰਦੇ ਹੋਏ ਉਹ ਸਾਡੇ ਨੇੜੇ ਆ ਗਏ ਤਾਂ ਮੈਂ ਉਠ ਕੇ ਖਲੋ ਗਿਆ ਤੇ ਝੁਕ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਏ, ''ਮੱਥਾ ਟੇਕਦਾਂ ਮਾਂ ਜੀ...''

''ਸੁਖੀ ਰਓ... ਸੁਖੀ ਰਓ... ਪੁੱਤਰ ਜੁਆਨੀਆਂ ਮਾਣੋ... ਲੰਮੀਆਂ ਉਮਰਾਂ ਹੋਣ... ਪਰਿਵਾਰ ਸੁਖੀ ਵਸੇ,'' ਮਾਤਾ ਨੇ ਅਸੀਸਾਂ ਦੇ ਕੇ ਜਿਵੇਂ ਮੇਰੀ ਝੋਲੀ ਭਰ ਦਿੱਤੀ ਤੇ ਫਿਰ ਸਾਡੇ ਕੋਲ ਸੋਫੇ ਉਪਰ ਬੈਠ ਗਈ।

ਮੈਂ ਨੁਸਰਤ ਦਾ ਦੁੱਖ ਵੰਡਾਇਆ ਤਾਂ ਮਾਤਾ ਨੇ ਸਿਰ ਦਾ ਦੁਪੱਟਾ ਸੁਆਰਦਿਆਂ ਦੋਵਾਂ ਹੱਥਾਂ ਨੂੰ ਉਪਰ ਚੁੱਕਿਆ ਤੇ ਬੋਲੇ, ''ਪੁੱਤਾ ਜੋ ਅੱਲਾ ਨੂੰ ਮਨਜ਼ੂਰ... ਜੋ ਪਰਵਰਦਗਾਰ ਦੀ ਇੱਛਾ... ਬੰਦਾ ਕੁਸ਼ ਨਹੀਂ ਕਰ ਸਕਦਾ...'' ਫਿਰ ਕਦੀ ਮੈਂ, ਕਦੀ ਬੂਟਾ ਤੇ ਕਦੀ ਤਜ਼ਮੱਲ ਨੁਸਰਤ ਦੀਆਂ ਗੱਲਾਂ ਕਰੀ ਗਏ। ਫਿਰ ਚਾਹ ਆ ਗਈ ਤੇ ਮਾਤਾ ਲਈ ਜੂਸ ਦਾ ਗਲਾਸ। ਵਿੱਚ ਨੂੰ ਮਾਤਾ ਮੈਨੂੰ ਮੇਰੇ ਪਰਿਵਾਰ ਬਾਰੇ ਪੁੱਛਣ ਲੱਗੀ ਤਾਂ ਮੇਰੀ ਨਿਗ੍ਹਾ ਮਾਤਾ ਦੀ ਖੱਬੀ ਬਾਂਹ 'ਤੇ ਖੁਣੇ ਹੋਏ ਅੱਖਰਾਂ 'ਤੇ ਗਈ... ਇਹੋ ਜਿਹੇ ਹੀ ਅੱਖਰ ਤਾਂ ਮੇਰੀ ਤਾਈ ਜਾਂ ਕਹਿ ਲਓ ਮੇਰੀ ਮਾਸੀ ਮੱਕੋ ਦੀ ਬਾਂਹ 'ਤੇ ਖੁਣੇ ਹੋਏ ਨੇ। ਮੈਂ ਬਹੁਤ ਧਿਆਨ ਨਾਲ ਅੱਖਰਾਂ ਵੱਲ ਦੇਖਦਿਆਂ ਮਾਤਾ ਨੂੰ ਪੁੱਛ ਲਿਆ, ''ਮਾਂ ਜੀ, ਇਹ ਕੀ ਨਾਂ ਖੁਣਿਆ ਹੋਇਆ?''

''ਪੁੱਤਰ ਇਹ ਮੇਰਾ ਨਾਂ ਜੇ...'' ਮਾਤਾ ਬੜੇ ਸਹਿਜ ਨਾਲ ਬੋਲੀ ਹੀ ਸੀ। ਇਸੇ ਸਮੇਂ ਤਜ਼ਮੱਲ ਦੀ ਪਤਨੀ ਆ ਕੇ ਬੋਲੀ, ''ਅੰਮੀ ਨੁਸਰਤ ਭਾਈ ਜਾਨ ਉੱਤੇ ਇੰਡੀਆ ਤੋਂ ਬੜਾ ਵਧੀਆ ਪ੍ਰੋਗਰਾਮ ਆ ਰਿਹਾ... ਦੇਖੋ ਆ ਕੇ।''

''ਹਾਂ ਹਾਂ... ਆਓ ਦੇਖੀਏ...'' ਕਹਿ ਕੇ ਤਜ਼ਮੱਲ ਦੂਜੇ ਕਮਰੇ ਵੱਲ ਚਲਾ ਗਿਆ, ਮਾਤਾ ਵੀ ਉੱਠ ਕੇ ਉਧਰ ਚਲੀ ਗਈ। ਮੈਂ ਤੇ ਬੂਟਾ ਵੀ ਕੁਰਸੀਆਂ ਉਪਰ ਬੈਠ ਗਏ।

ਬੰਬਈ ਤੋਂ ਪ੍ਰੋਗਰਾਮ ਆ ਰਿਹਾ ਸੀ। ਗੁਲਜ਼ਾਰ ਫ਼ਿਲਮਾਂ ਵਾਲਾ, ਅਮਿਤਾਭ ਤੇ ਹੋਰ ਨੁਸਰਤ ਦੇ ਤੁਰ ਜਾਣ 'ਤੇ ਦੁੱਖ ਪ੍ਰਗਟ ਕਰ ਰਹੇ ਸਨ, ਗਾਇਕ ਵੀ ਬੋਲ ਰਹੇ ਸਨ।

ਬੂਟਾ ਸਿੰਘ ਉੱਠ ਪਿਆ ਤੇ ਬੋਲਿਆ, ''ਮੈਂ ਤਾਂ ਸਵੇਰੇ ਈ ਦੇਖ ਕੇ ਹਟਿਆਂ... ਛੇ ਵਜੇ ਆ ਰਿਹਾ ਸੀ...। ਤਜ਼ਮੱਲ ਇਹ ਦੇਖ ਕੇ ਸਾਨੂੰ ਵਰਲਡ ਟਰੇਡ ਸੈਂਟਰ ਤੱਕ ਛੱਡਦੇ... ਉੱਥੋਂ ਫਿਰ ਅਸੀਂ ਸਟੈਚੂ ਆਫ਼ ਲਿਬਰਟੀ ਦੇਖਣ ਜਾਣਾ... ਚੈਨ ਭਾ ਜੀ ਨੂੰ ਦੋ ਚਾਰ ਥਾਵਾਂ ਤਾਂ ਘੁਮਾ ਦੇਈਏ... ਨੀਂ ਇਹ ਵੀ ਜਾ ਕੇ ਰੇਸ਼ਮ ਵਾਂਗ ਕਹਿਣਗੇ... ਲੈ ਕੀ ਆ ਯਾਰ, ਚੁੱਕੀ ਫਿਰਦੇ ਆ ਅਮਰੀਕਾ... ਉਹਦੇ ਨਾਲੋਂ ਤਾਂ ਸਾਡੀ ਦਿੱਲੀ ਬੜੀ ਹਾਲੇ ਦੀ ਆ...''

ਤਜ਼ਮੱਲ ਤੇ ਬੂਟਾ ਹੱਸਦੇ ਹੋਏ ਬਾਹਰ ਆ ਗਏ। ਮੈਂ ਮਾਤਾ ਦੇ ਪੈਰ ਛੂਹ ਕੇ ਤਜ਼ਮੱਲ ਦੀ ਬੇਗਮ ਨੂੰ ਸਲਾਮ ਬੁਲਾ ਕੇ ਬਾਹਰ ਆ ਗਿਆ।

ਕਈ ਇਤਿਹਾਸਕ ਥਾਵਾਂ ਦੇਖ ਕੇ ਜਦੋਂ ਅਸੀਂ ਟਰੇਨ ਵਿੱਚ ਬੈਠੇ ਤਾਂ ਸੂਰਜ ਛਿਪ ਗਿਆ ਸੀ।

''ਚੈਨ ਭਾ ਜੀ... ਜਿਹੜਾ ਤੁਸੀਂ ਮਾਂ ਜੀ ਕੋਲੋਂ ਬਾਂਹ 'ਤੇ ਖੁਣੇ ਨਾਂ ਬਾਰੇ ਪੁੱਛਿਆ ਸੀ... ਮੈਂ ਵੀ ਇੱਕ ਵਾਰੀ ਪੁੱਛ ਲਿਆ ਸੀ... ਮਾਤਾ ਨੇ ਨਾਂ ਤਾਂ ਦੱਸਿਆ ਸੀ... ਹੁਣ ਤਾਂ ਭੁੱਲ ਭੁਲਾ ਗਿਆ... ਲਾਹੌਰ ਦੇ ਨੇੜੇ ਈ ਸੀ ਕਹਿੰਦੇ ਸਾਡਾ ਪਿੰਡ... ਕੀ ਨਾਂ ਆਂ ਦਰਿਆ ਦਾ... ਹਾਂ ਰਾਵੀ ਦੇ ਕੰਢੇ ਹੁਣ ਤਾਂ ਕਹਿੰਦੇ ਸੀ ਸ਼ਹਿਰ ਬਣ ਗਿਆ ਹੁਸੈਨਪੁਰ। ਚੱਲੋ ਆਓ ਇੱਥੇ ਆਪਾਂ ਨੂੰ ਟਰੇਨ ਬਦਲਣੀ ਪੈਣੀ ਆਂ... ਛੇਤੀ ਆ ਜਾਓ...'' ਤੇ ਅਸੀਂ ਕਾਹਲੀ ਕਾਹਲੀ ਡੱਬੇ 'ਚੋਂ ਉਤਰ ਕੇ ਦੂਜੇ ਤਿਆਰ ਖੜ੍ਹੇ ਡੱਬੇ ਵਿੱਚ ਜਾ ਚੜ੍ਹੇ।

ਡੱਬੇ ਵਿੱਚ ਭੀੜ ਸੀ, ਸਾਨੂੰ ਸੀਟ ਨਹੀਂ ਮਿਲੀ। ਅਸੀਂ ਇੱਕ-ਦੂਜੇ ਤੋਂ ਦੂਰ-ਦੂਰ ਖੜ੍ਹੇ ਸੀ। ਛੇਤੀ ਹੀ ਕਰੋਨਾ ਦਾ ਸਟੇਸ਼ਨ ਆ ਗਿਆ ਤਾਂ ਇੱਕ ਤਰ੍ਹਾਂ ਡੱਬਾ ਖਾਲੀ ਹੀ ਹੋ ਗਿਆ।

''ਬੂਟਾ ਸਿਆਂ, ਬਈ ਆਪਣੇ ਤਾਂ ਏਥੇ ਅੱਠ ਵੱਜਣ ਲੱਗੇ ਆ ਰਾਤ ਦੇ... ਆਪਣੇ ਇੰਡੀਆ ਭਲਾ ਕੀ ਟਾਈਮ ਹੋਊ?'' ਸਟੇਸ਼ਨ ਦੀਆਂ ਪੌੜੀਆਂ ਉਤਰਦਿਆਂ ਮੈਂ ਬੂਟੇ ਨੂੰ ਪੁੱਛਿਆ।

''ਉੱਥੇ ਭਾ ਜੀ ਐਸ ਵੇਲੇ... ਅੰਮ੍ਰਿਤ ਵੇਲਾ ਹਊ... ਸੱਤ ਦੇ ਕਰੀਬ।''

''ਮੈਂ ਯਾਰ ਫੋਨ ਕਰਨਾ ਸੀ ਇੰਡੀਆ।''

''ਕਰੋ ਕਰੋ... ਆਓ ਮੈਂ ਤੁਹਾਨੂੰ ਦੁਕਾਨ ਦੱਸਦਾ, ਉੱਥੋਂ ਕਰ ਲਓ।''

ਹੇਠਾਂ ਆ ਕੇ ਬੂਟੇ ਨੇ ਮੈਨੂੰ ਇੱਕ ਦੁਕਾਨ 'ਚ ਵਾੜ ਦਿੱਤਾ, ''ਚੈਨ ਭਾ ਜੀ, ਲਓ ਕਰੋ ਫੋਨ, ਮੈਂ ਨਾਲ ਵਾਲੀ ਦੁਕਾਨ ਤੋਂ ਅੱਜ ਵਾਲੀ ਅਖ਼ਬਾਰ ਚੁੱਕ ਲਵਾਂ।''

ਮੈਂ ਦੁਕਾਨ ਦੇ ਅੰਦਰ ਆ ਕੇ, ਮੁੰਡੇ ਨੂੰ ਨੰਬਰ ਦਿੱਤਾ। ਦੋ ਕੁ ਵਾਰੀ ਮਿਲਾਉਣ ਨਾਲ ਨੰਬਰ ਮਿਲ ਗਿਆ, ''ਭਾਬੀ ਮੈਂ ਆ ਸੁਖਚੈਨ... ਤਾਏ ਜਾਂ ਤਾਈ ਨੂੰ ਫੋਨ ਦੇਈਂ... ਕੀ ਹੋਇਆ? ਦੋਵੇਂ ਰੁੜਕੇ ਨੂੰ ਗਏ ਆ... ਚਲੋ ਮੈਂ ਕੱਲ੍ਹ ਨੂੰ ਐਸ ਵੇਲੇ ਈ ਕਰੂੰ... ਬਹੁਤ ਜ਼ਰੂਰੀ ਗੱਲ ਕਰਨੀ ਆ... ਤਾਏ ਨੂੰ ਕਿਹੋ ਘਰ ਈ ਰਹੇ।''

ਮੇਰਾ ਚਿੱਤ ਖਰਾਬ ਹੋ ਗਿਆ। ਜਿਸ ਗੱਲ ਨੇ ਮੈਨੂੰ ਦੁਪਹਿਰ ਦੀ ਤੋੜ ਖੋਹੀ ਲਾਈ ਹੋਈ ਸੀ ਉਹਨੇ ਹੁਣ ਮੇਰਾ ਕਾਲਜਾ ਹੋਰ ਤਪਾ ਦਿੱਤਾ।

ਅਗਲੇ ਦਿਨਾਂ ਵਿੱਚ ਕੰਮ ਤੋਂ ਮੁੜਦੇ ਨੇ ਮੈਂ ਦੋ ਤਿੰਨ ਵਾਰੀ ਇੰਡੀਆ, ਘਰ ਫੋਨ ਕੀਤਾ ਪਰ ਲਾਇਨ ਹੀ ਨਹੀਂ ਸੀ ਮਿਲਦੀ। ਮੈਂ ਦੋ ਵਾਰੀ ਫਿਰ ਤਜ਼ਮੱਲ ਦੇ ਘਰ ਵੀ ਜਾ ਕੇ ਵੇਖ ਲਿਆ। ਮਾਤਾ ਦੇ ਪੈਰੀਂ ਹੱਥ ਲਾ ਕੇ ਮੇਰੀ ਨਿਗ੍ਹਾ ਸਿੱਧੀ ਬਾਂਹ ਉਪਰ ਖੁਣੇ ਅੱਖਰਾਂ 'ਤੇ ਜਾਂਦੀ।

ਕਿਤੇ ਦਸੀਂ ਦਿਨੀਂ ਜਾ ਕੇ ਤਾਏ ਨਾਲ ਗੱਲ ਹੋਈ, ''ਤਾਇਆ ਜੀ, ਜਿਹੜੀ ਤੁਸੀਂ ਕਦੀ-ਕਦੀ ਮੇਰੀ ਮਾਂ ਦੀ ਗੱਲ ਕਰਦੇ ਹੁੰਦੇ ਆਂ ਪਈ ਉਹਦੀ ਖੱਬੀ ਬੀਣੀ ਉੱਤੇ ਨਾਂ ਖੁਣਿਆ ਸੀ। ਤੁਹਾਨੂੰ ਯਾਦ ਹੋਣਾ ਉਹ ਉਰਦੂ ਅੱਖਰ ਸੀ ਜਾਂ ਪੰਜਾਬੀ?''

ਮੇਰੀ ਗੱਲ ਸੁਣ ਕੇ ਤਾਇਆ ਹੱਸ ਪਿਆ ਤੇ ਕਹਿਣ ਲੱਗਾ, ''ਓਏ ਕਮਲਿਆ ਹੈਥੇ ਅਮਰੀਕਾ ਵਿੱਚ ਜਾ ਕੇ ਕਿੱਥੇ ਤੈਨੂੰ ਉਹਦੀ ਯਾਦ ਆ ਗਈ ਮਾੜੇ ਕਰਮਾਂ ਵਾਲੀ ਦੀ... ਉਦੋਂ ਅਸੀਂ ਦੋਵੇਂ ਭਰਾ ਤੇ ਇਹ ਦੋਵੇਂ ਭੈਣਾਂ, ਨੂੰ ਲੈ ਕੇ ਰਾਵੀ ਕੰਢੇ ਚਲੇ ਗਏ ਵਿਸਾਖੀ ਨਾਹੁਣ... ਉੱਥੇ ਮੇਲੇ 'ਤੇ ਦੋਵਾਂ ਨੇ ਨਾ ਖੁਣਵਾਏ ਸੀ... ਤੇਰੀ ਤਾਈ ਤਾਂ ਉਨ੍ਹਾਂ ਅੱਖਰਾਂ ਨੂੰ ਦੇਖ ਕੇ ਹੁਣ ਵੀ ਕੀਰਨੇ ਪਾਉਣ ਬਹਿਜੂ ਅੱਕੋ ਦੇ ਨਾਂ ਨੂੰ... ਪੁੱਤ ਤੇਰੀ ਮਾਂ ਨੂੰ ਲੱਭਣ ਗਿਆ ਤੇਰਾ ਭਾਈਆ ਲਾਭਾ ਮੁੜਿਆ ਨਈਂ ਅੱਜ ਤੱਕ... ਕਿਤੇ ਮਰ ਖਪ ਗਿਆ ਕਮਲਾ... ਜਦੋਂ ਰੌਲਿਆਂ ਵੇਲੇ ਆਪਣੇ ਘਰਾਂ 'ਤੇ ਹੱਲਾ ਬੋਲਿਆ ਉਦੋਂ ਅੱਕੋ ਕੋਠਿਉਂ ਉਤਰਦੀ ਕਿਤੇ ਉੱਕ ਗਈ... ਬਈ ਕਮਲੀਏ ਤੂੰ ਨਾ ਈ ਹੇਠਾਂ ਉੱਤਰ...। ...ਓਸ ਹੱਲੇ ਵਿੱਚ ਕਈ ਕੁੜੀਆਂ-ਬੁੜੀਆਂ ਚੁੱਕ ਕੇ ਲੈ ਗਏ ਸੀ... ਤੇਰੀ ਤਾਈ ਮੱਕੋ ਤਾਂ ਕਬੂਲਪੁਰ ਗਈ ਹੋਣ ਕਰਕੇ ਬਚ ਗਈ... ਅਸੀਂ ਘਰਾਂ ਦੇ ਸਾਰੇ ਮਰਦ ਲਾਗਲੇ ਜੰਗਲ ਵੱਲ ਗਏ ਸੀ ਬਾਘ ਨੂੰ ਮਾਰਨ। ਉਦੋਂ ਹੱਲੇ ਵਿੱਚ ਅੱਕੋ ਦੇ ਨਾਲ ਸਾਡੀ ਮਾਂ ਵੀ ਗਈ, ਦੋਵੇਂ ਭੈਣਾਂ ਵੀ ਗਈਆਂ... ਲੈ ਗਏ ਅਗਲੇ ਚੁੱਕ ਕੇ।''

''ਅੱਛਾ ਤਾਇਆ... ਮੇਰੇ ਪੈਹੇ ਮੁੱਕ ਗਏ... ਫੇਰ ਕਰੂੰ ਗੱਲ।'' ਮੈਂ ਫੋਨ ਬੰਦ ਕਰ ਦਿੱਤਾ।

ਅਗਲੇ ਦਿਨਾਂ ’ਚ ਫੋਨ ਹੀ ਨਾ ਕਰ ਹੋਇਆ। ਮੈਂ ਤਜ਼ਮੱਲ ਦੀ ਮਾਂ ਨੂੰ ਮਿਲ ਤਾਂ ਦੋ ਵਾਰੀ ਆਇਆ ਪਰ ਬਹੁਤੀ ਗੱਲ ਨਾ ਹੋਈ। ਗੱਲ ਮੈਂ ਕਰਦਾ ਵੀ ਕੀ। ਮਾਤਾ ਵੀ ਮੈਨੂੰ ਕੀ ਪੁੱਛਦੀ... ਬੱਸ ਰੌਲਿਆਂ ਵੇਲੇ ਦੀਆਂ ਹੀ ਉਹ ਗੱਲਾਂ ਕਰਦੀ। ਜਾਂ ਤਜ਼ਮੱਲ, ਤਜ਼ਮੱਲ ਤੋਂ ਵੱਡੇ ਨਜ਼ੀਰ ਤੇ ਧੀ ਸਲਮਾ ਦੀਆਂ। ਉਹ ਦੋਵੇਂ ਵੀ ਅਮਰੀਕਾ ਵਿੱਚ ਹੀ ਸਨ। ਨਜ਼ੀਰ ਕੈਲੇਫੋਰਨੀਆ ਤੇ ਸਲਮਾ ਸ਼ਿਕਾਗੋ ਕੋਲ ਇੱਕ ਸ਼ਹਿਰ ਵਿੱਚ।

ਇੰਡੀਆ ਜਾਣ ਲਈ ਮੇਰਾ ਹਫ਼ਤਾ ਰਹਿ ਗਿਆ ਸੀ। ਇੱਕ ਦਿਨ ਸ਼ਾਮ ਨੂੰ ਆ ਕੇ ਮੈਂ ਆਪਣਾ ਅਟੈਚੀ ਕੱਢ ਕੇ ਵਿਚਲੀਆਂ ਚੀਜ਼ਾਂ ਸੈੱਟ ਕਰ ਕੇ ਰੱਖਣ ਲੱਗਾ। ਗੋਗੀ ਤੇ ਲੱਖੇ ਨੇ ਮੱਲੋਮੱਲੀ ਕਈ ਚੀਜ਼ਾਂ ਖਰੀਦ ਕੇ ਲਿਆ ਦਿੱਤੀਆਂ ਸਨ। ਸਾਰੀਆਂ ਚੀਜ਼ਾਂ ਦੇ ਥੱਲੇ ਪਿਆ ਤਹਿ ਲੱਗਾ ਸੂਟ ਮੈਂ ਬਾਹਰ ਕੱਢ ਲਿਆ। ਇਹ ਸੂਟ ਮੇਰੀ ਪਤਨੀ ਨੇ ਆਪਣੀ ਭੂਆ ਵਾਸਤੇ ਪੈਕ ਕਰਕੇ ਰੱਖਿਆ ਸੀ। ਮੈਨੂੰ ਲੱਖੇ ਨੇ ਦੱਸਿਆ ਸੀ ਉਹ ਸ਼ਹਿਰ ਤਾਂ ਡੇਢ ਸੌ ਮੀਲ ਦੂਰ ਹੈ। ਉੱਥੇ ਜਾਣ ਤੋਂ ਮੈਂ ਘੇਸਲ ਵੱਟ ਲਈ ਸੀ। ਹੁਣ ਸੂਟ ਵੱਲ ਵੇਖ ਕੇ ਮੈਂ ਸੋਚਿਆ ਇਹ ਸੂਟ ਕਿਉਂ ਨਾ ਤਜ਼ਮੱਲ ਦੀ ਮਾਤਾ ਨੂੰ ਦੇ ਦਿੱਤਾ ਜਾਵੇ।

ਸੂਟ ਕੱਢ ਕੇ ਮੈਂ ਵੱਖਰੇ ਲਿਫ਼ਾਫ਼ੇ ਵਿੱਚ ਰੱਖ ਲਿਆ।

ਤਜ਼ਮੱਲ ਨੂੰ ਮੈਂ ਸਵੇਰੇ ਕੰਮ ’ਤੇ ਆਉਂਦਿਆਂ ਹੀ ਦੱਸ ਦਿੱਤਾ ਸੀ ਕਿ ਆਉਂਦੇ ਬੁੱਧਵਾਰ ਨੂੰ ਮੈਂ ਇੰਡੀਆ ਲਈ ਜਹਾਜ਼ੇ ਜਾ ਬੈਠਣਾ। ਦੁਪਹਿਰੇ ਇੱਕ ਵੀਹ ਵਾਲੀ ਫਲਾਈਟ ਏ, ਮੇਰੀ ਇੱਛਾ ਹੈ ਮੈਂ ਜਾਣ ਤੋਂ ਪਹਿਲਾਂ ਮਾਤਾ ਜੀ ਨੂੰ ਇੱਕ ਵਾਰੀ ਹੋਰ ਮਿਲ ਲਵਾਂ... ਫੇਰ ਕਈ ਵਾਰੀ ਟਾਈਮ ਨਈਂ ਲੱਗਦਾ ਹੁੰਦਾ।

ਸ਼ਾਮ ਨੂੰ ਤਜ਼ਮੱਲ ਦੇ ਨਾਲ ਜਾ ਕੇ ਜਦੋਂ ਮੈਂ ਸੂਟ ਮਾਂ ਜੀ ਨੂੰ ਭੇਟ ਕੀਤਾ ਉਹਨੇ ਹੈਰਾਨ ਹੋ ਕੇ ਮੇਰੇ ਵੱਲ ਦੇਖਿਆ ਤੇ ਬੋਲੀ, ‘‘ਪੁੱਤਰ, ਆਹ ਕੀ? ਤੂੰ ਤਾਂ ਬਰਖੁਰਦਾਰ ਸਾਡਾ ਮਹਿਮਾਨ ਆ... ਕੋਈ ਤੋਹਫ਼ਾ, ਕੋਈ ਲੈਣ-ਦੇਣ ਤਾਂ ਅਸੀਓਂ ਕਰਨਾ ਏ... ਪੁੱਤਰ ਸਾਡੇ ਉੱਤੇ ਕਾਹਨੂੰ ਬੋਝ ਪਾਉਂਦੇ ਜੇ...।’’

‘‘ਮਾਂ ਜੀ! ਆਪਣੇ ਧੀਆਂ ਪੁੱਤਰਾਂ ਦਾ ਕੋਈ ਬੋਝ ਨਈਂ ਹੁੰਦਾ... ਮੇਰਾ ਦਿਲ ਕਰਦਾ ਸੀ ਮੈਂ ਤੁਹਾਨੂੰ ਕੁਸ਼ ਦੇਵਾਂ...। ਬੁੱਧਵਾਰ ਮੈਂ ਚਲੇ ਜਾਣਾ।’’

‘‘ਲਓ ਦੱਸੋ ਤਾਂ... ਏਥੇ ਹੀ ਰਹਿ ਪਓ ਪੁੱਤਰਾ... ਭਲਾ ਅਮਰੀਕਾ ਆ ਕੇ ਪਿਛਾਂਹ ਵੀ ਕੋਈ ਮੁੜਦਾ ਜੇ?’’

‘‘ਚਲੋ ਫਿਰ ਦੇਖੂੰਗਾ... ਕੋਈ ਨਾ ਕੋਈ ਸਬੱਬ ਬਣਾਵਾਂਗੇ,’’ ਕਹਿ ਕੇ ਮੈਂ ਤੁਰ ਪਿਆ। ਤਜ਼ਮੱਲ ਮੈਨੂੰ ਮੈਟਰੋ ਵਿੱਚ ਬਿਠਾ ਗਿਆ।

ਮੰਗਲਵਾਰ ਸ਼ਾਮ ਨੂੰ ਹੀ ਤਜ਼ਮੱਲ ਨੇ ਹਰਨੇਕ ਨੂੰ ਕਹਿ ਦਿੱਤਾ ਕਿ ਸੁਖਚੈਨ ਭਾਜੀ ਨੂੰ ਮੈਂ ਏਅਰਪੋਰਟ ’ਤੇ ਛੱਡ ਕੇ ਆਵਾਂਗਾ, ਤੁਹਾਨੂੰ ਐਵੇਂ ਦਿਹਾੜੀ ਖਰਾਬ ਕਰਨ ਦੀ ਲੋੜ ਨਈਂ, ਮੇਰੇ ਨਾਲ ਬੂਟਾ ਵੀ ਜਾਊ।’’

ਸਵੇਰੇ ਗਿਆਰਾਂ ਕੁ ਵਜੇ ਹੀ ਤਜ਼ਮੱਲ ਮੇਰੇ ਕੋਲ ਪਹੁੰਚ ਗਿਆ। ਮੈਂ ਅਟੈਚੀ ਵਿੱਚ ਸਾਮਾਨ ਟਿਕਾ ਦਿੱਤਾ ਤਾਂ ਉਹ ਕਹਿੰਦਾ, ‘‘ਸੁਖਚੈਨ ਭਾ ਜੀ, ਅੰਮੀ ਜਾਨ ਨੇ ਤੁਸਾਂ ਨੂੰ ਕੁਝ ਦੇਣਾ ਜੇ... ਅਟੈਚੀ ’ਚ ਥਾਂ ਕਰ ਲਓ...।’’

ਮੈਂ ਹੱਸ ਪਿਆ ਤੇ ਕਿਹਾ, ‘‘ਮਾਂ ਜੀ ਬੱਸ ਆਸ਼ੀਰਵਾਦ ਦੇ ਦੇਣ... ਲੈਣਾ ਮੈਂ ਕੁੁਝ ਨਈਂ।’’ ਚੱਕ-ਥੱਲ ਕਰਦੇ ਅਸੀਂ ਤੁਰ ਹੀ ਪਏ। ਘਰ ਦੇ ਅੱਗੇ ਪਾਰਕ ਵਿੱਚ ਹੀ ਬੂਟਾ ਤੇ ਮਾਂ ਜੀ ਕੁਰਸੀਆਂ ’ਤੇ ਬੈਠੇ ਜਿਵੇਂ ਸਾਡੀ ਹੀ ਉਡੀਕ ਕਰ ਰਹੇ ਸਨ। ਤਜ਼ਮੱਲ ਨੇ ਗੱਡੀ ਰੋਕੀ, ਮੈਂ ਤੇ ਉਹ ਘਰ ਦੇ ਗੇਟ ਵੱਲ ਵਧੇ। ਮੈਂ ਮਾਂ ਜੀ ਦੇ ਕੋਲ ਖੜ੍ਹ ਗਿਆ। ਤਜ਼ਮੱਲ ਦੀ ਪਤਨੀ ਨੇ ਮੈਨੂੰ ਹੈਲੋ ਕਿਹਾ। ਇਸੇ ਵੇਲੇ ਮਾਤਾ ਨੇ ਬੜਾ ਭਾਰੀ ਕੱਪੜਿਆਂ ਨਾਲ ਭਰਿਆ ਲਿਫ਼ਾਫ਼ਾ ਮੇਰੇ ਵੱਲ ਕਰਦਿਆਂ ਕਿਹਾ, ‘‘ਲੈ ਪੁੱਤਰ

ਤਿਲ-ਫੁਲ ਆ... ਸਾਨੂੰ ਯਾਦ ਰੱਖੀ... ਚੱਲ ਮੈਂ ਤੈਨੂੰ ਛੱਡ ਕੇ ਆਉਂਦੀ ਆਂ... ਚੱਲ ਬਈ ਬੂਟੇ ਤੁਰੋ... ਐਵੇਂ ਆਪਾਂ ਲੇਟ ਨਾ ਹੋਈਏ...।''

ਅਸੀਂ ਤੁਰ ਪਏ। ਇੱਕ ਮੋੜ 'ਤੇ ਮਾਤਾ ਨੇ ਤਜ਼ਮੱਲ ਨੂੰ ਕਿਹਾ, ''ਤਜ਼ਮੱਲ ਪੁੱਤਰ... ਏਥੋ ਫੜ ਲੈ ਦਵਾਈ ਮੇਰੀ... ਫਿਰ ਤੈਨੂੰ ਯਾਦ ਨਈਂ ਰਹਿਣਾ...।''

''ਉਹ ਹਾਂ ਅੰਮੀ ਜਾਨ? ਲਓ ਹੁਣੇ ਲਓ,'' ਤਜ਼ਮੱਲ ਨੇ ਕਾਰ ਮਾਰਕੀਟ ਵੱਲ ਮੋੜੀ ਤੇ ਪਾਰਕਿੰਗ ਵਿੱਚ ਜਾ ਰੋਕੀ, ''ਲਓ ਬੈਠੋ ਤੁਸੀਂ ਮੈਂ ਆਇਆ ਪੰਜ ਮਿੰਟ 'ਚ, ''ਕਹਿੰਦਾ ਹੋਇਆ ਤਜ਼ਮੱਲ ਉੱਤਰ ਕੇ ਸ਼ੋਅਰੂਮਾਂ ਵੱਲ ਚਲਾ ਗਿਆ।

''ਲਓ ਪੁੱਛ ਲਓ ਅੰਮੀ ਜਾਨ ਚੈਨ ਭਾ ਜੀ ਕੋਲੋਂ... ਜਲੰਧਰ ਦੇ ਕੋਲ ਕੰਗਣੀਵਾਲ ਤਾਂ ਇਹ ਬਾਅਦ 'ਚ ਆ ਕੇ ਵਸੇ ਆਂ... ਪਹਿਲਾਂ ਤਾਂ ਹੁਸੈਨਪੁਰ ਹੁੰਦੇ ਸੀ... ਕਿਉਂ ਚੈਨ ਭਾ ਜੀ?''

''ਕਿਉਂ ਕੀ ਗੱਲ ਹੋਈ?'' ਮੈਂ ਪੁੱਛਿਆ।

''ਪੁੱਤ ਹੁਸੈਨਪੁਰ ਵਾਲੇ ਲਾਭ ਸਿਹੁੰ ਤੇ ਸਾਹਿਬ ਸਿਹੁੰ ਭਰਾ ਆ...'' ਮੈਂ ਤ੍ਰਭਕ ਕੇ ਮਾਤਾ ਵੱਲ ਦੇਖਿਆ।

''ਪੁੱਤਰ ਚੈਨ... ਇਨ੍ਹਾਂ ਵਿੱਚ ਤੇਰੇ ਤੇ ਤੇਰੀ ਬੇਗਮ ਦੇ ਕੱਪੜੇ ਆ... ਲਾਭ ਸਿਹੁੰ ਤੇ ਸਾਹਿਬ ਸਿਹੁੰ ਦੇ ਸਫਾਰੀ ਸੂਟ ਆ... ਤੁਸੀਂ ਸਾਰੇ ਜਿਉਂਦੇ ਵਸਦੇ ਰਹੋ... ਇੱਕ ਸੂਟ ਮੀਕੋ ਲਈ ਲਾਲ ਰੰਗ ਦਾ...। ਹੁਣ ਪੁੱਤਰਾ ਜਦੋਂ ਵੀ ਅਮਰੀਕਾ ਆਉਣਾ ਸਿੱਧਾ ਸਾਡੇ ਕੋਲ ਈ ਆਈਂ...''

ਮੈਂ ਕੀ ਬੋਲਦਾ... ਮੈਨੂੰ ਨਾ ਤਾਂ ਕੁਝ ਦਿਸ ਰਿਹਾ ਸੀ ਨਾ ਜ਼ਬਾਨ ਹੀ ਹਿੱਲ ਰਹੀ ਸੀ।

# ਭੇਤੀ ਬੰਦੇ

ਅਖ਼ਬਾਰਾਂ ਵਾਲੇ ਭੱਲੇ ਨੇ ਹੱਥ ਝਾੜ ਕੇ ਦਿਖਾ ਦਿੱਤੇ। ਘੰਟੇ ਭਰ ਤੋਂ ਉਹਦਾ ਰਾਹ ਦੇਖ ਰਹੇ ਸੀ ਕਿ ਉਹ ਆ ਕੇ ਜ਼ਰੂਰ ਕੋਈ ਆਸ ਦੀ ਕਿਰਨ ਦਿਖਾਏਗਾ ਪਰ ਉਹਨੇ ਆਉਂਦਿਆਂ ਹੀ ਸਿਰ ਫੇਰ ਦਿੱਤਾ।

"ਓਏ ਭਰਾਵੋ, ਐਧਰ ਆਓ ਮੇਰੇ ਕੋਲ਼ ।ਉਠੋ 'ਤਾਂਹ" ਅੰਬੂ ਢਾਬੇ ਵਾਲੇ ਨੇ ਕੋਲ ਆ ਕੇ ਕਿਹਾ ਤਾਂ ਸਾਰਿਆਂ ਦਾ ਧਿਆਨ ਭੱਲੇ ਵਲੋਂ ਹਟ ਕੇ ਅੰਬੂ ਵੱਲ ਹੋ ਗਿਆ।

ਸਾਰੇ ਜਣੇ ਦੋ ਪੈਰ ਅੰਬੂ ਵੱਲ ਵਧੇ। ਉਹਨੇ ਹਥਲੇ ਸਾਫੇ ਨਾਲ ਮੋਟੀ ਧੌਣ ਦੁਆਲਿਉਂ ਪਸੀਨਾ ਪੂੰਝਿਆ ਤੇ ਵੱਡੀਆਂ ਵੱਡੀਆਂ ਅੱਖਾਂ ਘੁਮਾ ਕੇ ਸਭ ਵੱਲ ਦੇਖਦਿਆਂ ਰਤਾ ਕੁ ਆਵਾਜ਼ ਦਬ ਕੇ ਬੋਲਿਆ, "ਉਨ੍ਹਾਂ ਦੋਹਾਂ ਨੂੰ ਪੁਲਿਸ ਵਾਲੇ ਪਤਾ ਨਈਂ ਮਾਰ ਕੇ ਜਾਂ ਕੁਛ ਹੋਰ ਕਰਕੇ, ਬਈ ਰੱਬ ਜਾਣੇ । ਸਵੇਰੇ ਮੂੰਹ ਨੇਰ੍ਹੇ ਜੀਪ 'ਚ ਸੁੱਟ ਕੇ ਲੈ ਗਏ ।ਮੈਂ ਚਾਹ ਦੇਣ ਆਏ ਨੇ ਇਨ੍ਹਾਂ ਨੂੰ ਆਪਣੀ ਅੱਖੀਂ ਦੇਖਿਆ।"

"ਅੱਛਾ!" ਸਭ ਦੇ ਮੂੰਹ ਅੱਡੇ ਰਹਿ ਗਏ। ਅੱਖਾਂ ਅੱਗੇ 'ਨੇਰ੍ਹ ਪਸਰ ਗਿਆ। ਦੂਰ ਦੁਮੇਲ 'ਚ ਖੁਲ੍ਹਾ ਦਰਵਾਜ਼ਾ ਜਿਵੇਂ ਅਚਾਨਕ ਬੰਦ ਹੋ ਗਿਆ। ਤੇ ਕਾਨ੍ਹੇ ਭਾਨੇ ਦੇ ਚਿਹਰਿਆਂ ਦੀ ਜੋ ਬਾਰੀਕ ਕਾਤਰ ਜਿਹੀ ਨਜ਼ਰ ਆਉਂਦੀ ਸੀ, ਪਲ ਵਿਚ ਹੀ ਅਲੋਪ ਹੋ ਗਈ।

ਇਸੇ ਘੜੀ ਦੋ ਮੁੰਡੇ ਸਾਈਕਲਾਂ 'ਤੇ ਸਾਹੋ ਸਾਹੇ ਹੋਏ ਆਏ, "ਕਿਸੇ ਪਿੰਡ ਦੇ ਖੇਤਾਂ 'ਚ ਉਨ੍ਹਾਂ ਨੂੰ ਟਰਾਲੀ 'ਚ ਪਾ ਕੇ ਲਿਆਏ ਆ । ਹਸਪਤਾਲ ਲੈ ਕੇ ਗਏ ਆ।" ਬੱਸ ਇੰਨਾ ਕਹਿ ਕੇ ਉਹ ਮੁੜ ਪਏ ਸਨ। ਤੇ ਅਸੀਂ ਹਸਪਤਾਲ ਨੂੰ ਹੋ ਤੁਰੇ।

ਕਾਨ੍ਹਾ ਤੇ ਭਾਨਾ-ਦੋਨੋਂ ਧਰਮਸ਼ਾਲਾ ਵਿਚ ਰਹਿੰਦੇ ਸਨ। ਦੋਨੋਂ ਉਚੀ ਥੇਹ ਉਪਰ ਉਗੇ ਪਿੱਪਲ ਤੇ ਬੋਹੜ। ਉਹ ਬਹੁਤਾ ਬੱਸ ਅੱਡੇ ਵਿਚ ਰਹਿੰਦੇ। ਨਾ ਕੋਈ ਅੱਗਾ ਨਾ ਪਿੱਛਾ। ਜੇ ਕਿਤੇ ਭਾਨੇ ਕੋਲੋਂ ਪੁੱਛ ਲਓ ਤਾਂ ਸ਼ੁਰੂ ਹੋ ਜਾਵੇਗਾ,

"ਕੀ ਦੱਸੀਏ ਤੇ ਕੀ ਨਾ ਦੱਸੀਏ, ਪਿੰਡ ਗਹੌਰ ਤਸੀਲ ਫਿਲੌਰ, ਮਿਸਤਰੀ ਨੰਦ ਸੂੰ ਦਾ ਵਿਹੜਾ, ਬਈ ਜਾਣੇ ਨਾ ਜਿਹੜਾ; ਦੋ ਧੀਆਂ ਤੇ ਤਿੰਨ ਪੁੱਤ, ਇੱਕ ਨੂੰ ਛੱਡ ਕੇ ਸਾਰੇ ਘੜੁੱਤ ।ਜਿਹਨੂੰ ਛੱਡਿਆ ਉਹ ਤੁਹਾਡੇ ਸਾਹਮਣੇ ਬੈਠਾ ਭਾਨ ਸੂੰ ਭੋਗਲ।" ਉਹ ਭੋਗਲ ਸ਼ਬਦ ਉਤੇ ਆ ਕੇ ਰਤਾ ਕੁ ਜ਼ੋਰ ਲਾ ਦਿੰਦਾ, ਫਿਰ ਆਪ ਈ ਢਿੱਲਾ ਜਿਹਾ ਪੈ ਕੇ ਕਹਿੰਦਾ, "ਮਿੱਟੀ ਪਾ ਓਏ ਵੱਡਿਆ ਭੋਗਲਾ, ਰਹਿ ਗਏ ਹੋਰ ਚਾਰ ਦਿਹਾੜੇ, ਕਰ ਲਾ ਕੋਈ ਚੰਗਾ ਕੰਮ।" ਫਿਰ ਲੰਮਾ ਸਾਹ ਲੈ ਕੇ ਬੋਲਦਾ, "ਤੇ ਆਪਾਂ ਫੌਜ ਵਿਚ ਜਾ ਭਰਤੀ ਹੋਏ ।ਭਾਈਆ ਕਹਿੰਦਾ ਰਿਹਾ ਦੁਕਾਨ 'ਤੇ ਕੰਮ ਕਰਾਂ, ਪਰ ਮੇਰਾ ਮਨ ਦਾਤੀਆਂ-ਰੰਬੇ ਚੰਡਣ ਨੂੰ ਨਈਂ ਮੰਨਿਆ ।ਦੋਨੋਂ ਵੱਡੇ ਭਰਾ ਕਿਸੇ ਬੰਦੇ ਨੂੰ ਮਾਰ ਕੇ ਵੀਹ ਵੀਹ ਸਾਲ ਲਈ ਵੱਡੇ ਘਰ ਜਾ ਬੈਠੇ ।ਮਾਂ ਤੇ ਭਾਈਆ ਰਹਿ ਗਏ 'ਕੱਲੇ ਉਨ੍ਹਾਂ ਨੂੰ ਰੋਣ ਨੂੰ । ਤੇ ਰੋਂਦੇ ਰੋਂਦੇ ਅਖ਼ੀਰ ਤੁਰ ਗਏ ਤੇ ਬਾਕੀ ਰਹਿ ਗਿਆ ਕੰਧਾਂ ਨੂੰ ਪਿੱਟਣ ਲਈ ਪਿੱਛੇ ਭਾਨ ਸੂੰ ਭੋਗਲ।" ਤੇ ਉਹਦਾ ਗੱਚ ਭਰ ਆਉਂਦਾ, ਅੱਖਾਂ ਸਿੰਮ ਪੈਂਦੀਆਂ।

"ਰੋਈ ਚੱਲ ਮਰ ਗਿਆਂ ਨੂੰ ਚੇਤੇ ਕਰ ਕਰ।" ਵਿਚੇ ਕਾਨ੍ਹਾ ਬੋਲਣਾ ਸ਼ੁਰੂ ਕਰ ਦਿੰਦਾ, "ਤੂੰ 'ਕੱਲਾ ਨਈਂ ਰੋਂਦਾ ਭਰਾਵਾ, ਸਾਰਾ ਮੁਲਖ ਈ ਵਿਛੜ ਗਿਆਂ ਨੂੰ ਯਾਦ ਕਰ ਕਰ ਰੋਈ ਜਾਂਦਾ ਪਰ ਭਰਾਵਾ ਲੱਭਦਾ ਕੀ ਆਖੇਹ ਸੱਤਾਂ ਚੁੱਲ੍ਹਿਆਂ ਦੀ।ਬੀਤ ਗਏ 'ਤੇ ਮਿੱਟੀ ਪਾ ਦੇਨਾ ਚੇਤੇ ਕਰਿਆ ਕਰ ਜ਼ਾਲਮਾ ਕਿਸੇ ਨੂੰ ਵੀ, ਕਿਉਂ ਦੁੱਖ ਭੋਗਦੈਂ, ਬਾਕੀ ਮੈਂ ਦੱਸ ਦਿੰਨਾਂ ।ਲਓ ਜੀ ਇਹ ਆ

ਗਿਆ ਫੌਜ 'ਚੋਂ ਗੋਲੀਆਂ ਖਾ ਕੇ ਤੇ ਘਰ ਆ ਬੈਠਿਆ। ਘਰ ਕਾਹਦਾ ਸੀ, ਢੱਠੀ ਹੋਈ ਡੇਢ ਕੰਧ। ਤਾਇਆਂ-ਚਾਚਿਆਂ ਨੇ ਬੂਹੇ ਬਾਰੀਆਂ ਪੁੱਟ ਕੇ ਅੰਦਰ ਸੁੱਟ ਲਏ, ਕੱਚੀਆਂ ਇੱਟਾਂ ਵੀ ਨਈਂ ਛੱਡੀਆਂ ਤੇ ਭੋਗਲ ਸਾਬ੍ਹ ਆ ਲੱਗੇ ਮਿੱਲ 'ਚ।"

"ਤੈਨੂੰ ਜੁ ਮਿਲਣਾ ਸੀ ਪਿਛਲੇ ਜਨਮਾਂ ਦਾ ਕੋਈ ਲੇਖਾ ਜੋਖਾ ਕਰਨ," ਕਹਿੰਦਾ ਹੋਇਆ ਭਾਨਾ ਕਾਨ੍ਹ ਦਾ ਹੱਥ ਫੜ ਕੇ ਅੱਖਾਂ ਨੂੰ ਲਾ ਲੈਂਦਾ ਤੇ ਲੰਮਾ ਸਾਹ ਭਰ ਕੇ ਬੋਲਦਾ, "ਕਾਨ੍ਹਿਆ ਜੇ ਤੇਰਾ ਭਰਾ ਚੰਗਾ ਹੁੰਦਾ ਤਾਂ ਤੈਨੂੰ ਕਿਤੇ ਮਾੜਾ ਮੋਟਾ ਚੜ੍ਹਾ ਚਪੜਾਸੀ ਈ ਰਖਾ ਦਿੰਦਾ, ਆਪ ਏਨਾ ਵੱਡਾ ਅਫਸਰ ਸੀ ਪਰ ਬਈ ਜਿਸ ਭਰਾ ਨੇ ਭਰਾ ਦੀਆਂ ਜੜ੍ਹਾਂ ਨਹੀਂ ਵੱਢੀਆਂ, ਉਹ ਭਰਾ ਕੇਹਾ ਹੋਇਆ। ਤੇਰੇ ਪੈਰ ਤਾਂ ਤੇਰੀ ਭਰਜਾਈ ਨੇ ਈ ਨਾ ਲੱਗਣ ਦਿੱਤੇ, ਨਿਆਣੇ ਖਿਡਾਉਣ 'ਤੇ ਲਾਈ ਰੱਖਿਆ, ਉਹ ਤੈਨੂੰ ਖੁਰੇ ਵਿਚ ਨ੍ਹਾਉਣ ਵੀ ਨਈਂ ਸੀ ਦਿੰਦੀ । ਠੀਕ ਆ ਨਾ ਕਾਨ੍ਹਿਆ?" ਭਾਨਾ ਟਕੋਰੀਂ ਉਤਰ ਆਉਂਦਾ। "ਤੈਂ ਆਪਣੇ ਬਜ਼ੁਰਗ ਕੋਲੋਂ ਵੀ ਪੰਡਤਾਂ ਆਲੀ ਕੋਈ ਗੱਲ ਨਾ ਸਿੱਖੀ। ਉਹ ਵਿੱਦਿਆ ਕਿਤੇ ਸਿੱਖੀ ਹੁੰਦੀ ਤਾਂ ਕਿਹਦੇ ਲੈਣ ਦੇ ਸੀ ।ਅਖ਼ੀਰ ਭਰਾ ਨੇ ਘਰੋਂ ਧੱਕਾ ਦੇ ਦਿਤਾ, ਉਹ ਤਾਂ ਮਾਸੜ ਚੰਗਾ ਨਿਕਲਿਆ ਜਿਹਨੇ ਚਰਨਾਂ 'ਤੇ ਆ ਡਿੱਗੇ ਨੂੰ ਸੰਭਾਲ ਲਿਆ। ਤੈਨੂੰ ਉਹਨੇ ਢੋਲਕੀ ਵਜਾਉਣੀ, ਖੜਤਾਲਾਂ ਵਜਾਉਣੀਆਂ ਤੇ ਭਜਨ ਗਾਉਣੇ ਸਿਖਾ ਦਿੱਤੇ ।ਫੇਰ ਤੈਨੂੰ ਉਹਨੇ ਮਿੱਲ ਵਿਚ ਭਰਤੀ ਕਰਾ ਦਿੱਤਾ।"

ਉਹ ਦੁੱਖ ਨਾਲ ਭਰੀਆਂ ਗੱਲਾਂ ਕਰਕੇ ਹੱਸਦੇ।

ਮਿੱਲ ਵਿਚ ਕੰਮ ਕਰਦੇ ਉਹ ਨਾਲ ਦਿਆਂ ਦਾ ਮਨ ਪ੍ਰਚਾਈ ਰੱਖਦੇ। ਉਨ੍ਹਾਂ ਦੋਹਾਂ 'ਚੋਂ ਇਕ ਦਾ ਚਿੱਤ ਕੰਮ 'ਤੇ ਜਾਣ ਨੂੰ ਨਾ ਕਰਦਾ ਤਾਂ ਦੂਜਾ ਵੀ ਹਟੀ ਪਲੱਟੀ ਲੈ ਕੇ ਪੈ ਜਾਂਦਾ। ਉਨ੍ਹਾਂ ਨੂੰ ਕੰਮ ਉਪਰ ਆਏ ਨਾ ਦੇਖ ਕੇ ਦੂਜੇ ਆਦਮੀ ਪਾਲਾਂ ਬੰਨ੍ਹੀਂ ਧਰਮਸ਼ਾਲਾ ਨੂੰ ਤੁਰ ਪੈਂਦੇ। ਕੋਈ ਦੁਆਈ ਫੜ ਲਿਆਉਂਦਾ, ਕੋਈ ਚਾਹ ਬਣਾਉਣ ਬੈਠ ਜਾਂਦਾ। ਕੋਈ ਲੱਤਾਂ ਬਾਹਾਂ ਘੁੱਟਣ ਬੈਠ ਜਾਂਦਾ ਤੇ ਕੋਈ ਸਿਰ ਵਿਚ ਤੇਲ ਝੱਸਣ ਲੱਗਦਾ।

ਜਿਨ੍ਹਾਂ ਦਿਨਾਂ ਵਿਚ ਮਿੱਲ 'ਚ ਹੜਤਾਲ ਹੋਈ, ਉਦੋਂ ਕਾਨ੍ਹੇ ਤੇ ਭਾਨੇ ਨੇ ਜੋ ਕੰਮ ਕੀਤਾ ਉਹਨੇ ਪੂਰੇ ਸ਼ਹਿਰ ਵਿਚ ਲੋਕਾਂ ਨੂੰ ਦੋਹਾਂ ਦੇ ਗੁਣ ਗਾਉਣ ਲਾ ਦਿੱਤਾ। ਪੂਰੇ ਤਿੰਨ ਮਹੀਨੇ ਹੜਤਾਲ ਰਹੀ। ਤਨਖਾਹਾਂ ਬੰਦ ਤੇ ਭੁੱਖ ਦਾ ਰਾਜ ਰਿਹਾ। ਉਦੋਂ ਭਾਨਾ ਤੇ ਕਾਨ੍ਹਾ ਸ਼ਹਿਰ ਨਿਕਲੇ ਰੁਪਈਆ ਰੁਪਈਆ ਮੰਗ ਕੇ ਹਜ਼ਾਰਾਂ ਰੁਪਈਆ ਇਕੱਠਾ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਕਾਨ੍ਹੇ ਨੇ ਰੁੜਕੀ ਵਾਲੇ ਸਾਧੂ ਕੋਲੋਂ ਸਾਨਗੀ ਵਜਾਉਣੀ ਸਿੱਖੀ। ਪਹਿਲਾਂ ਤਾਂ ਉਸ ਨੂੰ ਗਜ਼ ਵੀ ਫੜਨਾ ਨਈਂ ਸੀ ਆਉਂਦਾ ਪਰ ਸਾਧੂ ਨੇ ਉਹਨੂੰ ਐਸਾ ਚੰਡਿਆ ਕਿ ਸਾਨਗੀ ਕਾਨ੍ਹੇ ਦੇ ਕੋਲ ਪਈ ਹੀ ਵੱਜਣ ਲੱਗ ਪੈਂਦੀ। ਹੜਤਾਲੀਆਂ ਦੇ ਤੰਬੂ ਵਿਚ ਰਾਤ ਦਿਨ ਸਾਨਗੀ ਵੱਜਦੀ। ਕਾਨ੍ਹੇ ਵੱਲ ਦੇਖ ਕੇ ਭਾਨੇ ਨੇ ਢੱਡ ਖਰੀਦ ਲਿਆਂਦੀ ਤੇ ਹੌਲੀ ਹੌਲੀ ਉਹਦਾ ਹੱਥ ਖੁੱਲ੍ਹ ਗਿਆ।

ਸਾਨਗੀ ਵਜਦੀ, ਰਾਤ ਰਾਤ ਤੱਕ। ਦਿਨ ਢਲ ਜਾਂਦਾ ਤੇ ਸੂਰਜ ਦਰੀਂ ਆ ਢੁਕਦਾ ।ਸਾਨਗੀ ਦੀਆਂ ਸੁਰਾਂ ਵਿਚ ਧੁੱਪ ਦਾ ਤੇਜ਼ ਮੱਠਾ ਪੈ ਜਾਂਦਾ। ਸੀਤ ਹਵਾ ਦੇ ਬੁੱਲੇ ਸਾਨਗੀ ਦੀਆਂ ਸੁਰਾਂ ਨਾਲ ਮਿਲ ਕੇ ਆਪਣੀ ਠੰਡ ਭੁੱਲ ਜਾਂਦੇ। ਤੇ ਭਾਨੇ ਦੀ ਢੱਡ ਜਦੋਂ ਵੱਜਦੀ ਤਾਂ ਦਰਖਤਾਂ 'ਤੇ ਬੈਠੇ ਜਨੌਰ ਸਹਿਮ ਜਾਂਦੇ, ਬੀਹੀ ਵਿਚ ਚਲਦੇ ਕਦਮ ਰੁਕ ਜਾਂਦੇ। ਮੋਢੇ ਨਾਲ ਮੋਢਾ ਖਹਿਣ ਲੱਗਦਾ। ਉਹ ਇਉਂ ਝੂਮਦੇ ਜਿਵੇਂ ਮਾਲਵੇ ਵਾਲੇ ਰਾਮੂੰਵਾਲੀਏ ਭਰਾਵਾਂ ਦਾ ਕਵੀਸ਼ਰੀ ਜੱਥਾ ਗਾ ਰਿਹਾ ਹੋਵੇ।

ਮਿੱਲ ਵਿਚ ਹੜਤਾਲ ਖੁੱਲ੍ਹੀ ਤਾਂ ਭਾਨਾ ਤੇ ਕਾਨ੍ਹਾ ਕੰਮ 'ਤੇ ਨਾ ਗਏ। ਲੋਕ ਲੱਭਣ ਆਏ ਤਾਂ ਧਰਮਸ਼ਾਲਾ ਵਾਲੇ ਕਮਰੇ ਨੂੰ ਜਿੰਦਾ ਲੱਗਾ ਹੋਇਆ ਸੀ। ਉਹ ਦੋਨੋਂ ਕਿੱਥੇ ਛਪਨ ਹੋ ਗਏ, ਕਿਸੇ ਨੂੰ ਕੁਛ ਪਤਾ ਨਹੀਂ।

ਜਦੋਂ ਕਈ ਮਹੀਨੇ ਬੀਤ ਗਏ ਤਾਂ ਇਕ ਦਿਨ ਉਹ ਨਜ਼ਰ ਆਏ। ਉਹੀ ਠਾਠ ਬਾਠ, ਉਹੀ ਮੜਕ ਤੇ ਆਕੜ। ਫਿਰਦੇ ਫਿਰਾਉਂਦੇ ਉਹ ਦੁਪਹਿਰੇ ਮਿੱਲ ਦੇ ਗੇਟ 'ਤੇ ਆ ਗਏ। ਮਜ਼ਦੂਰਾਂ ਨੂੰ ਪਤਾ ਲੱਗਾ ਤਾਂ ਦੌੜੇ ਤੇ ਜੱਫੀਆ ਪਾ ਪਾ ਮਿਲੇ। ਉਹ

ਗੱਲਾਂ ਕਰਦੇ ਯੂਨੀਅਨ ਦੇ ਦਫ਼ਤਰ ਵਿਚ ਕਾਮਰੇਡ ਕੋਲ ਆ ਬੈਠੇ। ਕਾਮਰੇਡ ਨੇ ਉਨ੍ਹਾਂ ਨੂੰ ਕੰਮ 'ਤੇ ਲੱਗਣ ਲਈ ਜ਼ੋਰ ਪਾਇਆ ਤਾਂ ਉਹ ਅੜ ਗਏ। ਕਾਮਰੇਡ ਚੁੱਪ ਕਰ ਗਿਆ। ਤੁਰਨ ਲੱਗੇ ਤਾਂ ਕਾਨ੍ਹੇ ਨੇ ਫਤੂਹੀ ਦੀ ਜੇਬ 'ਚੋਂ ਪੰਜ ਸੌ ਰੁਪਈਆ ਕੱਢ ਕੇ ਕਾਮਰੇਡ ਦੇ ਮੂਹਰੇ ਰੱਖ ਦਿੱਤਾ।

"ਨਾ ਬਈ ਸਾਥੀਓ, ਇਹ ਕੰਮ ਨਈਂ ਹੋਣਾ ।ਚੁੱਕੋ ਇਹ ਪੈਸੇ ਤੇ ਰੱਖੋ ਆਪਣੇ ਕੋਲ," ਕਾਮਰੇਡ ਨੇ ਨੱਕ 'ਤੇ ਢਿਲਕ ਆਈ ਐਨਕ ਨੂੰ ਫੜਦਿਆਂ ਦੂਜੇ ਹੱਥ ਨਾਲ ਨੋਟ ਚੁੱਕੇ ਕੇ ਕਾਨ੍ਹੇ ਵੱਲ ਵਧਾਏ।

"ਕਿਉਂ ਕਾਮਰੇਡਾ, ਇਹ ਪੈਹੇ ਤੇਰੇ ਦੰਦੀਆਂ ਵੱਢਦੇ ਆ? ਦੱਸ ਭਲਾ ਹੁਣ ਪੰਜਾਂ ਛੇਆਂ ਮਹੀਨਿਆਂ 'ਚ ਯੂਨੀਅਨ ਬਹੁਤ ਅਮੀਰ ਹੋ ਗਈ? ਭਰਾਵਾ ਅਸੀਂ ਇਹ ਮਿਹਨਤ ਕਰਕੇ ਈ ਕਮਾਏ ਆ," ਭਾਨਾ ਤਲਖ਼ ਹੋ ਕੇ ਕਾਮਰੇਡ ਦੁਆਲੇ ਹੋ ਗਿਆ।

"ਚੰਗਾ ਬਈ ਨਾ ਲੈ ਤੂੰ ।ਅਸੀਂ ਧਰਮਸ਼ਾਲਾ ਦੇ ਧਰਮਖਾਤੇ 'ਚ ਜਮ੍ਹਾਂ ਕਰਾ ਦਿੰਦੇ ਆਂ ਜਾਂ ਫੇਰ ਭਾਈ ਜੀ ਨੂੰ ਦੇਗ ਕਰਾਉਣ ਲਈ ਦੇ ਆਵਾਂਗੇ। ਨਾਲੇ ਉਹਦੇ ਚਾਰ ਦਿਨ ਚੰਗੇ ਲੰਘ ਜਾਣਗੇ, ਵਿਚਾਰਾ ਪਊਏ ਅਧੀਏ ਨਾਲੋਂ 'ਕੱਠੀਆਂ ਚਾਰ ਛੇ ਬੋਤਲਾਂ ਲਿਆ ਰੱਖੂ ।ਕਿਉਂ ਭਾਨ ਸਿਆਂ?" ਬੋਲਦੇ ਹੋਏ ਕਾਨ੍ਹੇ ਨੇ ਨੋਟਾਂ ਵੱਲ ਹੱਥ ਵਧਾਇਆ ਤਾਂ ਕਾਮਰੇਡ ਨੇ ਝਪੱਟਾ ਮਾਰ ਕੇ ਨੋਟ ਕਾਬੂ ਕਰ ਲਏ।

ਉਹ ਸਵੇਰੇ ਉਠਦੇ, ਨ੍ਹਾ ਧੋ ਕੇ ਧਰਮਸ਼ਾਲਾ ਦੇ ਅੰਦਰਵਾਰ ਪੱਕੇ ਥੜ੍ਹੇ ਉਪਰ ਬਹਿ ਜਾਂਦੇ। ਕਾਨ੍ਹਾ ਸਾਨਗੀ ਦੀਆਂ ਤਾਰਾਂ ਕੱਸਦਾ ਤੇ ਟੁਣਕਾਅ ਕੇ ਸੁਰ ਕਰਦਾ। ਭਾਨਾ ਘੰਟਾ ਭਰ ਤਾਂ ਸ਼ੀਸ਼ਾ ਮੂਹਰੇ ਰੱਖ ਕੇ ਪੰਜ ਸੱਤ ਵਾਰੀ ਪੱਗ ਬੰਨ੍ਹਦਾ ਤੇ ਢਾਹੁੰਦਾ, ਫਿਰ ਢੱਡ ਉਪਰ ਜਿਉਂ ਇਕੋ ਤਾਲ ਪੋਲੇ ਪੋਲੇ ਉਂਗਲੀ ਮਾਰਨ ਲੱਗਦਾ, ਬੜਾ ਚਿਰ ਮਾਰੀ ਹੀ ਜਾਂਦਾ। ਫਿਰ ਉਹ ਦੋਨੋਂ ਇਕ ਤਾਲ ਸਾਜ਼ ਵਜਾਉਣੇ ਸ਼ੁਰੂ ਕਰਦੇ ।ਝੂਮਣ ਲੱਗਦੇ ।ਅੱਖਾਂ ਮੁੰਦ ਜਾਂਦੀਆਂ ।ਗਜ਼ ਦੇ ਸਿਰੇ 'ਤੇ ਬੱਝੇ ਘੁੰਗਰੂਆਂ ਦੀ ਛਣਕਾਰ ਦੁਆਲੇ ਚੁੱਪ ਖੜ੍ਹੀਆਂ ਕੰਧਾਂ ਨੂੰ ਗੂੰਜਣ ਲਾ ਦਿੰਦੀ। ਦਰਖਤਾਂ ਦੇ ਪੱਤੇ ਨੱਚਣ ਲੱਗਦੇ। ਸਾਰਾ ਆਲਾ ਦੁਆਲਾ ਸੰਗੀਤ ਨਾਲ ਭਰ ਜਾਂਦਾ।

ਹੌਲੀ ਹੌਲੀ ਦੋਹਾਂ ਨੇ ਸ਼ਹਿਰ ਵਿਚ ਖਾੜੇ ਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਪਹਿਲਾਂ ਖਾੜਾ ਅੰਬਾਂ ਵਾਲੀ ਬਾੜੀ ਕੋਲ ਲਾਇਆ। ਦੂਜੇ ਦਿਨ ਸ਼ਹੀਦਾਂ ਵਾਲੇ ਚੌਕ ਵਿਚ ਤੇ ਅਗਲੇ ਦਿਨ ਪੀਰਾਂ ਵਾਲੀ ਮਜ਼ਾਰ ਕੋਲ। ਥੋੜ੍ਹੇ ਦਿਨਾਂ ਵਿਚ ਹੀ ਉਨ੍ਹਾਂ ਪੂਰੇ ਸ਼ਹਿਰ 'ਚ ਗੇੜਾ ਦੇ ਦਿੱਤਾ। ਤੇ ਅਖ਼ੀਰ ਬੱਸ ਅੱਡੇ ਵਿਚ ਪੱਕੇ ਹੀ ਆ ਟਿਕੇ।

ਕਈ ਵਰ੍ਹੇ ਹੋ ਗਏ ਹਨ ਉਨ੍ਹਾਂ ਨੂੰ ਬੱਸ ਅੱਡੇ ਵਿਚ ਮੰਗਦਿਆਂ। ਅੱਡੇ ਵਾਲੇ 'ਖਾਸ ਬੰਦਿਆਂ' 'ਚ ਉਹ ਵੀ ਗਿਣੇ ਜਾਂਦੇ ਹਨ। ਕਈ ਡਰਾਈਵਰ ਕੰਡਕਟਰ ਵੀ ਉਨ੍ਹਾਂ ਕੋਲ ਆ ਕੇ ਪੁੱਛਣਗੇ, "ਰੱਬ ਦਿਓ ਬੰਦਿਓ, ਭਲਾ ਤੇਰਾਂ ਪੱਚੀ ਆਲਾ ਲਸ਼ਕਰ ਲੰਘ ਗਿਆ? ਆਹ ਪੈਪਸੂ ਆਲੇ ਤਿੰਨ ਦਸ 'ਤੇ ਆਉਂਦੇ ਆ ।ਕਿਤੇ ਲੰਘ ਤਾਂ ਨਈਂ ਗਏ? ਚਾਰ ਵਜੇ ਚੰਡੀਗੜ੍ਹ ਡਿਪੂ ਆਲਾ ਦੇਵ ਆਵੇ ਤਾਂ ਆਹ ਰੁੱਕਾ ਫੜਾ ਦਿਓ।"

ਸਮਾਂ ਬੀਤਣ ਨਾਲ ਉਹ ਦੋਨੋਂ ਵੀ ਹੁਣ ਅੱਗੇ ਵਾਲੇ ਨਈਂ ਰਹੇ। ਉਨ੍ਹਾਂ ਦੀ ਬੋਲਚਾਲ, ਗੀਤ ਸੰਗੀਤ ਤੇ ਲੋਕਾਂ ਨੂੰ ਦੇਖਣ ਪਰਖਣ ਦੀ ਨਿਗ੍ਹਾ ਵੀ ਬਦਲ ਗਈ ਹੈ। ਸਮਾਂ ਲੰਘਦਾ ਲੰਘਦਾ ਉਨ੍ਹਾਂ ਦੀ ਸੋਚ 'ਤੇ ਵੀ ਝਰੀਟਾਂ ਪਾ ਗਿਆ ਹੈ। ਹੁਣ ਉਹ ਇੰਨੇ ਹੁਸ਼ਿਆਰ ਹੋ ਗਏ ਹਨ ਕਿ ਰੁਮਕਦੀ ਹਵਾ 'ਚੋਂ ਰੰਗ ਫੜਨ ਲੱਗੇ ਹਨ। ਉਹ ਜਦੋਂ ਭਰੀ ਹੋਈ ਬੱਸ 'ਚ ਚੜ੍ਹਦੇ ਹਨ ਤਾਂ ਸਿੱਧਾ ਸਾਨਗੀ ਜਾਂ ਢੱਡ ਵਜਾ ਕੇ ਲੋਕਾਂ ਨੂੰ ਸੰਬੋਧਨ ਨਹੀਂ ਹੁੰਦੇ। ਬੱਸ ਵਿਚ ਆ ਕੇ, ਪਲ ਭਰ ਲਈ ਨਿਗ੍ਹਾ ਟਿਕਾਅ ਕੇ, ਫਿਰ ਤਾਰਾਂ 'ਤੇ ਗਜ਼ ਪੋਲੇ ਪੋਲੇ ਫੇਰਦਿਆਂ, ਤੁਣਕੇ ਨਾਲ ਘੁੰਗਰੂ ਛਣਕਾ ਕੇ ਕਾਨ੍ਹਾ ਸ਼ੁਰੂ ਕਰਦਾ ਹੈ,

"ਬੱਲੇ ਬੱਲੇ! ਲੈ ਬਈ ਭਾਨਿਆ, ਆਹ ਤਾਂ ਦੁਆਬੀਏ ਛਾ ਗਏ ਦੇਖ ਲੈ ਡੁਬਈ ਬੱਸ ਵਿਚ ਈ ਉਤਰ ਪਈ ਆ ।ਵੱਜਦੀਆਂ ਟੇਪਾਂ, ਨਈਂ ਰੀਸਾਂ ਬਈ।" ਪੱਟਾਂ 'ਤੇ ਟੇਪ ਰੱਖੀ ਬੈਠੇ ਵਿਦੇਸ਼ੋਂ ਮੁੜੇ, ਲਿਸ਼ਕਦੇ ਮੁੰਡੇ ਦੇ ਮੋਢੇ 'ਤੇ ਹੱਥ ਰੱਖ ਦਿੰਦਾ ਉਹ ਤੇ ਬੋਲਦਾ, "ਪਾ ਤੇ ਫੇ ਚੁਬਾਰੇ?ਲਾ ਤਾ ਘਰ 'ਚ ਰੰਗੀਨ ਟੀਵੀ? ਲੈ ਆਇਐਂ ਸੋਨੇ ਦੇ ਬਿਸਕੁਟ? ਸ਼ਾਬਾਸ਼ੇ ਬਈ ਸ਼ਾਬਾਸ਼ੇ ! ਚੱਕ 'ਤਾ ਇਕ ਵਾਰੀ ਗੰਦ ਘਰ ਦਾ!" ਫਿਰ ਉਹ ਗਾਉਣ ਲੱਗਦੇ।

ਤੇ ਦੂਜੀ ਬੱਸ ਚੜ੍ਹਦੇ ਤਾਂ ਭਾਨਾ ਢੱਡ 'ਤੇ ਉਂਗਲ ਮਾਰਦਾ ਆਖਣ ਲੱਗਦਾ, "ਬਈ ਪ੍ਰਭੂ ਦਿਓ ਬੰਦਿਓ, ਤੁਹਾਨੂੰ ਪਤਾ ਈ ਆ ਪਈ ਅਸੀਂ ਮੰਗਣ ਨਈਂ ਆਏ। ਅਸੀਂ ਤਾਂ ਆਏ ਆਂ ਇਨ੍ਹਾਂ ਬੀਬੀਆਂ ਦਾਹੜੀਆਂ ਦੇ ਦਰਸ਼ਨ ਪਰਸ਼ਨ ਕਰਨ ।ਆਹ ਛੈਲ ਛਬੀਲੇ ਗੱਭਰੂਆਂ ਦੇ ।ਇਨ੍ਹਾਂ ਆਪਣੀਆਂ ਮਾਂਵਾਂ ਦੇ।" ਅਚਾਨਕ ਭਾਨਾ ਚੁੱਪ ਕਰ ਜਾਂਦਾ। ਉਹ ਅੱਥਰੂ ਕੇਰਦੀ ਇਕ ਜੁਆਨ ਔਰਤ ਵੱਲ ਗਹੁ ਨਾਲ ਦੇਖਦਾ ਕਾਨ੍ਹੇ ਨੂੰ ਪੁੱਛਦਾ, "ਕਾਨ੍ਹਿਆ ਭਰਾਵਾ ਇਹ ਬੱਸ ਭਲਾ ਕਿੱਥੋਂ ਆਈ ਆ?"

"ਇਹ ਸ਼ੈਦ ਪਟਿਆਲੇ ਤੋਂ ਆ!"

"ਭਾ ਪਟਿਆਲੇ ਨੂੰ ਤਾਂ ਚੱਲੀ ਐ ।ਗੁਰਦਾਸਪੁਰੋਂ ਆ," ਇਕ ਮਰਦ ਸੁਆਰੀ ਵਿਚੋਂ ਹੀ ਬੋਲਦੀ।

"ਉਹ ਹੋ ਹੋ, ਮਾਫੀ ਦੇਣੀ ਸੰਗਤੇ ।ਭੁੱਲ ਹੋ ਗਈ, ਭੁੱਲ ਹੋ ਗਈ। ਗੁਰਦਾਸਪੁਰ ਤਾਂ ਰਾਤੀਂ ਸੁਣਿਆ ਬੰਦੇ ਨੂੰ ਬੰਦਾ ਖਾ ਗਿਆ ।ਲਾਸ਼ਾਂ ਵਿਛ ਗਈਆਂ ।ਰੱਬਾ ਮਿਹਰ ਕਰ! ਮਿਹਰ ਕਰ!" ਬੋਲਦੇ ਹੋਏ ਉਹ ਬੱਸ 'ਚੋਂ ਹੇਠਾਂ ਉਤਰ ਆਉਂਦੇ।

"ਬੱਲੇ ਬੱਲੇ ਜੈ ਗੁਰਦੇਵ ਬਈ ਮਲਵਈ ਭਰਾਵੋ, ਬੜਾ ਲੰਮਾ ਸਫ਼ਰ ਕਰਕੇ ਆਏ ਆਂ ਤੁਸੀਂ। ਲਓ ਫੇ ਸਾਡੇ ਤੋਂ ਵੀ ਸੁਣ ਲਓ ਰੱਬ ਦੇ ਘਰ ਦੀ ।ਤੁਸੀਂ ਵੀ ਜਾਣਾ ਤੇ ਅਸੀਂ ਵੀ ਜਾ ਕੇ ਰੋਟੀ ਟੁੱਕ ਕਰਨੈ ।ਤੁਸੀਂ ਸਾਡੇ ਕੋਈ ਬੰਨ੍ਹੇ ਹੋਏ ਨਈਂ ਤੇ ਨਾ ਈ ਅਸੀਂ ਤੁਹਾਡੇ ਬੰਨ੍ਹੇ ਆਂ।" ਸੁਆਰੀਆਂ ਹੱਸਣ ਲੱਗਦੀਆਂ। ਕਾਨ੍ਹਾ ਕਾਹਲੀ ਕਾਹਲੀ ਤਿੰਨ ਚਾਰ ਝਟਕੇ ਗਜ਼ ਨੂੰ ਮਾਰ ਕੇ ਘੁੰਗਰੂ ਛਣਕਾਉਂਦਾ ਤੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੋਇਆ ਬੋਲਦਾ, "ਨਾਲੇ ਭਰਾਵੋ ਤੁਹਾਡਾ ਕੀ ਆ, ਤੁਸੀਂ ਤਾਂ ਲੱਪ ਸਾਰਾ ਜਰਦਾ ਬੁੱਲਾਂ 'ਚ ਰੱਖਿਆ ਨਈਂ ਤੇ ਪਠਾਨਕੋਟ ਪਹੁੰਚੇ ਨਈਂ ।ਪਰ ਸਾਡਾ ਤਾਂ ਐਂ ਸਰਦਾ ਨਈਂ।"

"ਏਸ ਸਹੁਰੇ ਜਰਦੇ ਨੇ ਤਾਂ ਪੂਰਾ ਮਾਲਵਾ ਚੱਟ ਲਿਆ।" ਭਾਨਾ ਵੀ ਬੋਲ ਪਿਆ।

"ਨਾਲੇ ਆਹ ਚਮਕੀਲੇ ਤੇ ਲੁਧੇਹਾਣੀਏ ਹੋਰ ਗਾਇਕਾਂ ਨੇ ਪੁੱਟ ਕੇ ਸੁੱਟ ਤੇ ਸਾਰੇ ਮਲਵਈ ।ਕਿਉਂ ਮਾਲਕੋ?" ਕਹਿ ਕੇ ਕਾਨ੍ਹੇ ਨੇ ਇਕ ਛੀਂਟਕੇ ਜਿਹੇ ਆਦਮੀ ਦੀਆਂ ਅੱਖਾਂ ਵਿਚ ਸਿੰਨ੍ਹ ਕੇ ਦੇਖਿਆ। ਫਿਰ ਉਹਨੇ ਲੰਮੀ ਹੇਕ ਲਾ ਕੇ ਬੋਲ ਛੋਹੇ,

ਲੱਗ ਗਈ ਅੱਗ ਜ਼ਮਾਨੇ ਨੂੰ,
ਸੰਭਲ ਜਾ ਬੰਦਿਆ
ਖਾ ਜਾਣਗੇ ਵੱਡੇ ਨੇਤਾ
ਰਹਿ ਜੂ ਮੁੱਠੀਆਂ ਦੇ ਵਿਚ ਰੇਤਾ
ਸੰਭਲ ਜਾ ਬੰਦਿਆ, ਸੰਭਲ ਜਾ ਬੰਦਿਆ।

ਜਦੋਂ ਉਨ੍ਹਾਂ ਦਾ ਚਿੱਤ ਕਰਦਾ ਉਹ ਢੱਡ ਸਾਨਗੀ ਮੋਢਿਆਂ ਨਾਲ ਟੰਗੀ ਤਾਂਗੇ ਅੱਡੇ ਵਿਚ ਬੋਹੜ ਹੇਠਾਂ ਆ ਬੈਠਦੇ ।ਸੌਂ ਜਾਂਦੇ, ਲੰਮੀਆਂ ਤਾਣ ਕੇ। ਬੇਫ਼ਿਕਰੀ ਵਿਚ ਸਾਰੇ ਆਲਮ ਨੂੰ ਭੁੱਲ ਜਾਂਦੇ। ਉਹ ਬਹੁਤਾ ਮੰਗਣ 'ਤੇ ਵੀ ਜ਼ੋਰ ਨਾ ਦਿੰਦੇ। ਕਈ ਵਾਰ ਇਕ ਦੋ ਬੱਸਾਂ ਹੀ ਦੇਖਦੇ। ਪੈਸੇ ਦਾ ਲੋਭ ਨਾ ਕਰਦੇ। ਉਨ੍ਹਾਂ ਨੇ ਤਾਂ ਕਦੇ ਵੀ ਇਉਂ ਨਹੀਂ ਸੀ ਆਖਿਆ, "ਭਰਾਵੋ ਕੋਈ ਧੇਲੀ ਰੁਪਈਆ ਦੇ ਦਿਓ ।ਅਸੀਂ ਦੋ ਦਿਨਾਂ ਦੇ ਭੁੱਖੇ ਆਂ ।ਸਾਡੇ ਨਿਆਣ ਰੋਂਦੇ ਆ।" ਨਾ ਕਦੇ ਤਰਲਾ ਹੀ ਲਿਆ ਸੀ। ਸਗੋਂ ਆਕੜ ਕੇ ਗੱਲ ਕਰਦੇ।

"ਬਈ ਭਾਨ ਸਿਆਂ, ਇਹ ਤਾਂ ਮਝੈਲਾਂ ਆਲੀ ਬੱਸ ਆ ।ਦੇਖ ਲੈ ਉਚੇ ਲੰਮੇ ਕੱਦ ਕਾਠ ਤੇ ਸ਼ਮਲੇ ਆਲੀਆਂ ਪੱਗਾਂ।"

"ਓਏ ਰੱਬ ਦਿਆ ਬੰਦਿਆ ਹੋਣ ਵੀ ਕਿਉਂ ਨਾ ।ਇਹ ਸਭ ਮਿਹਰਾਂ ਬਾਡਰ ਦੀਆਂ ਈ ਆ। ਜੀਹਦਾ ਵੱਸਦਾ ਰਹੇ ਪਾਕਿਸਤਾਨ ਫੀਮ ਦੇ ਬੋਰੇ ਘੱਲਣ ਆਲਾ!" ਭਾਨੇ ਨੇ ਗੱਲ ਨੂੰ ਪੂਰਾ ਮਰੋੜਾ ਦਿੱਤਾ।

"ਫੀਮ ਦੇ ਬੋਰੇ ਵੀ ਤੇ ਨਾਲ ਸੰਤਾਲੀਆਂ ਵੀ । ਕਿਉਂ ਭਾਈ ਠੀਕ ਆ ਨਾ?" ਕਾਨ੍ਹਾ ਮੁੱਛਾਂ ਵਿਚ ਹੱਸਦਾ ਚੰਗੇ ਡੀਲ ਡੌਲ ਵਾਲੇ ਇਕ ਸਰਦਾਰ ਕੋਲ ਆ ਖੜ੍ਹਾ ਹੋਇਆ।

"ਹੈਗੇ ਤੁਹੀਂ ਬੜੇ 'ਸਤਾਦ ਕੰਜਰ ਦੇ।" ਸਰਦਾਰ ਨੇ ਅੱਧੇ ਕੁ ਗੁੱਸੇ ਨਾਲ ਕਾਨ੍ਹੇ ਵੱਲ ਘੂਰ ਕੇ ਦੇਖਿਆ।

ਕਾਨ੍ਹੇ ਨੇ ਸਰਦਾਰ ਦੇ ਗੁੱਸੇ ਨੂੰ ਭਾਂਪ ਲਿਆ। ਉਹ ਮੌਕਾ ਸੰਭਾਲਦਿਆ ਬੋਲਿਆ, "ਮਾਰ੍ਹਾਜ ਤੁਹਾਡੀਆਂ ਤਾਂ ਬਰਕਤਾਂ ਸਾਰੀਆਂ ਤੁਹਾਡੀਆਂ ਸਰਦਾਰੀਆਂ ਕੈਮ ਰਹਿਣ ।ਇਹ ਕੈਮ ਆਂ ਤਾਂ ਅਸੀਂ ਵੀ ਕੈਮ ਆਂ ।ਫੇ ਤਾਂ ਜਾਣੋਂ ਪੂਰਾ ਮੁਲਖ ਈ ਕੈਮ ਆਂ ।ਕਿਉਂ ਭਾਨ ਸਿਆਂ?"

ਸਾਨਗੀ ਵੱਜਣ ਲੱਗਦੀ। ਕਈ ਜਣੇ ਹੱਸਦੇ ਹੋਏ ਪੈਸੇ ਫੜਾਉਣ ਲੱਗਦੇ।

ਇਉਂ ਹੀ ਇਕ ਦਿਨ ਉਹ ਬੱਸ ਵਿਚ ਖੜ੍ਹੇ ਗਾ ਰਹੇ ਸਨ ਕਿ ਪੁਲਿਸ ਵਾਲੇ ਆ ਚੜ੍ਹੇ।

"ਬੰਦ ਕਰੋ ਓਏ ।ਉਤਰੋ ਹੇਠਾਂ" ਥਾਣੇਦਾਰ ਨੇ ਦਬਕਾ ਮਾਰਿਆ।

"ਹੇਠਾਂ ਉਤਰ ਜਾ ਓਏ ਭਾਨਿਆ, ਐਵੇਂ ਸਾਬ੍ਹ ਕਿਤੇ ਗੋਲੀ ਨਾ ਮਾਰ ਦੇਣ।"

"ਤੈਨੂੰ ਗੋਲੀ ਦੀ ਲੋੜ ਆ? ਠਹਿਰ ਦਿੰਦਾ ਤੈਨੂੰ ਗੋਲੀ," ਥਾਣੇਦਾਰ ਨੇ ਭਾਨੇ ਵੱਲ ਅੱਖਾਂ ਕੱਢ ਕੇ ਦੇਖਿਆ।

"ਮਾਲਕੋ ਨੌਕਰ ਆਂ ।ਗੋਲੀ ਦਿਓ ਚਾਹੇ ਬੰਬ ।ਜਿਥੇ ਵਿਚਾਰੇ ਹੋਰ ਖਾਂਦੇ ਫਿਰਦੇ ਆ ਅਸੀਂ ਵੀ ਲੈਨ 'ਚ ਲੱਗ ਜਾਂਗੇ," ਕਾਨ੍ਹਾ ਪੋਲਾ ਜਿਹਾ ਮੂੰਹ ਬਣਾ ਕੇ ਬੋਲਿਆ।

"ਬੰਦ ਹੁੰਦੈਂ ਕਿ ਨਈਂ ।ਦਫਾ ਹੋਵੋ ਏਥੋਂ," ਹੇਠਾਂ ਉਤਰਦੇ ਭਾਨੇ ਨੂੰ ਸਿਪਾਹੀ ਨੇ ਅਜਿਹਾ ਜ਼ੋਰ ਨਾਲ ਧੱਫਾ ਮਾਰਿਆ ਕਿ ਉਹ ਡਿੱਗਦਾ ਡਿੱਗਦਾ ਕੋਲ ਖੜ੍ਹੀ ਦੂਜੀ ਬੱਸ ਦੇ ਪਹੀਆ ਵਿਚਾਲੇ ਜਾ ਡਿੱਗਿਆ।

ਇਕ ਦਿਨ ਸ਼ਹਿਰ ਵਿਚ ਗੜਬੜ ਹੋ ਗਈ ਤੇ ਕਾਨ੍ਹੇ ਭਾਨੇ ਨੂੰ ਜਿਵੇਂ ਗਾਉਣ ਲਈ ਨਵਾਂ ਵਿਸ਼ਾ ਮਿਲ ਗਿਆ,

"ਮਾਰ ਕੇ ਗੋਲੀਆਂ ਭੁੰਨ 'ਤੇ
ਬੇਦੋਸ਼ੇ ਸ਼ਹਿਰੀ ਜੀ।
ਚੜ੍ਹ ਕੇ ਪੁਲਸ ਆ ਗਈ
ਗੁੰਗੀ ਤੇ ਬਹਿਰੀ ਜੀ।
ਆ ਜਾ ਸ਼ੇਖ ਫਰੀਦਾ ਦੇਖ ਲੈ
ਆਪਣੇ ਦੇਸ਼ ਪੰਜਾਬ ਦਾ ਹਾਲ਼।

ਇਕ ਰਾਤ ਦੂਰ ਸਾਧਾਂ ਦੀ ਛਾਉਣੀ ਤੋਂ ਪਾਰ ਚੰਦਰਮਾ ਹੱਥ ਭਰ ਚੜ੍ਹ ਆਇਆ ਸੀ। ਹਲਕੇ ਚਾਨਣ ਨੇ ਅੱਧਾ ਅੰਬਰ ਮੱਲ ਲਿਆ ਸੀ। ਹਵਾ ਸੀ ਕਿ ਕਿਤੇ ਦੂਰ ਠਹਿਰ ਗਈ ਸੀ। ਹੁੱਸੜ ਆਪਣੇ ਪੈਰ ਨਹੀਂ ਸੀ ਛੱਡ ਰਿਹਾ। ਪਰ ਕਾਨ੍ਹੇ ਦੀ ਸਾਨਗੀ ਦੀਆਂ ਸੁਰਾਂ ਨੇ ਅੰਬਰ ਤੱਕ ਪਸਰੀ ਗਰਦ ਨੂੰ ਹੌਲੀ ਹੌਲੀ ਛੰਡਣਾ ਸ਼ੁਰੂ ਕਰ ਦਿੱਤਾ।

ਕਾਨ੍ਹਾ ਪੂਰੇ ਰੰਗ ਵਿਚ ਰੰਗਿਆ ਗਾ ਰਿਹਾ ਸੀ। ਭਾਨੇ ਨੇ ਦਰਾਂ ਵੱਲ ਘੁਸਰ ਮੁਸਰ ਹੁੰਦੀ ਸੁਣੀ ਤੇ ਗਹੁ ਨਾਲ ਦੇਖਿਆ ਸਿਪਾਹੀ ਸਨ। ਉਹਨੇ ਇਸ਼ਾਰੇ ਨਾਲ ਉਨ੍ਹਾਂ ਨੂੰ ਮੰਜੇ 'ਤੇ ਬਹਿਣ ਲਈ ਕਿਹਾ, "ਆਹ ਦੇਖ ਓਏ ਚੌਧਰੀ ਆ ।ਛੋਟੇ ਭਾਈ ਆਏ ਆ।"

ਭਾਨੇ ਦੀ ਆਵਾਜ਼ ਸੁਣ ਕੇ ਕਾਨ੍ਹੇ ਨੇ ਬੰਦ ਅੱਖਾਂ ਖੋਲ੍ਹੀਆਂ ਤਾਂ ਸਿਪਾਹੀ ਦੇਖ ਕੇ ਬਿੰਦ ਭਰ ਲਈ ਉਹਦੀ ਨਿਗ੍ਹਾ ਪਥਰਾ ਗਈ।

"ਚਲੋ ਬਈ ਉਠੋ, ਤੁਹਾਨੂੰ ਸਾਬ੍ਹ ਯਾਦ ਕਰਦੇ ਆ।"

"ਕੀ ਹੋ ਗਿਆ ਸਰਕਾਰੇ? ਸੁੱਖ ਤਾਂ ਆ?" ਭਾਨਾ ਉਠ ਕੇ ਕਿੱਲੀ ਉਤੋਂ ਕੁੜਤਾ ਲਾਹ ਕੇ ਪਾਉਣ ਲੱਗ ਪਿਆ।

"ਓਏ ਭਰਾਵੋ ਚਲੇ ਤਾਂ ਚਲਦੇ ਆਂਪ ।ਰ ਉਦਾਂ ਨਾ ਸਾਡੇ ਨਾਲ ਕਰਿਓ ਜਿੱਦਾਂ ਪਰਸੋਂ ਇਕ ਮੁੰਡੇ ਨਾਲ ਕੀਤੀ ਆ ।ਪਹਿਲਾਂ ਤਾਂ ਕੁੱਟ ਕੁੱਟ ਠਾਣੇ 'ਚ ਮਾਰ 'ਤਾ ।ਫੇਰ ਲੈਨਾਂ 'ਤੇ ਸੁੱਟ ਆਏ," ਕਹਿੰਦਿਆਂ ਕਾਨ੍ਹੇ ਨੇ ਸਾਨਗੀ ਪਰ੍ਹਾਂ ਰੱਖ ਦਿੱਤੀ।

ਸਿਪਾਹੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਦੇਖਿਆ।

"ਕਾਨ੍ਹਿਆ ਕਿਉਂ ਤੂੰ ਐਵੇਂ ਬੋਲਦਾ ਰਹਿੰਦੈਂ ।ਮਾਰ 'ਤਾ ਤਾਂ ਫੇ ਕੀ ਹੋਇਆ ।ਕਮਲਿਆ ਠਾਣੇ ਹੁੰਦੇ ਕਾਹਦੇ ਲਈ ਆ!" ਸਿਰ 'ਤੇ ਪੱਗ ਲਪੇਟਦਾ ਭਾਨਾ ਬੋਲਿਆ।

"ਮੂੰਹ ਬੰਦ ਕਰਕੇ ਤੁਰਨ ਦੀ ਗੱਲ ਕਰੋ, ਕਿਉਂ ਭੌਂਕੀ ਜਾਨੇ ਓਂ," ਦੋ ਸਿਪਾਹੀ ਇਕੱਠੇ ਝਈ ਲੈ ਕੇ ਪਏ ਤੇ ਕਾਨ੍ਹੇ ਭਾਨੇ ਨੂੰ ਅੱਗੇ ਅੱਗੇ ਤੋਰ ਲਿਆ।

ਥਾਣੇ ਅੰਦਰ ਦਾਖ਼ਲ ਹੁੰਦਿਆਂ ਹੀ, ਲਾਟੂ ਦੀ ਲੋਏ, ਪੱਖੇ ਮੂਹਰੇ ਕੁਰਸੀ 'ਤੇ ਬੈਠੇ ਥਾਣੇਦਾਰ ਨੇ ਉਨ੍ਹਾਂ ਵੱਲ ਦੇਖਿਆ ਤੇ ਉਠ ਪਿਆ, "ਆ ਗਏ ਪ੍ਰਾਹੁਣੇ ।ਸੁਣਾਈ ਕੋਈ ਰੱਬ ਦੇ ਘਰ ਦੀ" ਬੋਲਦਾ ਹੋਇਆ ਉਹ ਉਨ੍ਹਾਂ ਦੇ ਕੋਲ ਆ ਗਿਆ। "ਪਿਓ ਦਿਓ ਪੁੱਤੋਂ ਤੁਸੀਂ ਬਾਜ਼ ਨਈਂ ਆਏ । ਇਕ ਦਿਨ ਹੋਇਆ, ਦੋ ਦਿਨ ਹੋਏ ।ਤੁਸੀਂ ਤਾਂ ਹੱਦ ਈ ਕਰ ਦਿੱਤੀ ।ਸਾਲੇ ਤਾਨਸੈਨ ਦੇ," ਬੋਲਦੇ ਹੋਏ ਨੇ ਕੋਲ ਖੜ੍ਹੇ ਸਿਪਾਹੀਆਂ ਵੱਲ ਦੇਖਿਆ, "ਮੈਂ ਤੁਹਾਨੂੰ ਕਿਹਾ ਸੀ ਇਨ੍ਹਾਂ ਦੇ ਗਿੱਟੇ-ਗੋਡੇ ਤੋੜ ਕੇ ਲਿਆਇਓ।" ਫਿਰ ਉਹ ਮਾਲਖ਼ਾਨੇ ਵੱਲ, ਹਨੇਰੇ 'ਚ ਜਾਂਦਾ ਗੁੱਸੇ 'ਚ ਬੋਲਿਆ, "ਪਾ ਓ ਬਿੱਕਰਾ ਇਨ੍ਹਾਂ ਨੂੰ ਲੰਮਿਆਂ ਜ਼ਰਾ ।ਝਾੜ ਜ਼ਰਾ ਮਿੱਟੀ ਆਹ ਵੱਡੇ ਫੌਜੀ ਦੀ।"

ਕਾਨ੍ਹੇ ਨੇ ਭਾਨੇ ਵੱਲ ਮੁਸਕਰਾ ਕੇ ਦੇਖਿਆ, "ਲੈ ਬਈ ਝੜਾ ਲੈ ਮਿੱਟੀ ਭਾਨਿਆ ।ਇਹਦੇ ਤਾਂ ਬਈ ਖਰਖਰਾ ਵੀ ਮਾਰ ਦਿਓ।"

"ਹੁਣ ਤਾਂ ਬੂਥਾ ਬੰਦ ਕਰੋ ।ਬਕਵਾਸ ਕਰੀ ਜਾਂਦੇ ਆ," ਕਾਨ੍ਹੇ ਦੇ ਮਗਰ ਆਉਂਦੇ ਸਿਪਾਹੀ ਨੇ ਦਬਵੀਂ ਆਵਾਜ਼ 'ਚ ਕਹਿੰਦਿਆਂ ਕਾਨ੍ਹੇ ਦੀ ਪਿੱਠ 'ਤੇ ਡੰਡੇ ਦੀ ਹੁੱਝ ਮਾਰੀ।

ਸੱਚੀਂ ਮੁੱਚੀਂ ਜਿਵੇਂ ਕੋਈ ਕੰਧਾਂ ਤੋਂ ਮਿੱਟੀ ਝਾੜਦਾ ਹੈ। ਜਿਵੇਂ ਬੱਕਰੇ ਨੂੰ ਹਲਾਲ ਕੀਤਾ ਜਾ ਰਿਹਾ ਹੋਵੇ। ਜਿਵੇਂ ਆਵਾਜ਼ ਨੂੰ ਕੋਈ ਬੰਨ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਦੇਖੂੰ ਮੈਂ ਕਿੱਦਾਂ ਤੁਸੀਂ ਮੂੰਹ 'ਚੋਂ ਵਾਜ਼ ਵੀ ਕਢਦੇ ਆਂ ।ਜੀਭਾਂ ਨਾ ਕੁਤਰ ਦਿੱਤੀਆਂ ਤਾਂ," ਰੋਅਬਦਾਰ ਬੋਲਾਂ ਤੋਂ ਕੰਧਾਂ ਕੰਬ ਕੰਬ ਜਾ ਰਹੀਆਂ ਸਨ।

ਜਦੋਂ ਬੱਸ ਅੱਡੇ ਵਿਚ ਦੁਕਾਨਾਂ ਵਾਲਿਆਂ ਨੂੰ ਭਾਨੇ ਤੇ ਕਾਨ੍ਹੇ ਪੁਲਿਸ ਦੇ ਲੈ ਜਾਣ ਬਾਰੇ ਪਤਾ ਲੱਗਾ ਤਾਂ ਦਿਨ ਦੇ ਦੱਸ ਵੱਜਣ ਵਾਲੇ ਸਨ। ਹਰਜੀਤ ਸਿੰਘ ਫਰੂਟਵਾਲਾ ਦੌੜ ਕੇ ਅਖ਼ਬਾਰਾਂ ਵਾਲੇ ਭੱਲੇ ਨੂੰ ਲੈਣ ਚਲਾ ਗਿਆ ਤੇ ਸੋਡਾ ਵਾਟਰ ਵਾਲਾ ਭਗਤ ਚੰਦ ਛੇ ਸੱਤ ਜਾਣਿਆਂ ਨੂੰ ਲੈ ਕੇ ਥਾਣੇ ਆ ਗਿਆ।

ਅਖ਼ਬਾਰ ਵਾਲੇ ਭੱਲੇ ਨੇ ਕੋਈ ਗੱਲ ਪਿੜ ਪੱਲੇ ਨਾ ਪਾਈ।

ਤੇ ਹੁਣ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਸਾਡੇ ਸਾਹਮਣੇ ਕਾਨ੍ਹਾ ਮੰਜੇ 'ਤੇ ਬੇਹੋਸ਼ ਪਿਆ ਸੀ। ਮਿੱਟੀ ਤੇ ਲਹੂ ਨਾਲ ਭਰੇ ਲੀੜੇ, ਮੂੰਹ ਦੁਆਲੇ ਜੰਮੇ ਲਹੂ ਦੀਆਂ ਪੇਪੜੀਆਂ, ਵੱਖੀ ਤੋਂ ਪਾਟਿਆ ਕੁੜਤਾ ਜਿਹਦੇ ਅੰਦਰ ਨੀਲਾ ਪਿਆ ਪਿੰਡਾ ਵੀ ਦਿਸ ਰਿਹਾ ਸੀ।

ਨਰਸ ਦੋ ਵਾਰੀ ਆ ਕੇ ਉਹਨੂੰ ਦੇਖ ਕੇ ਗਈ। ਗੁਲੂਕੋਜ਼ ਦੀ ਬੋਤਲ ਮੁੱਕਣ ਵਾਲੀ ਸੀ।

ਜਿਹੜਾ ਡਰਾਈਵਰ ਆਪਣੇ ਪਿੰਡੋਂ, ਟਰਾਲੀ 'ਚ ਕਾਨ੍ਹੇ ਨੂੰ ਪਾ ਕੇ ਲਿਆਇਆ ਸੀ ਉਹ ਸਾਡੇ ਕੋਲ ਖੜ੍ਹਾ ਦੱਸ ਰਿਹਾ ਸੀ, "ਇਹ ਕੱਲਾ ਈ ਟੋਇਆਂ 'ਚ ਪਿਆ ਸੀ, ਮਾਰ ਕੁੱਟ ਕੇ ਸੁੱਟਿਆ । ਪਛਾਣਿਆ ਨਾ ਜਾਵੇ। ਮੈਂ ਕਿਹਾ ਇਹ ਤਾਂ ਸਾਡਾ ਸਾਨਗੀ ਵਾਲਾ ਕਾਨ੍ਹੈ ।ਬਈ ਇਹ ਕਿੱਥੇ। ਭਰਾਵੋ ਓਸੇ ਵੇਲੇ ਪਾਣੀ ਲਿਆ ਕੇ ਮੂੰਹ 'ਚ ਪਾਇਆ 'ਤੇ ਚੁੱਕ ਕੇ ਲੈ ਆਂਦਾ।"

"ਜੇ ਹੋਰ ਘੜੀ ਪਿਆ ਰਹਿੰਦਾ ਤਾਂ ਗਿਆ ਸੀ," ਭਗਤ ਚੰਦ ਹੌਲੀ ਜਿਹੇ ਬੋਲਿਆ।

"ਬਈ ਭਾਨਾ ਫੇ ਕਿਥੇ ਗਿਆ?" ਹਰਜੀਤ ਸਿੰਘ ਨੇ ਕਿਹਾ, "ਤੁਸੀਂ ਅੱਗੇ ਪਿੱਛੇ ਨਿਗ੍ਹਾ ਮਾਰਨੀ ਸੀ ।ਕੀ ਪਤਾ ਭਾਨਾ ਵੀ ਉਥੇ ਈ ਹੋਵੇ," ਉਹਨੇ ਡਰਾਈਵਰ ਨੂੰ ਕਿਹਾ।

"ਬੰਦੇ ਚੰਗੇ ਸੀ ।ਬੜਾ ਦਿਲ ਲਾਉਂਦੇ ਸੀ ।ਬੱਸ ਹੁਣ ਤਾਂ ਆਖ਼ਰੀ ਦਰਸ਼ਨ ਆ," ਪਾਨ ਵਾਲਾ ਗਿਰਧਾਰੀ ਬੋਲਿਆ। "ਸੱਟਾਂ ਬਹੁਤ ਆ, ਸਿਰ ਵਿਚ ਸੱਟ ਜ਼ਆਦਾ।"

ਤਦ ਕਾਨ੍ਹੇ ਨੇ ਅੱਖਾਂ ਪੁੱਟੀਆਂ। ਅਸੀਂ ਸਾਰੇ ਉਹਦੇ ਨੇੜੇ ਨੂੰ ਝੁਕੇ।

"ਕਾਨ੍ਹਿਆ !ਹੋਸ਼ ਕਰ ਭਾਈ ।ਅਸੀਂ ਆਂ ਤੇਰੇ ਕੋਲ," ਭਗਤ ਚੰਦ ਕਾਨ੍ਹੇ ਦੇ ਨੇੜੇ ਹੋਰ ਝੁਕ ਕੇ ਬੋਲਿਆ।

"ਓਏ ਮੇਰੀ ਸਾਨਗੀ ਕਿਥੇ ਆ ਭਾਨਿਆ ! ਉਹ ਭਾਨਿਆ," ਕਾਨ੍ਹੇ ਨੇ ਹੱਥ ਨੂੰ ਉਪਰ ਚੁੱਕਿਆ ਪਰ ਹੱਥ ਹੇਠਾਂ ਡਿੱਗ ਪਿਆ, "ਲਿਆ ਮੇਰਾ ਗਜ਼ । ਆਹ ਕੀ ਹੋ ਗਿਆ ਮੈਨੂੰ?" ਉਹਨੇ ਉਚੀ ਆਵਾਜ਼ 'ਚ ਕਿਹਾ ਤੇ ਅੱਖਾਂ ਪੂਰੀਆਂ ਖੋਲ੍ਹ ਦਿੱਤੀਆਂ।

ਅਸੀਂ ਪਿਛਾਂਹ ਹਟ ਗਏ ਤੇ ਇਕ ਦੂਜੇ ਦੀਆਂ ਅੱਖਾਂ ਵਿਚ ਬੈਠੇ ਕਾਨ੍ਹੇ ਨੂੰ ਦੇਖਣ ਲੱਗੇ।

# ਵਿੱਥ

ਕਾਮਰੇਡ ਨੇ ਘੁਟ ਕੇ ਗੇਟ ਨੂੰ ਫੜ ਲਿਆ ਤਾਂ ਉਹ ਡਿਗਣੋ ਬਚ ਗਿਆ। ਸੰਭਲ ਕੇ ਫੇਰ ਤੁਰਿਆ ਤਾਂ ਡਿਕੋ-ਡੋਲੇ ਖਾਂਦਾ ਮੇਰੇ ਸਾਹਮਣੇ ਕੁਰਸੀ ਵਿਚ ਆਣ ਡਿਗਿਆ। ਉਹਦੀ ਪਗ ਟੇਢੀ ਹੋ ਗਈ ਅਤੇ ਅੱਖਾਂ ਵਿਚ ਡੋਰੇ ਉਤਰ ਆਏ ਸਨ। ਉਹ ਪਿਛਾਂਹ ਸਿਰ ਸੁਟੀ ਇਕ ਟਕ ਨਸ਼ਈ ਅੱਖਾਂ ਵਿਚੋਂ ਮੈਨੂੰ ਘੂਰਨ ਲਗ ਪਿਆ। ਏਨੇ ਨੂੰ ਉਹਦੀ ਪਤਨੀ ਅੰਦਰੋਂ ਆਈ ਅਤੇ ਉਹਦੀ ਪਗ ਸਿਧੀ ਕਰ ਦਿਤੀ।

“ਓਏ ਕੀ ਹੋ ਗਿਆ, ਕੁਝ ਨ੍ਹੀਂ ਹੁੰਦਾ ਸਰਦਾਰਾਂ ਦੀ ਪਗ ਨੂੰ ” ਕਹਿੰਦਾ ਫੇਰ ਉਹ ਆਪ ਹੀ ਪਗ ਠੀਕ ਕਰਨ ਲਗ ਪਿਆ।

“ਛੋਟੇ ਭਾਈ ਲੈ ਲੈ ਕਾਰ ਦਾ ਹੂਟਾ ਲੈ ਆ ਨਿਆਣਿਆਂ ਨੂੰ ਵੀ, ਲੈ ਜਾ ਨਾਲ ਐਵੇਂ ਬੋਰ ਹੁੰਦੇ ਆਂ। ਲੈ ਜਾਓ ਮੇਰੀ ਮਾਰੂਤੀ ਸ਼ਹਿਰ ਘੁੰਮ ਆਓ।” ਉਹ ਅਖਾਂ ਅਗੇ ਚਾਬੀ ਲਹਿਰਾਉਂਦਾ ਕਹਿ ਰਿਹਾ ਸੀ।

“ਭਾ ਜੀ ਇਨ੍ਹਾਂ ਨੇ ਨ੍ਹੀਂ ਜਾਣਾ, ਉਠੋ ਤੁਸੀਂ ਅੰਦਰ ਆਰਾਮ ਕਰ ਲਓ ਅੰਦਰ ਮੰਮੀ ਬੁਲਾਉਂਦੇ ਆ।” ਮੈਂ ਤਾਂ ਕੋਈ ਜਵਾਬ ਨਾ ਦਿਤਾ, ਪਰ ਹਰਪ੍ਰੀਤ ਨੇ ਆ ਕੇ ਉਹਦੇ ਹੱਥੋਂ ਚਾਬੀ ਫੜ ਕੇ ਉਹਦੀ ਗੱਲ ਬਦਲਣੀ ਚਾਹੀ।

“ਇਹ ਪ੍ਰੀਤੀਏ ਤੂੰ ਐਵੇਂ ਬਹੁਤੀ ਪ੍ਰੋਫੈਸਰੀ ਨਾ ਘੋਟੀਂ। ਆਹੋ ਆਹੋ! ਮੈਂ ਆਪਣੇ ਭਾਈ ਨੂੰ ਕਹਿਨਾਂ ਤੂੰ ਐਵੰੈ ਕਿਉਂ ਭਾ, ਹੈ ਕਿ ਨ੍ਹੀਂ?” ਕਾਮਰੇਡ ਨੂੰ ਗੱਲ ਕਰਨੀ ਔਖੀ ਹੋ ਗਈ ਸੀ।

“ਗੁਰ ਤੁਸੀਂ ਉਪਰ ਚਲੋ ਨਾਲੇ ਸਰਘੀ ਕੱਲੀ ਆ, ਉਪਰ ਕੋਈ ਕਿਤਾਬ ਪੜ੍ਹ ਲਿਓ।” ਪ੍ਰੀਤੀ ਬਹਾਨੇ ਨਾਲ ਮੈਨੂੰ ਉਠਾ ਕੇ ਪਉੜੀਆਂ ਕੋਲ ਛਡ ਗਈ, “ਐਵੇਂ ਜੂਠ ਜਿਹਾ ਬਹੁਤ ਗੱਲਾਂ ਆਉਂਦੀਆਂ”, ਉਹ ਮੁੜਨ ਲਗੀ ਬੋਲੀ।

“ਮੈਂ ਸ਼ਹਿਰ ਜਾਣਾ ਬਈ ਏ ਪ੍ਰੀਤੀਏ ਆਹ ਆਪਣੀ ਸੈਕਲੀ ਜਿਹੀ ਪਰਾਂ ਕਰ ਲਓ।” ਮੈਂ ਉਪਰ ਖੜੇ ਨੇ ਵੇਖਿਆ ਤਾਂ ਕਾਮਰੇਡ ਕਾਰ ਕੋਲ ਖੜ੍ਹਾ ਸੀ।

“ਵੇ ਵਡਿਆ ਜਗੀਰਦਾਰਾ ਬਹਿੰਦਾ ਕਿ ਨਈਂ ਰਾਮ ਨਾਲ ਪ੍ਰਾਹੁਣੇ ਦੇ ਮੋਟਰਸ਼ੈਕਲ ਨੂੰ ਸੈਕਲੀ ਈ ਦਸਦੈ।” ਪ੍ਰੀਤੀ ਦੀ ਭੂਆ ਅੰਦਰੋਂ ਬਾਹਰ ਨੂੰ ਆਉਂਦੀ ਦਬਕਾ ਮਾਰ ਕੇ ਬੋਲੀ ਤਾਂ ਕਾਮਰੇਡ ਦੰਦੀਆਂ ਕੱਢਣ ਲਗ ਪਿਆ।

ਸਰਘੀ ਨੁਆਰੀ ਪਲੰਘ ਤੇ ਸੁਤੀ ਪਈ ਸੀ। ਉਪਰ ਪਖਾ ਚਲ ਰਿਹਾ ਸੀ। ਉਹਦੇ ਲੰਮੇ ਕੱਕੇ ਵਾਲ ਹਵਾ ਨਾਲ ਉਹਦੇ ਚਿਹਰੇ ‘ਤੇ ਫੈਲੇ ਹੋਏ ਸਨ। ਉਹ ਇਉਂ ਲਤਾਂ ਪਸਾਰ ਕੇ ਪਈ ਸੀ ਜਿਵੇਂ ਕੋਈ ਬਹੁਤ ਥਕ-ਟੁਟ ਕੇ ਪਿਆ ਹੋਵੇ। ਅਸੀਂ ਦਸ ਵਜੇ ਪਿੰਡ ਪਹੁੰਚੇ ਸੀ, ਇਹ ਉਦੋਂ ਤੋਂ ਹੀ ਖੇਡਦੀ ਭਜਦੀ ਰਹੀ ਸੀ। ਇਹਦੇ ਲਈ ਅਜ ਦਾ ਦਿਨ ਅਜੀਬ ਖੁਸ਼ੀਆਂ ਭਰਿਆ ਦਿਨ ਸੀ। ਇਹ ਸਾਢੇ ਤਿੰਨ ਸਾਲਾਂ ਦੀ ਹੋ ਕੇ ਪਹਿਲੀ ਵਾਰ ਆਪਣੇ ਨਾਨਕੀਂ ਆਈ ਸੀ। ਹਰਪ੍ਰੀਤ ਨੇ ਇਹਨੂੰ ਸਿਰਫ ਨਾਨੇ ਦੀਆਂ ਕਹਾਣੀਆਂ ਸੁਣਾਈਆਂ ਸਨ ਜਾਂ ਫੇਰ ਫੋਟੋਆਂ ਵਿਖਾਈਆਂ ਸਨ। ਨਾਨੀ ਇਹਦੇ ਜੰਮਣ ਦੇ ਬਾਅਦ ਤਿੰਨ-ਚਾਰ ਵਾਰ ਆ ਚੁਕੀ ਸੀ,ਉਹ ਵੀ ਜਦੋਂ ਸ਼ਹਿਰ ਅਸੀਂ ਨਵਾਂ ਘਰ ਛਤ ਲਿਆ ਸੀ। ਇਹਦਾ ਮਾਮਾ ਹਰਨੇਕ ਵੀ ਕਦੇ-ਕਦੇ ਗੇੜਾ ਮਾਰਦਾ ਰਹਿੰਦਾ ਸੀ। ਇਕ ਨਾਨਾ ਹੀ ਸੀ ਜਿਸ ਨੇ ਇਹਨੂੰ ਪਹਿਲੀ ਵਾਰ ਵੇਖਿਆ ਸੀ।

“ਮੰਮੀ ਇਹ ਨਾਨਾ ਜੀ ਫੋਟੋ ਵਾਲੇ ਨੇ, ਆਪਣੇ ਘਰ” ਪ੍ਰੀਤੀ ਜਦੋਂ ਆਪਣੇ ਪਿਤਾ ਦੇ ਗਲ ਲਗ ਕੇ ਰੋ ਹਟੀ ਤਾਂ ਸਰਘੀ ਬੋਲੀ ਸੀ, ਹੈਰਾਨੀ ਜਿਹੀ ਨਾਲ।

"ਹਾਂ ਬੇਟਾ ਨਾਨਾ ਜੀ ਨਾਲ ਲਾਡੀ ਕਰੋ" ਪ੍ਰੀਤੀ ਦੇ ਬੋਲਣ ਤੋਂ ਪਹਿਲਾਂ ਹੀ ਉਹਦੇ ਡੈਡੀ ਨੇ ਸਰਘੀ ਨੂੰ ਛਾਤੀ ਨਾਲ ਘੁਟ ਲਿਆ ਸੀ। ਫੇਰ ਉਹਦੇ ਨਕਸ਼ਾਂ ਨੂੰ ਨਿਹਾਰਦਾ ਸਰਘੀ ਦਾ ਮੂੰਹ ਚੁੰਮਦਾ ਬੋਲਿਆ ਸੀ, "ਪ੍ਰੀਤੀ ਬਸ ਤੇਰਾਂ ਰੂਪ ਈ ਆ ਇਨ-ਬਿਨ, ਭੋਰਾ ਫਰਕ ਨਹੀਂ। ਬਸ ਅਖਾਂ ਗੁਰਬਖ਼ਸ਼ 'ਤੇ ਗਈਆਂ, ਇਹਦੇ ਵਰਗੀਆਂ ਬਿਲੀਆਂ।"

ਚਾਹ ਪੀ ਕੇ ਪ੍ਰੀਤੀ ਦੇ ਡੈਡੀ ਨੇ ਕਿਹਾ, "ਆਓ, ਪ੍ਰੀਤੀ ਨੂੰ ਆਪਣਾ ਖੂਹ ਵਿਖਾ ਕੇ ਲਿਆਈਏ। ਪ੍ਰਾਹੁਣੇ ਤਾਂ ਅਜੇ ਬਾਰਾਂ ਵਜਦੇ ਨੂੰ ਆਉਣਗੇ।" ਸਰਘੀ ਨੂੰ ਕੁਛੜ ਚੁਕ ਕੇ ਉਹ ਅਗੇ ਅਗੇ ਹੋ ਤੁਰੇ ਸਨ। ਖੂਹ ਤਾਂ ਪਿੰਡ ਦੇ ਨਾਲ ਹੀ ਸੀ। ਪਹਿਲਾਂ ਢਾਬ, ਫੇਰ ਸ਼ਿਵਾਲਾ ਤੇ ਨਾਲ ਖੇਤ। ਫਿਰਨੀਓਂ ਲਹਿ ਕੇ ਮੋਟਰ ਸੀ। ਵਿਆਹ ਤੋਂ ਪਹਿਲਾਂ ਜਦੋਂ ਹਰਪ੍ਰੀਤ ਮੈਨੂੰ ਇਕ ਵਾਰ ਲੈ ਕੇ ਆਈ ਤਾਂ ਅਸੀਂ ਖੂਹ 'ਤੇ ਵੀ ਆਏ ਸੀ। ਉਦੋਂ ਮੋਟਰ ਨਹੀਂ ਸੀ ਲਾਈ। ਹੁਣ ਤਾਂ ਟਿਊਬਵੈਲ ਲਾ ਲਿਆ ਸੀ, ਪਸ਼ੂਆਂ ਲਈ ਖੁਲ੍ਹਾ ਕੋਠਾ ਪਾ ਲਿਆ ਸੀ ਅਤੇ ਵਗਲ ਕਰ ਲਿਆ ਸੀ।

ਪ੍ਰੀਤੀ ਦੇ ਡੈਡੀ ਛੋਟੇ ਛੋਟੇ ਸਵਾਲ ਕਰਦੇ ਕਰਦੇ ਤੁਰੇ ਆਏ। "ਵਾਹਵਾ ਤਨਖਾਹਾਂ ਹੋਣਗੀਆਂ ਹੁਣ ਤਾਂ?"

"ਹਾਂ ਜੀ ਬਹੁਤ ਆ"

"ਹੈ ਦੋਹਾਂ ਦੀ ਮਿਲਾ ਕੇ ਪੰਜ ਛੇ ਹਜ਼ਾਰ?" ਡੈਡੀ ਨੇ ਪੁਛਿਆ।

"ਬੱਸ ਜੀ, ਕੱਟ ਕਟਾ ਕੇ ਦੋਹਾਂ ਨੂੰ ਟੋਟਲ ਚੌਦਾਂ ਕੁ ਹਜ਼ਾਰ ਮਿਲ ਜਾਂਦਾ।"

"ਹੈਂ! ਚੌਦਾਂ ਹਜ਼ਾਰ!" ਉਹ ਤ੍ਰਬਕ ਕੇ ਖੜ੍ਹ ਗਏ। ਸਰਘੀ ਉਨ੍ਹਾਂ ਦੇ ਹੱਥਾਂ ਵਿਚੋਂ ਹੇਠਾਂ ਨੂੰ ਲੁੜ੍ਹਕ ਆਈ।

ਖੂਹ ਉਤੇ ਆ ਕੇ ਫਿਰ ਉਨ੍ਹਾਂ ਮੇਰੇ ਨਾਲ ਬਹੁਤੀ ਗੱਲਬਾਤ ਨਾ ਕੀਤੀ। ਉਹ ਟਰੈਕਟਰ ਉਤੇ ਸਰਘੀ ਨੂੰ ਬਿਠਾਉਂਦੇ ਉਹਦੇ ਨਾਲ ਗੱਲੀਂ ਪੈ ਗਏ, "ਮੇਰਾ ਪੁਤ ਟਰੈਕਟਰ ਚਲਾਊਗਾ ਹੈਂ ਪਈ? ਥੁਹਾਡੇ ਘਰ ਹੈਨੀ ਨਾ ਏਦਾਂ ਦਾ ਟਰੈਕਟਰ। ਥੁਹਾਡੇ ਘਰ ਤਾਂ ਟੂਬੈਲ ਵੀ ਹੈਨੀ। ਹੈਂ ਪਈ ਸਰਘੀ, ਥੁਹਾਡੇ ਘਰ ਐਨੀਆ ਮਹੀਆਂ ਹੈਗੀਆਂ? ਪਤਾ ਐਨਾ ਦੁਧ ਹੁੰਦਾ ਸਾਡੇ। ਤੁਸੀਂ ਤਾਂ ਦੋਧੀ ਕੋਲੋਂ ਲੈਂਦੇ ਹੋਵੋਗੇ, ਕਿਲੋ ਦੋ ਕਿਲੋ।" ਗੱਲਾਂ ਕਰਦੇ ਉਹ ਸਰਘੀ ਨੂੰ ਚੁਕੀ ਮੋਟਰ ਕੋਲ ਜਾ ਖੜ੍ਹੇ, "ਪੁਤ ਉਹ ਆਪਣੇ ਖੇਤ ਆ ਦੇਖ ਕਿੰਨਾ ਝੋਨਾ ਆ, ਚੌਲ ਆ ਚੌਲ। ਓਹ ਕਮਾਦੀ ਆ, ਗੰਨੇ। ਛੱਲੀਆਂ ਆਪਾਂ ਵਢ ਲਈਆਂ।" ਵਿਚੋਂ ਹੀ ਗੱਲ ਤੋੜ ਕੇ ਉਹ ਮੇਰੇ ਵਲ ਹੋ ਗਏ, "ਗੁਰਬਖਸ਼ ਅਹੁ ਚਾਰੇ ਖੇਤ, ਓ ਜਿਥੇ ਕਿੱਕਰ ਖੜ੍ਹੀ ਆ, ਪਰੂੰ ਮੈਂ ਲਏ। ਨੇਕ ਤਾਂ ਕਹਿੰਦਾ ਸੀ ਡੈਡੀ ਛਡੋ ਪਰ੍ਹਾਂ ਪਰ ਸਸਤੇ ਮਿਲਦੇ ਸੀ, ਨਾਲੇ ਸੂਏ ਦਾ ਪਾਣੀ ਖੁਲ੍ਹਾ। ਮਿੱਟੀ ਰਤਾ ਕੈੜੀ ਆ, ਪਰ ਚੌਲੀਂ ਸਰ ਗਿਆ। ਜਿਹਦੇ ਕੋਲ ਸੀ ਅਮਲ ਖਾਂਦਾ ਸੀ, ਵੇਚ ਕੇ ਵਿਹਲਾ ਹੋਇਆ। ਪਹਿਲਾਂ ਚਾਰ ਖੇਤ ਉਹਨੇ ਆਦਧਰਮੀਆਂ ਨੂੰ ਵੇਚ'ਤੇ, ਸਾਨੂੰ ਖਬਰ ਈ ਬਾਦ ਵਿਚ ਹੋਈ। ਸਾਡੇ ਏਥੇ ਆਦਧਰਮੀ ਤਕੜੇ ਆ। ਕਈਆਂ ਕੋਲ ਖੇਤ ਹੈਗੇ ਆ।"

"ਚੱਲੀਏ ਬੇਟਾ ਸਰਘੀ ਆ ਚਲੀਏ।" ਮੈਂ ਚਲ੍ਹੇ ਵਿਚ ਪਾਣੀ ਨਾਲ ਖੇਲਦੀ ਨੂੰ ਚੁਕਿਆ ਤਾਂ ਗੱਲਾਂ ਬੰਦ ਹੋਈਆਂ। ਆਲਾ-ਦੁਆਲਾ ਬਹੁਤ ਖੁੱਲ੍ਹਾ ਸੀ ਪਰ ਮੇਰਾ ਤਾਂ ਸਾਹ ਘੁਟਿਆ ਗਿਆ ਸੀ, ਜਿੱਦਾਂ ਕੱਚਾ ਧੂੰਆਂ ਨੱਕ ਨੂੰ ਚੜ੍ਹ ਗਿਆ ਹੋਵੇ।

ਘਰ ਪਹੁੰਚੇ ਤਾਂ ਹਰਪ੍ਰੀਤ ਦੀ ਵਡੀ ਭੈਣ ਗੁਰਪ੍ਰੀਤ ਤੇ ਉਹਦਾ ਪਤੀ ਕਾਮਰੇਡ ਆਏ ਬੈਠੇ ਸੀ। ਹਰਨੇਕ ਵੀ ਮਠਿਆਈ ਵਗੈਰਾ ਲੈ ਆਇਆ ਸੀ। ਉਹ ਸਰਘੀ ਨੂੰ ਚੁਕਣ ਲੱਗਾ ਤਾਂ ਮੈਂ ਉਹਨੂੰ ਮੰਗਣੇ ਦੀ ਵਧਾਈ ਦਿਤੀ। ਉਹ ਸ਼ਰਮਾ ਜਿਹਾ ਗਿਆ।

ਮੈਂ ਪਲੰਘ ਉਤੇ ਬੈਠਦਿਆਂ ਸਰਘੀ ਦੇ ਮੱਥੇ ਉਤੇ ਫੈਲੇ ਵਾਲਾਂ ਨੂੰ ਛੁਹਿਆ। ਚਿਤ ਕੀਤਾ ਇਹਨੂੰ ਜਗਾ ਕੇ ਇਹਦੇ ਨਾਲ ਗੱਲਾਂ ਕਰਾਂ। ਇਹਨੂੰ ਕਹਾਂ, ਮੈਨੂੰ 'ਲਵ ਸਟੋਰੀ' ਸੁਣਾਵੇ। ਇਹ ਕਹਿਣਾ ਸ਼ੁਰੂ ਕਰੇਗੀ "ਇਕ ਸੀ ਗੁਰ ਇਕ ਸੀ ਪ੍ਰੀਤੀ ਹੈਂ, ਦੋਹਾਂ ਦਾ ਬਹੁਤ-ਤ-ਲਵ ਸੀ ਹੈਂ, ਫੇ ਦੋਹਾਂ ਦਾ ਵਿਆਹ ਹੋ ਗਿਆ। ਪ੍ਰੀਤੀ ਦਾ ਡੈਡੀ ਕਹਿੰਦਾ, ਨਈਂ ਨਈਂ, ਫੇ ਪਤਾ ਕੀ ਹੋਇਆ, ਫੇ

ਹਨਾ, ਸਰਘੀ ਆ ਗਈ, ਫੇ ਲਵ ਜਿਤ ਗਿਆ, ਨਾਨਾ ਹਾਰ ਗਿਆ। ਮੇਰੀ ਸਟੋਰੀ ਖਤਮ ਪੈਸਾ ਹਜ਼ਮ।" ਤੇ ਇਹ ਸਿਰ ਇਧਰ ਉਧਰ ਘੁੰਮਾਏਗੀ। ਮੈਨੂੰ ਇਹ ਗੱਲ ਖੂਹ ਉਤੇ ਕਿਉਂ ਨਾ ਯਾਦ ਆਈ ਮੈਂ ਮਨ ਹੀ ਮਨ ਪਛਤਾਇਆ।

ਮੈਂ ਲੰਮਾ ਪੈ ਗਿਆ। ਛਤ ਦੀਆਂ ਟਾਇਲਾਂ ਗਿਣਨ ਲੱਗਾ। ਪੂਰੀ ਪਾਲ ਵਿਚ ਪੈਂਤੀ ਇਟਾਂ ਸਨ। ਫਿਰ ਬਾਲਿਆਂ ਦਾ ਹਿਸਾਬ ਲਾਇਆ। ਮਨ ਹੀ ਮਨ ਮੈਂ ਕਮਰੇ ਗਿਣੇ, ਫਿਰ ਬਾਲੇ ਤੇ ਫਿਰ ਟਾਇਲਾਂ।

"ਬਖਸ਼ਿਆ, ਤੂੰ ਗੁਣੀ ਗਿਆਨੀ ਆਂ, ਮੈਂ ਖਾਲੀ ਭਾਂਡਾ ਤੈਨੂੰ ਮੱਤਾਂ ਦਿੰਦਾ ਸੋਭਦਾ ਨਈਂ। ਬਸ ਇਹ ਵਿਚਾਰ ਲਈਂ ਪਈ ਜੁਆਨਾ ਤੂੰ 'ਲਾਂਘ ਲੰਮੀ ਭਰਨ ਲੱਗੈਂ, ਇਹ ਜ਼ਮਾਨਾ ਅਜੇ ਵੀ ਤੁਰਨ ਨ੍ਹੀਂ ਲੱਗਾ, ਜਾਤ ਬਰਾਦਰੀ ਆਪਣੀ ਈ ਮਾਫਕ ਬੈਠਦੀ ਆ, ਜਿਥੇ ਬੰਦਾ ਧੌਣ ਉਚੀ ਕਰਕੇ ਤਾਂ ਤੁਰਦਾ ਪੁੱਤਰਾ। ਹਾਲੇ ਤਾਂ ਅਗਲਿਆਂ ਨੂੰ ਸਾਡਾ ਪਹਿਨਿਆ ਪਚਰਿਆ ਈ ਨਈਂ ਸੁਖਾਉਂਦਾ। ਵਿਆਹ ਵਾਲੀ ਤਾਂ ਗੱਲ ਛਡ, ਬਹੁਤ ਸਿਰੇ ਦੀ ਗੱਲ ਆ ਇਹ ਤਾਂ ਸਾਰੀ ਉਮਰ ਮਨ ਦੇ ਟੋਏ ਪੂਰਦਾ ਈ ਰਹੇਂਗਾ। ਨਾਲ ਜਾਨ ਦਾ ਖੌ ਵਾਧੂ। ਜਿਥੇ ਬੰਦੇ ਕੋਲ ਪੇਸ਼ ਕਰਨ ਲਈ ਤਰਕ ਜਾਂ ਦਲੀਲ ਨਾ ਹੋਵੇ, ਉਥੇ ਫੇ ਠਾਹ ਸੋਟਾ ਮਾਰਨ ਉਤੇ ਉਤਰ ਆਉਂਦਾ। ਬਾਕੀ ਮਿੱਤਰਾ ਅਸੀਂ ਤੇਰੇ ਨਾਲ ਆਂ, ਜੇ ਦਬ ਗਿਆ ਤਾਂ ਫੇ ਜਾਣੀ ਕਬਰ ਵਿਚ ਪੈ ਕੇ ਆਪਣੇ ਆਪ ਤੂੰ ਆਪੂੰ ਹੀ ਇੱਟਾਂ ਚਿਣਨ ਵਾਲੀ ਗੱਲ ਕਰ ਬਹੇਂਗਾ।" ਜਦੋਂ ਘਰ ਵਿਚ ਮੈਂ ਵਿਆਹ ਦੀ ਗੱਲ ਚਲਾ ਦਿਤੀ ਸੀ ਤਾਂ ਭਾਈਏ ਨੇ ਮਨ ਦੀਆਂ ਕਹੀਆਂ ਸਨ। ਇਹ ਭਾਈਆ ਕਿਧਰ ਆ ਵੜਿਆ?

ਜਦੋਂ ਕੋਈ ਸੋਚ, ਕੋਈ ਤਣਾਅ ਮੇਰੇ ਜ਼ਿਹਨ ਉਤੇ ਭਾਰੂ ਹੋ ਜਾਂਦਾ ਹੈ ਤਾਂ ਇਹ ਭਾਈਆ ਜ਼ਰੂਰ ਆ ਪ੍ਰਗਟ ਹੁੰਦਾ ਹੈ। ਮੈਂ ਤਾਂ ਬਾਲੇ ਤੇ ਟਾਇਲਾਂ ਦਾ ਹਿਸਾਬ ਲਾ ਰਿਹਾ ਸੀ, ਨਈਂ ਕਿਧਰੇ ਅੰਦਰੋਂ ਮੈਂ ਤਿੜਕ ਰਿਹਾ ਸੀ, ਸਾਹ ਵੀ ਔਖਾ ਜਿਹਾ ਆਉਣ ਲੱਗਾ ਸੀ। ਮੈਂ ਤਿੰਨ ਚਾਰ ਟੁਕੜਿਆਂ ਵਿਚ ਹਵਾ ਅੰਦਰ ਉਡ ਰਿਹਾ ਸੀ, ਇਕ ਟੁਕੜਾ ਅਜੇ ਵੀ ਮੋਟਰ ਉਤੇ ਘੁੰਮ ਰਿਹਾ ਸੀ ਤੇ ਦੂਸਰਾ ਅਜੇ ਵੀ ਕਾਮਰੇਡ ਦੇ ਸਾਹਮਣੇ ਕੁਰਸੀ ਉਪਰ ਬੈਠਾ ਉਹਦੇ ਹਥ ਵਿਚ ਲਹਿਰਾ ਰਹੀ ਕਾਰ ਦੀ ਚਾਬੀ ਨੂੰ ਦੇਖ ਰਿਹਾ ਸੀ।

ਜਦੋਂ ਅਜੇ ਵਿਆਹ ਨਈਂ ਸੀ ਹੋਇਆ, ਪ੍ਰੀਤੀ ਦੇ ਜ਼ੋਰ ਪਾਉਣ ਉਤੇ ਅਸੀਂ ਵਿਆਹ ਵਾਲੇ ਕਾਗਜ਼ ਕਚਹਿਰੀ ਦੇ ਆਏ ਸੀ। ਅਗਲੇ ਦਿਨ ਇਹ ਗੱਲ ਆਪਣੀ ਮੰਮੀ ਨੂੰ ਦਸ ਕੇ ਪ੍ਰੀਤੀ ਪਿੰਡੋਂ ਮੁੜੀ ਤਾਂ ਉਹਨੇ ਕੰਟੀਨ ਨੂੰ ਜਾਂਦਿਆਂ ਪਰਸ ਵਿਚੋਂ ਚਿਠੀ ਕਢ ਕੇ ਮੈਨੂੰ ਦਿਤੀ, "ਡੈਡੀ ਦੀ ਆ ਪੜ੍ਹ ਲੈਣੀ ਏਥੇ ਨਈਂ ਘਰ ਜਾ ਕੇ।"

ਮੈਂ ਘਰ ਆ ਕੇ ਚਿਠੀ ਪੜ੍ਹੀ ਸੀ। ਹਰਪ੍ਰੀਤ ਦੇ ਡੈਡੀ ਨੇ ਉਹਦੀ ਮੰਮੀ ਨੂੰ ਲਿਖਿਆ ਸੀ, "ਇਹ ਵਿਆਹ ਕਿਸੇ ਵੀ ਸੂਰਤ ਵਿਚ ਨਹੀਂ ਹੋਣਾ ਚਾਹੀਦਾ। ਓਸ ਮੁੰਡੇ ਨੂੰ ਸ਼ੂਟ ਕਰ ਦਿਓ। ਕਿਸੇ ਨੂੰ ਵੀਹ ਪੰਜਾਹ ਹਜ਼ਾਰ ਦੇ-ਦੁਆ ਕੇ ਫਸਤਾ ਵਢ ਦਿਓ। ਲਾਂਬੜੇ ਵਾਲੇ ਭਜੀ ਨੂੰ ਗੰਢ ਲਓ। ਤੁਸੀਂ ਮਰ ਗਏ ਸਾਰੇ? ਪੈਸੇ ਦੀ ਪ੍ਰਵਾਹ ਨਾ ਕਰੋ। ਦੋ ਲਖ ਤੁਹਾਨੂੰ ਪਹੁੰਚ ਗਿਆ ਹੋਣੈ, ਨੌਂ ਦਸ ਦਿਨਾਂ ਤਕ ਹੋਰ ਅਪੜ ਜਾਊ ਮੇਰੀ ਗੱਲ ਉਤੇ ਗੌਰ ਕਰਿਓ।"

ਦੂਜੇ ਦਿਨ ਵਿਹਲੇ ਸਮੇਂ ਬੈਠੇ ਅਸੀਂ ਫੋਕੀਆਂ ਜਿਹੀਆਂ ਗੱਲਾਂ ਕਰਦੇ ਰਹੇ। ਪੀਰਡ ਖਤਮ ਕਰਕੇ ਜਦੋਂ ਮੈਂ ਉਹਨੂੰ ਹੋਸਟਲ ਵਲ ਛਡਣ ਗਿਆ ਸੀ ਤਾਂ ਰਸਤੇ ਵਿਚ ਉਹਨੇ ਆਪਣੇ ਡੈਡੀ ਦੀ ਇਕ ਗੱਲ ਦਸੀ। ਇਹ ਗੱਲ ਉਹਨੂੰ ਕਿਸੇ ਟਾਈਮ ਉਹਦੀ ਮੰਮੀ ਨੇ ਦਸੀ ਸੀ। ਮੰਮੀ ਨੂੰ ਬਹੁਤ ਚਿਰ ਪਹਿਲਾਂ ਪ੍ਰੀਤੀ ਦੀ ਕਰਤਾਰਪੁਰ ਵਾਲੀ ਭੂਆ ਨੇ ਦਸੀ ਸੀ।

ਗੱਲ ਹੈ ਤਾਂ ਆਮ ਜਿਹੀ ਸੀ ਪਰ ਉਹ ਪ੍ਰੀਤੀ ਦੇ ਅੰਦਰ ਕਿਤੇ ਪਾਰੇ ਵਾਂਗ ਬਹਿ ਗਏ ਸੀ। ਵਿਆਹ ਹੋਣ ਤੋਂ ਪਹਿਲਾਂ ਪ੍ਰੀਤੀ ਦੇ ਡੈਡੀ ਨਾਲ ਵਾਲੇ ਪਿੰਡ ਦੇ ਆਪਣੇ ਰਹਿ ਚੁਕੇ ਰਮਦਾਸੀਏ ਮਾਸਟਰ ਦੀ ਕੁੜੀ ਨਾਲ ਬਹੁਤ ਪਿਆਰ ਕਰਦੇ ਸੀ। ਕੁੜੀ ਏਥੇ ਤਕ ਤੁਲ ਗਈ ਕਿ ਉਹਨੇ ਪਹਿਲਾਂ ਤਾਂ ਆਪਣੇ ਪਿਓ ਨੂੰ ਨਿਸ਼ੰਗ ਕਹਿ ਦਿਤਾ ਕਿ ਮੈਂ ਤਾਂ ਜਗਤੇ ਨਾਲ ਵਿਆਹ

ਕਰਾਉਣਾ, ਨਈਂ ਮਹੁਰਾ ਖਾ ਲਊਂ। ਫਿਰ ਆ ਕੇ ਇਹੋ ਗੱਲ ਪ੍ਰੀਤੀ ਦੇ ਦਾਦੇ ਮੂਹਰੇ ਆ ਕਹੀ। ਉਹ ਕੁੜੀ ਭੂਆ ਦੀ ਸਹੇਲੀ ਵੀ ਸੀ, ਘਰ ਆਉਂਦੀ ਜਾਂਦੀ ਸੀ। ਭੂਆ ਨੂੰ ਸਾਰੀ ਗੱਲ ਦਾ ਭੇਤ ਸੀ। ਅਗਲੇ ਦਿਨ ਜਗਤਾ ਉਹਨੂੰ ਮਿਲਿਆ ਤੇ ਲੜ ਪਿਆ। ਕਹਿਣ ਲੱਗਾ ਵਿਆਹ ਦੀ ਗੱਲ ਤੂੰ ਸੋਚ ਕਿਦਾਂ ਲਈ? ਮੇਰਾ ਪਿਆਰ ਤਾਂ ਹੈ ਪਰ ਵਿਆਹ ਵਾਲੀ ਗੱਲ ਨ੍ਹੀਂ ਹੋ ਸਕਦੀ। ਕੁੜੀ ਅੜ ਗਈ। ਕਹਿੰਦੀ, ਮੈਂ ਢੇਰ ਉਤੇ ਨ੍ਹੀਂ ਸੁਟੀ ਹੋਈ! ਤੂੰ ਮੇਰੀ ਇਜ਼ਤ ਖੇਹ ਰੋਲੀ ਆ, ਮੈਂ ਪਿੰਡ ਵਿਚ ਤੇਰੀ ਮਿੱਟੀ ਰੋਲ ਕੇ ਛਡੂੰ।

ਉਹ ਤਾਂ ਜੀ ਖੂਹ ਤੇ ਆ ਕੇ ਬਹਿ ਗਈ, ਜਾਵੇ ਨਾ। ਫੇਰ ਉਹਦਾ ਕੋਈ ਪਤਾ ਨਾ ਲੱਗਾ ਕਿ ਕਿਥੇ ਚਲੀ ਗਈ। ਉਹਦਾ ਪੇ ਪੁਲਿਸ ਲੈ ਆਇਆ। ਆਦਧਰਮੀ ਵੀ ਕਠੇ ਹੋ ਗਏ ਡੈਡੀ ਹੁਣਾਂ ਪੁਲਿਸ ਕੋਲ ਪੈਸੇ ਚਾੜ੍ਹ ‘ਤੇ। ਪੁਲਿਸ ਉਲਟਾ ਮਾਸਟਰ ਨੂੰ ਫੜ ਕੇ ਲੈ ਗਈ ਤੇ ਗੱਲ ਦਬਾ ਦਿਤੀ ਗਈ। ਜਦੋਂ ਮੁਰਬਾਬੰਦੀ ਹੋਈ ਤਾਂ ਨਿਆਈਆਂ ਵਾਲੀ ਛਿੜੀ ਕਲੇਰਾਂ ਵਾਲਿਆਂ ਦੇ ਹਿੱਸੇ ਆ ਗਈ ਤੇ ਉਨ੍ਹਾਂ ਨੇ ਵਾਹ ਦਿਤੀ, ਸੂਏ ਤੋਂ ਪਾਰ ਆੜ ਕਢਦੇ ਕਲੇਰਾਂ ਵਾਲਿਆਂ ਦੇ ਬੁੜ੍ਹੇ ਨੇ ਹਡੀਆਂ ਦੇਖ ਕੇ ਕਹੀ ਰੋਕ ਦਿਤੀ। ਉਥੇ ਲੋਕ ਸੁਣ ਕੇ ਮੈਂ ਹਉਕਾ ਭਰਿਆ ਸੀ। ਚਾਹ ਨਈਂ ਪੀਤੀ ਗਈ। ਪਰ ਹਰਪ੍ਰੀਤ ਨੇ ਚਾਹ ਵੀ ਪੀਤੀ ਤੇ ਬਰੈਡ ਪਕੌੜੇ ਦੋਨੋਂ ਖਾ ਗਈ।

“ਗੁਰ ਕਚਹਿਰੀਆਂ ਵਿਚ ਕਿਸੇ ਨੂੰ ਸੌ ਪੰਜਾਹ ਦੇ ਕੇ ਕਾਗਜ਼ ਦੋ-ਚਾਰ ਦਿਨਾਂ ਵਿਚ ਕਢਾ ਲਓ ਛੇਤੀ। ਮੈਰਿਜ਼ ਹੋ ਜਾਏ ਇਹ ਪੈਹੇ, ਇਹ ਹੈਂਕੜ, ਹਰ ਥਾਂ ਨਈਂ ਚਲ ਸਕਦੇ।” ਪ੍ਰੀਤੀ ਨੇ ਦੰਦ ਕਰੀਚੇ ਸਨ। ਇਕ ਦਮ ਉਹਦਾ ਚਿਹਰਾ ਤਣ ਗਿਆ ਸੀ। ਅਜੀਬ ਸੁਭਾਅ ਦੀ ਕੁੜੀ ਸੀ।

ਮੇਰੀ ਨਿਗ੍ਹਾ ਪਖੇ ‘ਤੇ ਅਟਕ ਗਈ। ਫਿਰ ਨਿਗ੍ਹਾ ਪਖੇ ਦੇ ਤੇਜ਼ ਘੁੰਮਦੇ ਫਰਾਂ ਨੂੰ ਫੜਨ ਲੱਗੀ ਪਰ ਕੋਈ ਪੇਸ਼ ਨਈਂ ਸੀ ਜਾ ਰਹੀ। ਫਿਰ ਨਿਗ੍ਹਾ ਵਿਚਕਾਰ ਮੋਟਰ ਉਤੇ ਟਿਕ ਗਈ, ਗੋਲ ਗੁੰਬਦ ਜਿਹੇ ਉਤੇ। ਕਿਵੇਂ ਗਰੀਸ ਨਿਕਲ ਕੇ ਬਾਹਰਲਾ ਪਾਸਾ ਕਾਲਾ ਹੋ ਗਿਆ ਸੀ। ਮਾੜੀ ਕੰਪਨੀ ਦਾ ਪਖਾ ਲਗਦਾ ਸੀ, ਚੰਗੀ ਕੰਪਨੀ ਦੀ ਚੀਜ਼ ਤਾਂ ਘਰ ਦੀ ਸ਼ੋਭਾ ਵਧਾ ਦਿੰਦੀ ਹੈ।

“ਪੁੱਤ, ਇਹ ਠੀਕ ਆ ਪਈ ਬਖਸ਼ਾ ਚੰਗੀ ਨੌਕਰੀ ਉਤੇ ਆ, ਸੋਹਣਾ-ਸੁਨੱਖਾ ਤੇ ਛੇ ਫੁੱਟ ਤੋਂ ਉਚਾ ਪਰ ਪੁਤ ਹੈ ਤਾਂ, ” ਭਾਈਆ ਗੱਲ ਕਰਦਾ ਕਰਦਾ ਰੁਕ ਗਿਆ ਸੀ। ਫਿਰ ਗੱਲ ਪਲਟ ਕੇ ਕਹਿਣ ਲੱਗਾ, “ਬਸ ਧੀਏ ਤੂੰ ਐਂ ਸੋਚ ਲੈ ਜਿਦਾਂ ਬਈ ਸਾਰਾ ਕੁਛ ਈ ਵਧੀਆ ਹੋਵੇ ਪਰ ਕੰਪਨੀ ਮਾੜੀ ਹੋਵੇ। ਪਹਿਲਾਂ ਤਾਂ ਕਹਿਣਗੇ ਨੀਂਵੀਂ ਜਾਤ ਆ, ਯਾਨਿ ਮਾੜ੍ਹੀ ਕੰਪਨੀ ਆ ਤੇ ਆਪਣੇ ਆਪ ਨੂੰ ਸਮਝਣਗੇ ਟਾਪ ਦੀ ਕੰਪਨੀ, ਅਸਲੀ ਮਾਲ ਜਿੱਦਾਂ ਰੈਲੇ ਕੰਪਨੀ ਸੀ, ਊਸ਼ਾ, ਬਜਾਜ ਜਾਂ ਫਿਲਪ ਤੇ ਪ੍ਰੀਤ ਪੁੱਤ ਇਹ ਦੇਖ ਲਾ ਕੰਪਨੀ ਤਾਂ ਪਈ ਐਸੀ ਵੈਸੀ ਈ ਆ।” ਭਾਈਆ ਕਹਿ ਕੇ ਹੱਸਿਆ ਸੀ।

“ਕਿਆ ਕਮਾਲ ਆ ਭਾਈਆ ਜੀ, ਗੱਲ ਦਾ ਸੁਆਦ ਲਿਆ ‘ਤਾ। ਦੇਖੋ ਗੁਰ, ਭਾਈਆ ਜੀ ਦੀ ਗੱਲ਼; ਭਾਈਆ ਜੀ, ਮੈਂ ਕਹਾਂ, ਆਈ ਐਮ ਪਰੌਡ ਆਫ ਯੂ ਭਾਈਆ ਜੀ।” ਭਾਵੁਕ ਹੋਈ ਪ੍ਰੀਤੀ ਨੇ ਹੁੱਕਾ ਪੀ ਰਹੇ ਭਾਈਏ ਨੂੰ ਜੱਫੀ ਜਾ ਪਾਈ ਸੀ।

ਇਹ ਭਾਈਆ ਫਿਰ ਪਤਾ ਨਈਂ ਕਿਧਰੋਂ ਆ ਦਾਖਲ ਹੋਇਆ। ਮੈਂ ਤਾਂ ਪਖੇ ਬਾਰੇ ਸੋਚ ਰਿਹਾ ਸੀ। ਸਰਘੀ ਉਠ ਕੇ ਬਹਿ ਗਈ। ਇਧਰ ਉਧਰ ਦੇਖਣ ਲੱਗੀ।

“ਉਠ ਗਿਆ ਮੇਰਾ ਰਾਜਾ ਬੇਟਾ!” ਹਰਪ੍ਰੀਤ ਅੰਦਰ ਦਾਖਲ ਹੋਈ ਤੇ ਮੇਰੇ ਕੋਲ ਬੈਠ ਗਈ। ਉਹਦੇ ਹੱਥ ਵਿਚ ਪੈਪਸੀ ਦੀ ਬੋਤਲ ਸੀ। “ਲੈ ਮੇਰਾ ਰਾਜਾ ਕੋਲਡ ਡਰਿੰਕ ਪੀਓ, ਸੋ ਸਵੀਟ।” ਉਹਨੇ ਬੋਤਲ ਸਰਘੀ ਨੂੰ ਫੜਾ ਕੇ ਮੇਰੀਆਂ ਅੱਖਾਂ ਵਿਚ ਝਾਕਿਆ। ਉਹ ਸਹਿਮੀ ਹੋਈ ਸੀ।

“ਤੁਸੀਂ ਕੜਾ ਤੇ ਮੁੰਦੀਆਂ ਵਗੈਰਾ ਨਈਂ ਨਾ ਲੈਣ ਦਿੱਤੇ ਡੈਡੀ ਬੜੇ ਖੁਸ਼ ਆ।” ਹਰਪ੍ਰੀਤ ਗੱਲ ਕਰਦੀ ਮੇਰੇ ਉਪਰ ਝੁਕ ਗਈ, ਮੇਰੇ ਵਾਲਾਂ ਉਤੇ ਹੱਥ ਫੇਰਨ ਲਗੀ।

“ਹੇਠਾਂ ਕਾਹਦਾ ਰੌਲਾ ਪੈ ਰਿਹਾ?” ਕਾਮਰੇਡ ਬੋਲਦਾ ਸੀ।

“ਤੁਹਾਨੂੰ ਸੁਣ ਗਿਆ? ਗੁਰਪ੍ਰੀਤ ਝੇੜਾ ਪਾਈ ਬੈਠੀ ਆ। ਕਹਿੰਦੀ ਆ, ਮੈਨੂੰ ਜਿਪਸੀ ਲੈ ਕੇ ਦਿਓ।

ਕਾਮਰੇਡ ਕਹਿੰਦਾ, ਮੇਰੇ ਮੁੰਡੇ ਨੂੰ ਤੁਸੀਂ ਕੀ ਪਾਇਆ? ਦੋ ਮੁੰਡੇ ਹੋਏ ਪੰਜਾਹ ਪੰਜਾਹ ਛਿਲੜਾਂ ਨਾਲ ਸਾਰ ‘ਤਾ। ਡੈਡੀ ਨੂੰ ਕਹਿੰਦਾ, ਵੀਹ ਲੱਖ ਜਮਾ ਕਰਕੇ ਰੱਖਿਆ, ਉਹਨੂੰ ਅੱਗ ਲਾਉਣੀ ਆ, ਨਾਲੇ ਮੈਨੂੰ ਜਿਪਸੀ ਲੈ ਦਿਓ, ਨਾਲੇ ਨੇਕ ਨੂੰ, ਬੇਵਕੂਫ ਨੇਕ ਨੂੰ ਭੜਕਾਉਂਦਾ।” ਗੱਲ ਕਰਦੀ ਕਰਦੀ ਹਰਪ੍ਰੀਤ ਸਿੱਧੀ ਹੋ ਗਈ। “ਚਲੋ ਛੱਡੋ ਇਹ ਗੱਲਾਂ ਚਾਚਾ ਤੇ ਚਾਚੀ ਵੀ ਬੜੇ ਖੁਸ਼ ਆ ਤੁਹਾਨੂੰ ਦੇਖ ਕੇ। ਮੰਮੀ ਹੁਣੀਂ ਉਨ੍ਹਾਂ ਕੋਲ ਝੂਠ ਬੋਲਿਆ ਹੋਣੈ ਤੁਹਾਡੇ ਬਾਰੇ, ਪਰ ਗੱਲ ਦਬ ਗਈ। ਭੂਆ ਕਹਿੰਦੀ ਸੀ, ਦੋਨੋਂ ਜਣੇ ਜ਼ਰੂਰ ਪਿੰਡ ਗੇੜੀ ਮਾਰਿਓ। ਜਦੋਂ ਤੁਸੀਂ ਖੂਹ ਵੱਲ ਗਏ ਆਂ, ਜਿਹਨੇ ਜਿਹਨੇ ਵੀ ਦੇਖਿਆ, ਕਈ ਜਣੀਆਂ ਆਈਆਂ ਗੁਣ ਗਾ ਕੇ ਗਈਆਂ।”

ਕੋਈ ਪਉੜੀਆਂ ‘ਚ ਆ ਰਿਹਾ ਸੀ। ਹਰਪ੍ਰੀਤ ਉਠ ਕੇ ਕੁਰਸੀ ਉਤੇ ਬਹਿ ਗਈ।

“ਉਠ ਗਈ ਬਈ ਸਰਘੀ ਆ ਜਾ ਮੇਰੇ ਕੋਲ।” ਹਰਪ੍ਰੀਤ ਦੇ ਡੈਡੀ ਨੇ ਉਹਨੂੰ ਚੁਕ ਲਿਆ ਤੇ ਮੇਰੇ ਕੋਲ ਪਲੰਘ ਉਤੇ ਹੀ ਬਹਿ ਗਏ।

“ਪੁੱਤ, ਮੇਰੇ ਸ਼ਿੰਦੇ, ਕੋਈ ਗੱਲ ਮਨ ਉਤੇ ਨ੍ਹੀਂ ਲਾਉਣੀ, ਆਪਣੇ ਘਰ ਸੁਖੀ ਵਸੋ। ਕੋਈ ਔਖ ਸੌਖ ਹੋਵੇ ਅਸੀਂ ਹੈਗੇ ਆ। ਸਾਰਾ ਪਿੰਡ ਸੋਭਾ ਕਰਦੈ ਜਿਹੜਾ ਵੀ ਸੁਣਦਾ ਪ੍ਰਾਹੁਣਾ ਪ੍ਰੋਫੈਸਰ ਆ, ਮੂੰਹ ਅੱਡਿਆ ਰਹਿ ਜਾਂਦਾ।”

“ਪ੍ਰੀਤੀ ਵੀ ਤਾਂ ਪ੍ਰੋਫੈਸਰ ਆ!” ਮੈਂ ਕਹਿ ਕੇ ਹੱਸਿਆ।

“ਉਹ ਤਾਂ ਹੈ”, ਪ੍ਰੀਤੀ ਦੇ ਡੈਡੀ ਬੋਲੇ।

“ਮੰਮੀ ਜੀ, ਸਾਡੇ ਬਾਰੇ ਤੁਸੀਂ ਕਦੇ ਚਿੰਤਾ ਨਈਂ ਕਰਨੀ। ਖਾਸ ਕਰਕੇ ਹਰਪ੍ਰੀਤ ਬਾਰੇ, ਸਾਡੇ ਬਾਰੇ ਕੋਈ ਕੀ ਸੋਚਦਾ ਜਾਂ ਕਹਿੰਦਾ, ਇਹਦੇ ਬਾਰੇ ਅਸੀਂ ਨ੍ਹੀਂ ਸੋਚਦੇ, ਨਾ ਸਾਡੇ ਕੋਲ ਵਿਹਲ ਹੀ ਹੈ ਇਨ੍ਹਾਂ ਦੀਆਂ ਗੱਲਾਂ ਬਾਰੇ ਸੋਚਣ ਦੀ। ਸਾਨੂੰ ਕੋਈ ਮੱਥੇ ਵਟ ਪਾਵੇ, ਕੋਈ ਹੱਸ ਕੇ ਬੁਲਾਵੇ, ਇਹ ਗੱਲਾਂ ਕੋਈ ਮਾਅਨੇ ਨਈਂ ਰੱਖਦੀਆਂ।”

“ਸ਼ਾਬਾਸ਼ੇ ਬਰਖੁਰਦਾਰ! ਨਈਂ ਰੀਸਾਂ ਤੇਰੀਆਂ। ਤੇਰੇ ਬਾਰੇ ਸੁਣਿਆ ਬਥੇਰਾ ਕੁਛ ਸੀ, ਪਈ ਐਸ ਖਿਆਲਾਂ ਦਾ ਮੁੰਡਾ ਬਈ, ਮਿਲ ਕੇ ਦੇਖ ਵੀ ਲਿਆ। ਵਾਹਿਗੁਰੂ ਲੰਮੀਆਂ ਉਮਰਾਂ ਕਰੇ।” ਪ੍ਰੀਤੀ ਦੇ ਡੈਡੀ ਜਜ਼ਬਾਤ ਵਿਚ ਘਿਰ ਗਏ, ਉਨ੍ਹਾਂ ਦਾ ਹੱਥ ਮੇਰੇ ਮੋਢੇ ਉਤੇ ਆ ਟਿਕਿਆ ਤੇ ਫਿਰ ਪਿੱਠ ਉਤੇ ਫਿਰ ਗਿਆ, “ਜੀਂਦਾ ਵਸਦਾ ਰਹਿ ਸੋਹਣਿਆ।” ਬੋਲਦਿਆਂ ਉਨ੍ਹਾਂ ਆਪਣਾ ਮੂੰਹ ਸਰਘੀ ਦੇ ਸਿਰ ‘ਤੇ ਰੱਖ ਦਿੱਤਾ।

ਹਰਪ੍ਰੀਤ ਦੀ ਮੰਮੀ ਨੇ ਲੀੜਾ ਸੁਆਰਿਆ ਤੇ ਹੇਠੋਂ ਇਕ ਪਾਲਿਥੀਨ ਦਾ ਲਿਫਾਫਾ ਕਢ ਕੇ ਪ੍ਰੀਤੀ ਦੇ ਡੈਡੀ ਨੂੰ ਫੜਾਇਆ।

ਮੈਂ ਤੇ ਪ੍ਰੀਤੀ ਨੇ ਇਕ ਦੂਜੇ ਵਲ ਦੇਖਿਆ।

“ਦੇਖ ਬਈ ਗੁਰਬਖਸ਼ ਇਹ ਕੁਛ ਨ੍ਹੀਂ ਆ, ਤੁਸੀਂ ਦੋਹਾਂ ਨੇ ਵਿਆਹ ਕਰ ਲਿਆ, ਧੀ ਵੀ ਜੰਮ ਪਈ, ਤੁਸੀਂ ਮੌਜਾਂ ਕਰਦੇ ਆਂ ਫੇਰ ਵੀ ਧੀ ਵਾਲੇ ਤਾਂ ਸਦਾ ਦੇਣਦਾਰ ਰਹਿੰਦੇ ਆ। ਅਸੀਂ ਤੇਰੀ ਲਿਆਕਤ, ਤੇਰੀ ਸ਼ਰਾਫਤ ਅੱਗੇ ਕੱਖ ਨਈਂ। ਆਹ ਤਿਲ-ਫੁੱਲ ਆ, ਬਸ ਤੇਰੇ ਤੇ ਮੇਰੀਆਂ ਇਨ੍ਹਾਂ ਧੀਆਂ ਦੇ ਕੱਪੜੇ-ਲਤੇ ਲਈ ਪੰਜਾਹ ਹਜ਼ਾਰ ਆ, ਇਹ ਕਈ ਚਿਰ ਦੇ ਤੁਹਾਡੇ ਨਾਂ ਦੇ ਈ ਪਏ ਆ, ਸਾਂਭ ਲਓ।”

ਪੰਜਾਹ ਹਜ਼ਾਰ ਸੁਣ ਕੇ ਮੈਨੂੰ ਜਿਵੇਂ ਝਟਕਾ ਲੱਗਾ। ਇਹ ਕੰਧ ਉਸਾਰਨ ਦਾ ਵਿਚੋਂ ਕਾਰਨ ਕੀ ਹੈ? ਜੇ ਇਹ ਰਿਸ਼ਤਾ ਹੁਣ ਸਵੀਕਾਰ ਈ ਕੀਤਾ ਹੈ ਤਾਂ ਇਹ ਠੁੰਮਣਾ ਕਾਹਦੇ ਲਈ? ਇੰਨੇ ਸਾਲਾਂ ਤੋਂ ਸਾਨੂੰ ਪੈਸੇ ਦੀ ਲੋੜ ਤਾਂ ਪਈ ਨਈਂ ਅਸੀਂ ਘਰ ਵੀ ਬਣਾਉਂਦੇ ਰਹੇ, ਨੇਕ ਤਿੰਨ ਚਾਰ ਵਾਰ ਰੇਤਾ ਦੀਆਂ ਟਰਾਲੀਆਂ ਵੀ ਸੁਟ ਕੇ ਆਇਆ, ਹੁਣ ਅਚਾਨਕ ਏਨਾ ਮੋਹ ਕਾਹਦੇ ਲਈ? ਪੰਜ ਸਾਲ ਤੋਂ ਤੁਰ ਹੀ ਰਹੇ ਆਂ।

ਹਫਤਾ ਕੁ ਪਹਿਲਾਂ ਹਰਨੇਕ ਆਇਆ। ਕਹਿਣ ਲੱਗਾ, "ਭਾ ਜੀ, ਐਤਵਾਰ ਨੂੰ ਮੇਰਾ ਮੰਗਣਾ, ਤੁਸੀਂ ਜ਼ਰੂਰ ਪਹੁੰਚਣਾ।"

ਹਰਨੇਕ ਨੇ ਆਉਣ-ਜਾਣ ਕਰਕੇ ਸਾਡੇ ਨਾਲ ਇੰਨੀ ਕੁ ਸਾਂਝ ਬਣਾ ਲਈ ਸੀ ਕਿ ਮੈਂ ਕੁਛ ਨਾ ਬੋਲਿਆ।

"ਡੈਡੀ ਨਾਲ ਸਲਾਹ ਕੀਤੀ ਆ? ਭਰਾਵਾ ਸਾਡੇ ਆਉਣ ਨਾਲ ਤੇਰੇ ਕੰਮ 'ਚ ਕੋਈ ਵਿਘਨ ਨਾ ਪੈ ਜਾਏ", ਹਰਪ੍ਰੀਤ ਹੱਸ ਕੇ ਕਹਿਣ ਲੱਗੀ।

"ਕਿਹੜਾ ਵਿਘਨ ਪਾਉਣ ਆਲਾ ਜੰਮਿਆ? ਤੁਸੀਂ ਹਾਜ਼ਰ ਹੋਊਂਗੇ ਤਾਂ ਇਹ ਕੰਮ ਸਿਰੇ ਲੱਗੂ, ਨਈਂ ਬੈਠੇ ਰਹਿਣ।" ਉਹ ਆਕੜ ਗਿਆ।

"ਛੋਟੇ ਭਾ ਜੀ ਐਂ ਕਰੀਂ, " ਡੈਡੀ ਦਾ ਫੋਨ ਆ ਗਿਆ। ਮੈਂ ਪਹਿਲੀ ਵਾਰੀ ਉਨ੍ਹਾਂ ਦੀ ਆਵਾਜ਼ ਸੁਣੀ ਸੀ, ਬੜੀ ਠਰੰਮੇ ਵਾਲੀ, ਸਹਿਜ। ਹੁਣ ਤਕ ਤਾਂ ਮੈਂ ਉਨ੍ਹਾਂ ਦੀਆਂ ਫੋਟੋਆਂ ਹੀ ਦੇਖੀਆਂ ਸੀ, ਕਿਸੇ ਪੱਬ ਵਿਚ, ਕਿਸੇ ਲੰਮੀ ਕਾਰ ਕੋਲ ਕਿਤੇ ਫੁੱਲਾਂ ਵਿਚ। ਜਦੋਂ ਅਜੇ ਅਸੀਂ ਵਿਆਹ ਦੀ ਗੱਲ ਨਈਂ ਸੀ ਤੋਰੀ, ਉਦੋਂ ਪ੍ਰੀਤੀ ਮੈਨੂੰ ਪਿੰਡ ਲੈ ਕੇ ਗਈ। ਖੁੱਲ੍ਹਾ-ਡੁੱਲ੍ਹਾ ਘਰ ਸੀ। ਘਰ ਵਿਚ ਪ੍ਰੀਤੀ ਦੀ ਮੰਮੀ ਸੀ, ਵੱਡੀ ਭੈਣ ਗੁਰਪ੍ਰੀਤ ਸੀ ਜਿਹੜੀ ਲਾਗਲੇ ਪਿੰਡ ਵਿਚ ਪੜ੍ਹਾਉਂਦੀ ਸੀ, ਨੌਵੀਂ ਵਿਚ ਪੜ੍ਹਦਾ ਹਰਨੇਕ ਸੀ, ਅਲੂੰਆਂ ਜਿਹਾ। ਹਰਪ੍ਰੀਤ ਆਪ ਤਾਂ ਕਾਲਜ ਦੇ ਹੋਸਟਲ ਵਿਚ ਰਹਿੰਦੀ ਸੀ, ਹੋਸਟਲ ਵਾਰਡਨ ਜੁ ਸੀ। ਬੈਠਕ ਵਿਚ ਕੰਧ ਉਪਰ ਵੱਡੀ ਸਾਰੀ ਰੰਗੀਨ ਫੋਟੋ ਲੱਗੀ ਹੋਈ ਸੀ, ਕੁੰਢੀਆਂ ਮੁੱਛਾਂ, ਤੇੜ ਚਾਦਰਾ ਤੇ ਕਲੀਆਂ ਵਾਲਾ ਕੁੜਤਾ।

"ਇਹ ਮੇਰੇ ਡੈਡੀ ਆ, ਫਾਰਨ 'ਚ ਆ। ਪਹਿਲਾ ਕੈਨੇਡਾ ਗਏ ਸੀ ਟਰਾਂਟੋ, ਉਥੋਂ ਅਮਰੀਕਾ ਚਲੇ ਗਏ, ਕੈਲੇਫੋਰਨੀਆ।" ਪ੍ਰੀਤੀ ਨੇ ਬੜੇ ਚਾਅ ਨਾਲ ਦੱਸਿਆ ਸੀ। ਫੇਰ ਜਦੋਂ ਵਿਆਹ ਦੀ ਗੱਲ ਚੱਲੀ ਤਾਂ ਘਰ ਅਮਰੀਕਾ ਤੋਂ ਫੋਨ 'ਤੇ ਫੋਨ ਆਉਣ ਲੱਗਾ। ਹਰਪ੍ਰੀਤ ਦਾ ਉਦੋਂ ਮੋਹ ਭੰਗ ਹੋ ਗਿਆ।

"ਪਈ ਗੁਰਬਖਸ਼ ਬੋਲ ਰਿਹਾ?" ਹਰਪ੍ਰੀਤ ਦਾ ਡੈਡੀ ਪੁੱਛ ਰਿਹਾ ਸੀ।

"ਜੀ ਹਾਂ, ਤੁਸੀਂ ਕੌਣ?" ਮੈਂ ਸ਼ਸ਼ੋਪੰਜ ਵਿਚ ਪਏ ਨੇ ਪੁੱਛਿਆ ਸੀ।

"ਮੈਂ ਹਰਪ੍ਰੀਤ ਦਾ ਫਾਦਰ ਬੋਲਦਾਂ ਪਈ ਤੁਸੀਂ ਐਤਵਾਰੀਂ ਨੇਕ ਦੇ ਮੰਗਣੇ ਉਤੇ ਪਹੁੰਚਣਾ, ਜ਼ਰੂਰੀ ਤਾਗੀਦ ਆ, ਅਸੀਂ 'ਡੀਕਾਂਗੇ, ਦੇਖਿਓ, ਐਵੇਂ ਟਾਲਾ ਨਾ ਮਾਰਿਓ, ਇਹ ਰਕੁਐਸਟ ਈ ਆ।"

"ਆਹ ਹਰਪ੍ਰੀਤ ਨਾਲ ਵੀ ਗੱਲ ਕਰ ਲਓ।" ਮੈਂ ਕੋਲ ਖੜ੍ਹੀ ਹਰਪ੍ਰੀਤ ਨੂੰ ਫੋਨ ਫੜਾ ਦਿਤਾ ਸੀ ਤੇ ਆਪ ਬਾਹਰ ਘਾਹ ਉਤੇ ਲੰਮਾ ਸਾਹ ਲਿਆ ਸੀ। ਉਪਰ ਦੇਖਿਆ, ਹਨੇਰੇ ਵਿਚ ਕਿੰਨਾ ਚਾਨਣ ਘੁਲਦਾ ਜਾ ਰਿਹਾ ਸੀ, ਸ਼ਾਇਦ ਚੰਦ ਨਿਕਲਣ ਵਾਲਾ ਸੀ।

ਉਹ ਤਾਂ ਇਕ ਆਵਾਜ਼ ਸੀ, ਇਕ ਵਿਸ਼ਵਾਸ ਜਿਸ ਕਰਕੇ ਸਾਰੇ ਰਿਸ਼ਤੇ ਜਿਹੜੇ ਅਜੇ ਤਕ ਜੁੜੇ ਨਈਂ ਸਨ, ਜੁੜ ਗਏ ਸੀ। ਬਿਨਾਂ ਕਿਸੇ ਉਚੇਚ ਦੇ, ਬਿਨਾ ਕਿਸੇ ਉਪਰਾਲੇ ਦੇ। -ਪਰ ਹੁਣ ਇਹ ਨ੍ਹੀਂ? ਪੰਜਾਹ ਹਜ਼ਾਰ ਦੇ ਨੋਟਾਂ ਨਾਲ ਕੀ ਜੋੜਿਆ ਜਾਂ ਤੋੜਿਆ ਜਾ ਰਿਹਾ ਸੀ। ਬਹੁਤੀ ਵਾਰੀ ਇਉਂ ਹੁੰਦਾ ਹੈ ਕਿ ਦੁਨਿਆਵੀ ਰਿਸ਼ਤਿਆਂ ਦੇ ਜੋੜ-ਤੋੜ ਤੇ ਉਸਰਨ ਬਾਰੇ ਬੰਦੇ ਨੂੰ

ਕਖ ਪਤਾ ਨਈਂ ਲਗਦਾ। ਇਸੇ ਉਲਝੀ ਸੋਚ ਦਾ ਸਿਰਾ ਲਭਣ ਦੀ ਕੋਸ਼ਿਸ਼ ਵਿਚ ਮੈਂ ਪ੍ਰੀਤੀ ਦੇ ਡੈਡੀ ਦੇ ਹਥਾਂ ਵਿਚ ਫੜੇ ਲਿਫਾਫੇ ਨੂੰ ਘੂਰ ਰਿਹਾ ਸੀ।

“ਡੈਡੀ! ਤੁਹਾਡਾ ਫੋਨ ਇੰਗਲੈਂਡ ਤੋਂ ਤੇਜੀ ਭੂਆ ਦਾ।” ਥੱਲੇ ਵਿਹੜੇ ਵਿਚੋਂ ਹਰਨੇਕ ਨੇ ਵਾਜ਼ ਮਾਰੀ ਤਾਂ ਪ੍ਰੀਤੀ ਦਾ ਡੈਡੀ ਕਾਹਲੀ ਨਾਲ ਉਠਿਆ ਤੇ ਲਿਫਾਫਾ ਮੇਰੇ ਪਟਾਂ ਉਤੇ ਰੱਖ ਕੇ ਪਉੜੀਆਂ ਉਤਰ ਗਿਆ।

“ਦੇਖੋ ਮੰਮੀ, ਸਾਨੂੰ ਪੈਹਿਆਂ ਦੀ ਕਿਤੇ ਲੋੜ ਨਈਂ ਸਾਡੀ ਕੋਈ ਇਹੋ ਜਿਹੀ ਜ਼ਰੂਰਤ ਵੀ ਹੈਨੀ ਜਿਥੇ ਐਡੀ ਰਕਮ ਖਰਚੀ ਜਾਵੇ। ਅਸੀਂ ਇਹ ਪੈਹੇ ਨ੍ਹੀਂ ਲੈਣੇ।” ਮੈਂ ਲਿਫਾਫਾ ਪ੍ਰੀਤੀ ਦੀ ਮੰਮੀ ਵੱਲ ਵਧਾਇਆ। ਮੰਮੀ ਨੇ ਲਿਫਾਫਾ ਨਈਂ ਫੜਿਆ ਤਾਂ ਪ੍ਰੀਤੀ ਨੇ ਹੱਥ ਵਧਾ ਕੇ ਫੜ ਲਿਆ।

“ਤੁਸੀਂ ਇਹ ਪੈਹੇ ਸਾਨੂੰ ਕਿਉਂ ਦਿੰਦੇ ਆਂ ਦੱਸੋ?” ਬਿਲਕੁਲ ਇਹੋ ਸ਼ਬਦ ਮੈਂ ਕਹਿਣਾ ਚਾਹੁੰਦਾ ਸੀ ਜਿਹੜੇ ਪ੍ਰੀਤੀ ਨੇ ਆਪਣੀ ਮੰਮੀ ਨੂੰ ਕਹੇ। ਪਰ ਮੇਰੇ ਕਹਿਣੇ ਬਣਦੇ ਨਹੀਂ ਸਨ।

“ਓਹ ਵੱਡਾ ਆ, ਦੇਖ ਕਿੱਦਾਂ ਸਾਡੀ ਜਾਨ ਲੈਣੀ ਕੀਤੀ ਆ। ਗਲ ਵਿਚ ਗੂਠਾ ਦੇ ਕੇ ਲੈਂਦਾ, ਮੈਂ ਤੁਹਾਡੇ ਲਈ ਐਨਾ ਵੀ ਨ੍ਹੀਂ ਕਰ ਸਕਦੀ? ਮੈਂ ਨ੍ਹੀਂ ਤੁਹਾਡੀ ਕੁਛ ਲਗਦੀ? ਕੀ ਆ ਇਹ ਡੂੰਗੇ ‘ਚੋਂ ਚਾਰ ਕੌਡਾਂ ਪਰਮਾਤਮਾ ਨੇ। ਵਥੇਰਾ ਕੁਛ ਦਿਤਾ ਆ ਨੇਕ ਨੂੰ, ਰਬ ਤੰਦਰੁਸਤੀ ਬਖਸ਼ੇ, ਖਨੀ ਅਗਲਿਆਂ ਨੇ ‘ਮਰੀਕਾ ‘ਚ ਸੱਦ ਲੈਣਾ!”

ਹੇਠੋਂ ਭੂਆ ਦੀ ਵਾਜ਼ ਆਈ, ਰੋਟੀ ਖਾਣ ਲਈ। ਹਰਪ੍ਰੀਤ ਉਠ ਕੇ ਚਲੀ ਗਈ। ਜਾਂਦੀ ਹੋਈ ਲਿਫਾਫਾ ਕੁਰਸੀ ਉਤੇ ਰਖ ਗਈ।

“ਦੇਖ ਪੁੱਤ, ਇਹ ਪੈਸੇ ਤੁਸੀਂ ਰੱਖ ਲਓ,” ਲਿਫਾਫਾ ਲੈ ਕੇ ਪ੍ਰੀਤੀ ਦੀ ਮੰਮੀ ਮੇਰੇ ਕੋਲ ਪਲੰਘ ਉਤੇ ਆ ਬੈਠੀ।

“ਮੇਰੀ ਧੀ ਸਰਘੀ ਦੇ ਨਾਂ ਬੈਂਕ ਵਿਚ ਜਮ੍ਹਾਂ ਕਰਾ ਦਿਓ, ਟੈਮ ਆਉਣ ਉਤੇ ਇਹਨੂੰ ਚੰਗੀਆਂ ਪੜ੍ਹਾਈਆਂ ਕਰਾਇਓ।” ਬੋਲਦੀ ਬੋਲਦੀ ਉਹ ਸਰਘੀ ਨਾਲ ਲਾਡ ਕਰਨ ਲਗੀ।

“ਮੰਮੀ ਜੀ, ਸਾਡੇ ਕੋਲ ਇਹਦੇ ਜੋਗੇ ਬਹੁਤ ਪੈਸੇ ਆ, ਹਰ ਮਹੀਨੇ ਵਥੇਰੇ ਪੈਹੇ ਮਿਲਦੇ ਆ।”

“ਸ਼ਾਬਾਸ਼ੇ ਪੁੱਤਾ, ਨਈਂ ਰੀਸਾਂ ਤੇਰੀਆਂ” ਕਹਿ ਕੇ ਪ੍ਰੀਤੀ ਦੀ ਮੰਮੀ ਨੇ ਮੇਰਾ ਹੱਥ ਪਲੋਸਿਆ।

“ਦੇਖੋ ਮੰਮੀ ਏਸ ਬੰਦੇ ਨੇ ਈ ਸਭ ਕੁਛ ਬਣਾਉਣਾ ਤੇ ਢਾਹੁਣਾ ਹੁੰਦਾ, ਜਿਹੜੇ ਸਮਾਜ ਦੇ ਗਰਕਣ ਦੀ ਅਸੀਂ ਦਿਨ ਰਾਤ ਦੁਹਾਈ ਪਾਉਂਦੇ ਆਂ, ਇਹਦਾ ਸਤਿਆਨਾਸ ਕਰਨ ਵਿਚ ਸਾਡਾ ਵੀ ਤਾਂ ਹੱਥ ਹੈਗਾ। ਅਸੀਂ ਜੇ ਕੋਈ ਨਵਾਂ ਰਾਹ ਉਲੀਕਦੇ ਆਂ, ਕੁਛ ਨਵਾਂ ਸਿਰਜਦੇ ਆਂ ਤਾਂ ਉਹਦੀ ਸੁਰੱਖਿਆ ਵੀ ਤਾਂ ਅਸੀਂ ਈ ਕਰਨੀ ਆ। ਸਾਡਾ ਤਾਂ ਵਿਰਸਾ ਈ ਬਹੁਤ ਮਹਾਨ ਆ, ਚੰਗੀਆਂ ਗਿਆਨ ਭਰਪੂਰ ਗੱਲਾਂ ਨਾਲ ਭਰਿਆ ਪਰ ਅਸੀਂ ਅਮਲ ਨ੍ਹੀਂ ਕਰਦੇ ਉਨ੍ਹਾਂ ਗੱਲਾਂ ਉਤੇ। ਅਸੀਂ ਸਿਰਫ ਗੱਲਾਂ ਕਰਦੇ ਆਂ, ਦਿਖਾਵਾ ਕਰਦੇ ਆਂ। ਗੁਰਦੁਆਰੇ ਦੀਆਂ ਸੰਗਮਰਮਰੀ ਕੰਧਾਂ ਨੇ ਕਿਸੇ ਨੂੰ ਕੱਖ ਨਈਂ ਦੇਣਾ।

ਹਰਪ੍ਰੀਤ ਵਿਚ ਹੀ ਆ ਟਪਕੀ।

“ਪੁੱਤ ਸਾਨੂੰ ਕਿਥੇ ਤੁਹਾਡੇ ਆਂਗ ਇਹ ਗਿਆਨ-ਧਿਆਨ ਦੀਆਂ ਗੱਲਾਂ ਆਉਂਦੀਆਂ।”

“ਲਾ ‘ਤਾ ਅਜ ਮੰਮੀ ਉਤੇ ਈ ਪੀਰਡ? ਭੁੱਖ ਤਾਂ ਨ੍ਹੀਂ ਲੱਗੀ? ਹੇਠਾਂ ਤਾਂ ਡਰਿੰਕ ਚੱਲ ਰਹੀ ਆ, ਜੇ ਕਹੋ ਤਾਂ ਰੋਟੀ ਏਥੇ ਈ ਲੈ ਆਵਾਂ?”

“ਫੇ ਕੀ ਹੋਇਆ ਜੇ ਡਰਿੰਕ ਚਲਦੀ ਆ ਤਾਂ। ਹੇਠਾਂ ਈ ਚਲਦੇ ਆਂ।” ਮੈਂ ਉਠ ਪਿਆ।

“ਪ੍ਰੀਤੀ, ਕੁੜੀਏ ਆਹ ਚੁੱਕ ਰਕਮ ਸਾਂਭ ਲੈ ਆਪਣੇ ਬੈਗ ਵਿਚ, ਸਾਂਭ ਲੈ।”

ਮੈਂ ਪਉੜੀਆਂ ਵਿਚ ਆ ਗਿਆ। ਪ੍ਰੀਤੀ ਆਪਣੀ ਮੰਮੀ ਨਾਲ ਬਹਿਸਣ ਲੱਗੀ।

ਮਹਿਫਿਲ ਜੰਮੀ ਹੋਈ ਸੀ। ਹਰਨੇਕ, ਪ੍ਰੀਤੀ ਦਾ ਚਾਚਾ ਤੇ ਕਾਮਰੇਡ ਇਸ ਬਹਿਸ ਵਿਚ ਉਲਝੇ ਹੋਏ ਸੀ ਕਿ ਗੰਨਾ ਐਤਕੀਂ ਦਸੂਹਾ ਮਿਲ 'ਤੇ ਸੁਟਣ ਦਾ ਫਾਇਦਾ ਜਾਂ ਭੋਗਪੁਰ ਵਾਲੀ 'ਤੇ ਸੁਟਣ ਵਿਚ। ਇਕ ਜਣਾ ਨਵਾਂ ਸ਼ਹਿਰ ਦੀ ਮਿਲ ਦੇ ਗੁਣ ਗਾ ਰਿਹਾ ਸੀ। ਹਰਪ੍ਰੀਤ ਦਾ ਡੈਡੀ ਤੇ ਫੁਫੜ ਆਪਸ ਵਿਚ ਹੌਲੀ ਹੌਲੀ ਕੋਈ ਗੱਲ ਕਰ ਰਹੇ ਸੀ।

"ਆਓ ਪੈਸ-ਸਾਬ੍ਹ ਆਓ ਆਓ ਬੈਠੋ।" ਪ੍ਰੀਤ ਦੇ ਫੁੱਫੜ ਨੇ ਰਤਾ ਉਚੀ 'ਵਾਜ਼ ਵਿਚ ਸ਼ਾਇਦ ਕਹਿ ਦਿੱਤਾ। ਕਾਮਰੇਡ ਨੇ ਗੱਲ ਰੋਕ ਦਿੱਤੀ।

"ਚਾਚਾ ਪੈਗ ਪਾਓ ਬਈ, ਆਪਣਾ ਭਾ ਆ। ਪਾ ਓਏ ਨੇਕ।" ਕਾਮਰੇਡ ਨੇ ਹਰਨੇਕ ਦੀ ਬਾਂਹ ਫੜ ਕੇ ਝੰਜੋੜੀ।

"ਨਈਂ ਨਈਂ ਜੀ ਛਕੀ ਚਲੋ ਤੁਸੀਂ, ਮੈਂ ਲੈਂਦਾ ਨਈਂ।" ਮੈਂ ਵਿਚਾਰਗੀ ਨਾਲ ਕਿਹਾ।

"ਗੁਰਬਖਸ਼ ਇਕ ਪੈਗ ਲੈ ਲਾ, ਪਾਵਾਂ?" ਪ੍ਰੀਤੀ ਦੇ ਡੈਡੀ ਨੇ ਆਖਿਆ।

"ਨਈਂ ਡੈਡੀ ਜੀ, ਮੈਂ ਨ੍ਹੀਂ ਕਦੀ ਪੀਤੀ ਥੈਂਕਸ।"

"ਭਾ ਸ਼ਰਾਬ, ਸ਼ਰਾਬ ਪੀਣ ਲਈ ਵੀ ਜਿਗਰਾ, ਹੂੰ ਕੀ, " ਕਾਮਰੇਡ ਕੋਲੋਂ ਗੱਲ ਪੂਰੀ ਨਾ ਹੋਈ ਤਾਂ ਉਹਨੇ ਹੂੰਗਰ ਮਾਰੀ।

ਮੈਂ ਉਹਦੇ ਬਹੁਤ ਗਰੀਬ ਜਿਹੇ, ਸੂਤੇ ਹੋਏ ਚਿਹਰੇ ਵਲ ਦੇਖਿਆ ਉਹ ਕਿੰਨਾ ਕਮਜ਼ੋਰ ਜਿਹਾ ਸੀ, ਭੁਖੇ ਬੋਟ ਵਰਗਾ।

"ਗੁਰਬਖਸ਼ ਇਹ ਮੇਰੇ ਜੀਜਾ ਜੀ ਨੇ ਕਾਮਰੇਡ ਜਗਬੀਰ ਸਿੰਘ, ਭੈਣ ਦੇ ਨਾਲ ਈ ਟੀਚਰ ਆ।" ਇਕ ਵਾਰੀ ਕਾਲਜ ਹੀ ਹਰਪ੍ਰੀਤ ਨੂੰ ਕੋਈ ਸੁਨੇਹਾ ਦੇਣ ਆਏ ਕਾਮਰੇਡ ਨਾਲ ਹਰਪ੍ਰੀਤ ਨੇ ਮਿਲਾਇਆ ਸੀ। ਵਿਚਾਰੇ ਦੇ ਹੱਥ ਕਾਲੇ ਹੋਏ ਪਏ। ਕਹਿਣ ਲੱਗਾ, ਮੋਪਿਡ ਦੀ ਚੇਨ ਉਤਰ ਗਈ, ਇਹਨੇ ਬੜਾ ਖਰਾਬ ਕੀਤਾ।

"ਅੱਛਾ ਲਵ ਮੈਰਿਜ਼ ਕੇਸ਼; ਬੜੀ ਖੁਸ਼ੀ ਹੋਈ ਜੀ ਮਿਲ ਕੇ।" ਮੈਂ ਇੰਨਾ ਹੀ ਕਿਹਾ ਸੀ।

ਮੈਨੂੰ ਪਤਾ ਸੀ ਉਹ ਜੰਡੂ ਸਿੰਘੀਏ ਕਾਮਰੇਡ ਧੰਨਾ ਸਿੰਘ ਦਾ ਮੁੰਡਾ ਸੀ-ਉਹੀ ਧੰਨਾ ਸਿੰਘ ਜਿਹੜਾ ਪਾਰਟੀ ਛਡ ਕੇ ਕਾਂਗਰਸ ਟਿਕਟ ਉਤੇ ਖੜ੍ਹਾ ਹੋ ਗਿਆ ਸੀ, ਆਪ ਤਾਂ ਹਾਰ ਗਿਆ ਪਰ ਹੁਸ਼ਿਆਰਪੁਰੀਏ ਚੌਧਰੀ ਨਾਲ ਪੱਕਾ ਜੁੜ ਗਿਆ। ਉਹ ਤਾਂ ਕਾਮਰੇਡ ਰਿਹਾ ਨਈਂ ਸੀ, ਉਹਦਾ ਮੁੰਡਾ ਇਹ ਜਗਬੀਰ ਸਿੰਘ ਪਤਾ ਨਈਂ ਕਿਹੜੀ ਪਾਰਟੀ ਵਿਚ ਬਹਿੰਦਾ-ਉਠਦਾ ਸੀ। ਊਂ ਤਾਂ ਗੁਰਪ੍ਰੀਤ ਨਾਲ ਲਵ ਮੈਰਿਜ਼ ਕੀਤੀ ਸੀ, ਪਰ ਸੁਣਿਆ ਸੀ ਵਿਆਹ ਪਰ ਧੂਮ-ਧੜੱਕੇ ਨਾਲ ਹੋਇਆ, ਸੁਖ ਨਾਲ ਹਰਪ੍ਰੀਤ ਦੀ ਮੰਮੀ ਨੇ ਪਤੀ ਦੀ ਗੈਰਹਾਜ਼ਰੀ ਵਿਚ ਵੀ ਲਖਾਂ ਲਾ ਦਿਤਾ ਸੀ। ਮੈਂ ਤਾਂ ਉਸ ਗੱਲ ਵਿਚੋਂ ਖੈਰ ਕੀ ਕਢਣਾ ਪਾਉਣਾ ਸੀ ਪਰ ਕਾਮਰੇਡ ਦੀਆਂ 'ਖੇਲਾਂ' ਵਲ ਦੇਖ ਕੇ ਸੋਚ ਰੁਕ ਜਾਂਦੀ ਸੀ।

ਉਸ ਦਿਨ ਹਰਪ੍ਰੀਤ ਪਿੰਡੋਂ ਮੁੜੀ ਸੀ, ਬੜੀ ਉਦਾਸ ਤੇ ਬੁਝੀ ਜਿਹੀ। ਛੁਟੀ ਲੈ ਕੇ ਹੋਸਟਲ ਚਲੀ ਗਈ। ਰਿਸੈਸ ਵੇਲੇ ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਹੋਸਟਲ ਹੀ ਪਹੁੰਚ ਗਿਆ। ਅਸੀਂ ਫੁਲਾਂ ਦੀ ਕਿਆਰੀ ਕੋਲ ਬਹਿ ਗਏ।

"ਗੁਰਬਖਸ਼ ਮੈਨੂੰ ਨਈਂ ਪਤਾ ਤੂੰ ਮੈਨੂੰ ਪਿਆਰ ਕਰਦਾ ਜਾਂ ਸਿਰਫ ਦੋਸਤੀ ਹੀ ਪਰ ਹੁਣ ਮੇਰੇ ਵੱਸ ਵਿਚ ਗੱਲ ਨ੍ਹੀਂ ਰਹੀ। ਮੈਂ ਤੇਰੇ ਨਾਲ ਮੈਰਿਜ ਕਰੂੰਗੀ।" ਕਹਿ ਕੇ ਹਰਪ੍ਰੀਤ ਖੁਸ਼ ਨਹੀਂ ਹੋਈ, ਫਿਸ ਜਿਹੀ ਪਈ।

"ਮੈਰਿਜ਼ !" ਮੇਰਾ ਮੂੰਹ ਅਡਿਆ ਰਹਿ ਗਿਆ। ਦਿਮਾਗ ਦੀਆਂ ਤਾਰਾਂ ਤੜ-ਤੜ ਕੇ ਚੰਗਿਆੜੇ ਛੱਡਣ ਲੱਗੀਆਂ, ਮਾਰ-ਧਾੜ, ਖੂਨ-ਖਰਾਬਾ, ਗੋਲੀ, ਤਲਵਾਰਾਂ, ਮੈਨੂੰ ਇਉਂ ਲੱਗਾ ਜਿਵੇਂ ਮੇਰੀ ਦੇਹ ਦਾ ਕਚਰਾ ਜਿਹਾ ਬਣਾ ਕੇ ਬਹੁਤ ਹੇਠਾਂ, ਪਤਾਲ ਵਿਚ ਵਹਿ ਰਹੇ ਲਾਵੇ ਵਿਚ ਰੇੜ੍ਹ ਦਿੱਤਾ ਹੋਵੇ। ਮੈਂ ਅੱਖਾਂ ਮੀਟੀ ਰੱਖੀਆਂ, ਸ਼ਾਂਤ ਹੋਣ ਲੱਗਾ। ਇਹ ਖਿਆਲ, ਇਹ

ਸੋਚ, ਹਰਪ੍ਰੀਤ ਦੇ ਦਿਮਾਗ ਵਿਚ ਕਿਹੜੀ ਵਜ੍ਹਾ ਕਰਕੇ ਆਈ? ਕੀ ਇਹ ਘਰ ਕਿਸੇ ਗੱਲ ਤੋਂ ਝਗੜਾ ਕਰਕੇ ਆਈ ਹੈ? ਕੀ ਕਾਲਜ ਜਾਂ ਘਰ ਵਿਚ ਮੇਰੇ ਕਰਕੇ ਕੋਈ ਉਂਗਲ ਉਠੀ ਹੈ?

"ਅਜ ਤਕਾਲੀਂ ਗਰੀਨ ਵਿਚ ਰੋਟੀ ਖਾਵਾਂਗੇ। ਏਸ ਟਾਪਿਕ ਉਤੇ ਉਥੇ ਡਿਸਕਸ ਕਰਾਂਗੇ। ਤੂੰ ਨਾਰਮਲ ਹੋ, ਜਾ ਕੇ ਅਰਾਮ ਕਰ।" ਕਹਿ ਕੇ ਮੈਂ ਕਾਲਜ ਵਾਪਸ ਆ ਗਿਆ ਸੀ।

ਪੂਰਾ ਇਕ ਮਹੀਨਾ ਵਿਚਾਰ ਹੁੰਦੀ ਰਹੀ। ਮੈਂ ਆਪਣੇ ਮੂੰਹੋਂ ਕੋਈ ਗੱਲ ਨਹੀਂ ਸੀ ਕਹਿ ਰਿਹਾ, ਮੈਂ ਭਾਈਏ ਦੀਆਂ ਕਹੀਆਂ ਗੱਲਾਂ ਹੀ ਦੁਹਰਾਉਂਦਾ ਰਿਹਾ, "ਹਰਪ੍ਰੀਤ, ਮੇਰੇ ਭਾਈਆ ਜੀ ਕਹਿੰਦੇ ਹੁੰਦੇ ਆ, ਇਹ ਅਖੌਤੀ ਉਚੀਆਂ ਜਾਤਾਂ ਆਲੇ ਜਾਤ ਦੇ ਕੋਹੜ ਨੂੰ ਨਾਲ ਲੈ ਕੇ ਨ੍ਹੀਂ ਜੰਮਦੇ। ਇਹ ਬਾਅਦ ਵਿਚ ਪੁਰਖੇ ਦਿੰਦੇ ਆ, ਇਹ ਪਲੇਗ ਅੰਦਰੇ-ਅੰਦਰ ਫੈਲਦੀ ਚਲੀ ਜਾਂਦੀ ਆ। ਜਿਹੜਾ ਕੋਈ ਬਚ ਜਾਂਦੈ ਉਹੀ ਛੇਕਿਆ ਜਾਂਦਾ। ਇਨ੍ਹਾਂ ਵਿਚੋਂ ਉਹਦੇ ਕਰਮ ਚੰਗੇ ਹੁੰਦੇ ਆ। ਇਹ ਉਚੇ ਹੋਣ ਦਾ ਦੰਭੀ ਫੁੰਕਾਰਾ ਈ ਆ ਹੋਰ ਕੁਝ ਨ੍ਹੀਂ ਇਹ ਫੁੰਕਾਰਾ ਮਰਦੇ ਦਮ ਤਕ ਸਪ ਵੀ ਨ੍ਹੀਂ ਛਡਦਾ।" ਪਰ ਹਰਪ੍ਰੀਤ ਉਤੇ ਮੇਰੀਆਂ ਜਾਂ ਕਹਿ ਲਓ ਭਾਈਏ ਦੀਆਂ ਕਹੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ। ਉਸ ਦੇ ਪਿਆਰ-ਪ੍ਰਗਟਾਵੇ ਵਿਚ ਸਗੋਂ ਖੁਲ੍ਹ ਆ ਗਈ।

ਅਖੀਰ ਮੈਂ ਭਾਈਏ ਤੇ ਬੀਬੀ ਨੂੰ ਦਸ ਦਿਤਾ ਕਿ ਹਰਪ੍ਰੀਤ ਮੇਰੇ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਭਾਈਏ ਨੇ ਇਕ ਦਮ ਮੈਨੂੰ ਰੋਕ ਦਿਤਾ। ਰਾਤ ਨੂੰ ਵਡੇ ਭਰਾਵਾਂ ਨਾਲ ਵੀ ਗੱਲ ਹੋਈ, ਉਹ ਵੀ ਹਾਮੀ ਨਈਂ ਸੀ ਭਰ ਰਹੇ। ਸਾਰੇ ਇਕੋ ਗੱਲ ਤੋਂ ਡਰਦੇ ਸੀ ਕਿ ਇਹ ਬਰਬਾਦੀ ਤੇ ਦੁਸ਼ਮਣੀ ਸਹੇੜਨ ਵਾਲਾ ਰਾਹ ਹੈ।

ਅਖੀਰ ਮੇਰੇ ਸਮਝਾਉਣ ਨਾਲ ਪਰਿਵਾਰ ਵਿਚ ਇਕ ਛੋਟੇ ਮੁੰਡੇ ਦੇ ਹੋਣ ਤੇ ਹਰਪ੍ਰੀਤ ਦੇ ਡੈਡੀ ਦੇ ਅਮਰੀਕਾ ਵਿਚ ਬੈਠੇ ਹੋਣ ਬਾਰੇ ਸੁਣ ਕੇ ਭਾਈਆ ਰਾਜ਼ੀ ਹੋ ਗਿਆ।

"ਵੇਖ ਏ ਕੁੜੀਏ ਮੇਰੀ ਗੱਲ ਧਿਆਨ ਨਾਲ ਸੁਣੀਂ ਦੇਖ ਪੁੱਤ, ਤੂੰ ਆਪਣੀ ਹਊਮੈ ਨੂੰ ਤਿਆਗਿਆ ਤੇ ਸਾਡੇ ਨਾਲ ਖੜ੍ਹੀ ਹੋਣ ਬਾਰੇ ਸੋਚਿਆ, ਚਾਹੇ ਹੈਗਾ ਬਖਸ਼ਾ, ਚਾਹੇ ਮੈਂ ਆ ਤੇ ਚਾਹੇ ਬਖਸ਼ੇ ਦੀ ਬੀਬੀ ਆ, ਤੂੰ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੋਣ ਬਾਰੇ ਜੇ ਪੱਕੀ ਧਾਰ ਈ ਲਈ ਆ ਤਾਂ ਹੁਣ ਪੱਕੇ ਪੈਰੀਂ ਰਹੀਂ, ਅਡੋਲ ਖੜ੍ਹੀ ਰਹੇਂਗੀ ਤਾਂ ਤੇਰੀ ਹਵਾ ਵਲ ਨ੍ਹੀਂ ਕੋਈ ਦੇਖੂ। ਜਾਓ ਹੁਣ ਤੁਸੀਂ ਜੋ ਕਰਨਾ ਕਰ ਲਓ ਜਾ ਕੇ, ਜੋ ਅਸੀਂ ਕਰਨਾ ਉਹ ਸਾਨੂੰ ਦੱਸ ਦਿਓ।" ਭਾਈਏ ਨੇ ਹਰਪ੍ਰੀਤ ਦੇ ਸਿਰ ਉਤੇ ਪਿਆਰ ਦਿੰਦਿਆਂ ਕਿਹਾ ਸੀ।

"ਕਿਹੜਾ ਪਿੰਡ ਆ ਆਪਣੇ ਪ੍ਰਾਹੁਣੇ ਦਾ?" ਪ੍ਰੀਤੀ ਦਾ ਚਾਚਾ ਕੁੱਕੜ ਦੀ ਲੱਤ ਚਰੂੰਡਦਾ ਬੋਲਿਆ।

"ਇਹ ਤਾਂ ਸ਼ਹਿਰ ਵਿਚ ਰਹਿੰਦੇ ਆ, ਭਜਨ ਸਿਆਂ, ਓਥੇ ਈ ਕੋਠੀ ਪਾਈ ਆ।" ਹਰਪ੍ਰੀਤ ਦਾ ਡੈਡੀ ਵਿਚੋਂ ਹੀ ਬੋਲ ਪਿਆ।

"ਕੋਠੀ ਤਾਂ ਹੋਈ ਉਦਾਂ ਪਿੰਡ ਕਿਹੜਾ?" ਚਾਚੇ ਨੇ ਜ਼ਰਾ ਬੋਲਾਂ ਨੂੰ ਚਿੱਥ ਕੇ ਕਿਹਾ।

"ਢਿਲਵਾਂ ਚਾਚਾ ਜੀ, ਸ਼ਹਿਰ ਦੇ ਬਾਹਰ ਨਿਕਲ ਕੇ।" ਮੈਂ ਹੌਲੀ ਜਿਹੇ ਦੱਸਿਆ।

"ਅੱਛਾ ਢਿੱਲਵਾਂ ਆਹ ਕਾਕੀ ਪਿੰਡ ਲੰਘ ਕੇ, ਭਲਾ ਤੇਰੇ ਵਡੇਰੇ।"

"ਚਾਚਾ ਜੀ, ਮੇਰੇ ਪਿਤਾ ਜੀ ਵਪਾਰ ਕਰਦੇ ਹੁੰਦੇ ਸੀ ਲੱਕੜ ਦਾ, ਕਾਕੀ ਪਿੰਡ ਵਿਚ ਸੜਕ ਉਤਲਾ ਟਾਲ ਸਾਡਾ ਈ ਆ, ਭਰਾ ਮੇਰੇ ਸ਼ਹਿਰ ਦਾਣਾ ਮੰਡੀ ਆੜ੍ਹਤ ਕਰਦੇ ਆ, ਭਾਈਏ ਹੁਣੀਂ ਗੁਜ਼ਰ ਗਏ ਦੋ ਸਾਲ ਹੋਏ। ਸੁਣਿਆ ਹੋਊ ਨਾ ਚੌਧਰੀ ਮਿਲਖੀ ਰਾਮ ਦਾ?" ਮੈਂ ਜੋ ਵੀ ਕਿਹਾ ਥੋੜ੍ਹਾ ਤਲਖੀ ਵਿਚ ਹੀ ਕਿਹਾ, ਜਾਂ ਮੈਨੂੰ ਲੱਗਾ।

"ਪ੍ਰੀਤੀ ਲਿਆਓ ਕੁੜੇ ਰੋਟੀ।" ਪ੍ਰੀਤੀ ਦਾ ਡੈਡੀ ਕੁਛ ਇਸ ਤਰ੍ਹਾਂ ਬੋਲਿਆ ਕਿ ਰੌਲਾ ਜਿਹਾ ਪੈ ਗਿਆ। "ਪਾਣੀ ਲਿਆਓ ਬਈ, ਬਰਫ ਪਾਓ ਵਿਚ, ਸਬਜ਼ੀ ਲਿਆਓ, ਬਈ ਹੋਰ ਕੌਲੀਆਂ ਹੋਰ ਲਿਆਓ, ਫੁਲਕੇ ਚੁੱਕ ਲਿਆਓ।"

"ਚਾਚਾ-ਭਾ ਜੀ ਪ੍ਰੋਫੈ, ਪ੍ਰੋ, ਐਸਰ ਸਾਬ੍ਹ ਆ ਆਪਣੇ, ਆਪਣੇ।" ਕਾਮਰੇਡ ਤੋਂ ਬੋਲ ਨਹੀਂ ਸੀ ਹੋ ਰਿਹਾ।

ਮੈਂ ਵਿਚੋਂ ਉਠ ਜਾਣਾ ਚਾਹਿਆ। ਇਸੇ ਪਲ ਹਰਪ੍ਰੀਤ ਆ ਗਈ:

"ਗੁਰ, ਆਓ ਉਠ ਕੇ ਏਧਰ, ਉਠੋ ਜ਼ਰਾ।" ਪ੍ਰੀਤੀ ਨੇ ਜਿਵੇਂ ਮੈਨੂੰ ਡੂੰਮ੍ਹ 'ਚ ਗੋਤੇ ਖਾਂਦੇ ਨੂੰ ਆ ਫੜਿਆ।

ਹਰਨੇਕ ਤੇ ਪ੍ਰੀਤੀ ਦੇ ਡੈਡੀ ਨੇ ਰੋਕਣਾ ਚਾਹਿਆ।

"ਅਸੀਂ ਨ੍ਹੀਂ ਖਾਣੀ ਰੋਟੀ, ਪਤਾ ਨ੍ਹੀਂ ਕੀ ਕੀ ਬਕਵਾਸ ਕਰੀ ਜਾਂਦੇ ਆ, ਮੈਂ ਜਾਣਦੀ ਆਂ ਸਾਰਿਆਂ ਨੂੰ।" ਗੁੱਸੇ ਵਿਚ ਮਚਦੀ, ਪਰ ਰੋਣ-ਹਾਕੀ ਹੋਈ ਪ੍ਰੀਤੀ ਕੋਲੋਂ ਹੋਰ ਨਈਂ ਬੋਲਿਆ ਗਿਆ।

"ਨਈਂ ਗੁਰ, ਮੈਂ ਅੰਦਰ ਖੜ੍ਹੀ ਸਭ ਦੇਖਦੀ-ਸੁਣਦੀ ਸੀ, ਕੀ ਬਣੇ ਫਿਰਦੇ ਆ, ਇਹ ਥੋਥੇ ਦਿਮਾਗ਼; ਚੁੱਕੀ ਫਿਰਦੇ ਆ ਟਰੈਕਟਰ ਤੇ ਜ਼ਮੀਨਾਂ। ਕੋਈ ਕਾਰਾਂ ਦੱਸਦਾ, ਕੋਈ ਪੈਹੇ ਦੱਸਦਾ, ਏਸ ਤੋਂ ਵੱਧ ਵੀ ਕੁਛ ਹੈਗਾ ਕੋਲ!" ਹਰਪ੍ਰੀਤ ਗੁੱਸੇ ਵਿਚ ਈ ਸੀ ਅਜੇ ਵੀ। "ਚੁਕੋ ਮੋਟਰ ਸਾਈਕਲ਼; ਤੁਰੋ ਆਪਣੇ ਘਰ ਨੂੰ।"

ਹਰਪ੍ਰੀਤ ਦੇ ਮੰਮੀ ਡੈਡੀ ਤੇ ਭੂਆ ਉਹਨੂੰ ਚੁਪ ਕਰਾਉਣ ਪਰ ਉਹ ਬੋਲੀ ਗਈ।

"ਕੋਈ ਗੱਲ ਨਈਂ, ਮੈਂ ਫੇ ਗੇੜਾ ਮਾਰੂੰ, ਹੁਣ ਨਾ ਇਹਨੂੰ ਕੁਛ ਕਹੋ।" ਕਹਿ ਕੇ ਮੈਂ ਮੋਟਰ ਸਾਈਕਲ ਬਾਹਰ ਕੱਢਣ ਲੱਗਾ।

ਮੋਟਰ ਸਾਈਕਲ ਪਿਛੇ ਬੈਠੀ ਸਾਰਾ ਰਾਹ ਹਰਪ੍ਰੀਤ ਬੋਲੀ ਗਈ। ਬੈਗ ਰਖ ਕੇ ਉਹ ਸਰਘੀ ਨੂੰ ਲੈ ਕੇ ਬਾਥਰੂਮ ਵਿਚ ਨਹਾਉਣ ਜਾ ਵੜੀ। ਬਾਹਰ ਆਉਂਦੀ ਹੀ ਫਿਰ ਸ਼ੁਰੂ ਹੋ ਗਈ। ਨਾਲੇ ਸਰਘੀ ਦੇ ਕਪੜੇ ਪਾਈ ਜਾਵੇ, ਨਾਲੇ ਬੋਲੀ ਜਾਵੇ, ਉਹਦਾ ਗੁੱਸਾ ਅਜੇ ਠੰਢਾ ਨਈਂ ਸੀ ਹੋਇਆ।

"ਪੈਹਿਆਂ ਲਈ ਜ਼ੋਰ ਪਾਉਂਦੀ ਮੰਮੀ ਕੋਠੇ ਉਤੇ ਆ ਕੇ ਕਹਿਣ ਲੱਗੀ, ਠਹਿਰ ਕੇ ਦੋਂਹ ਕੁ ਮਹੀਨੀਂ ਹੋਰ ਦਊਂਗੀ, ਫੇ ਕਾਰ ਲੈ ਲਿਓ, ਕਾਮਰੇਡ ਅਰਗੀ, ਚਾਹੇ ਪੁਰਾਣੀ ਈ ਲੈ ਲਿਓ। ਫੇ ਕਹਿੰਦੀ ਗੁਰਬਖਸ਼ ਨੂੰ ਕਹੀਂ ਪੱਗ ਬੰਨ੍ਹ ਲਿਆ ਕਰੇ। ਮੈਂ ਪੈਹੇ ਵਗਾਹ ਕੇ ਮਾਰੇ, ਮੈਂ ਕਿਹਾ ਮੰਮੀ ਮੁੜ ਕੇ ਨਾ ਇਹ ਗੱਲ ਕਿਹੋ। ਮੈਂ ਪੱਗ ਜਾਂ ਬੋਦੀ ਨਾਲ ਵਿਆਹ ਨਹੀਂ ਕਰਾਇਆ, ਇਨਸਾਨ ਨਾਲ ਕਰਾਇਆ ਹੈ।"

ਮੈਂ ਹਰਪ੍ਰੀਤ ਦੇ ਲਾਲ ਹੋਏ ਚਿਹਰੇ ਵਲ ਦੇਖਦਾ ਅਗੇ ਵਧਿਆ, ਉਹਦਾ ਸਿਰ ਫੜ ਕੇ ਆਪਣੀ ਛਾਤੀ ਨਾਲ ਘੁਟ ਲਿਆ। ਬਸ ਇੰਨੀ ਗੱਲ ਸੀ ਕਿ ਉਹ ਮੈਨੂੰ ਬਾਹਾਂ ਵਿਚ ਘੁਟ ਕੇ ਉਚੀ-ਉਚੀ ਰੋਣ ਲਗ ਪਈ।

# ਧੀਆਂ

ਸਵੇਰੇ ਸੱਤ ਵਜੇ ਹੀ ਮੰਗੀ ਦੇ ਭਰਾ ਰੁਪਿੰਦਰ ਦਾ ਫ਼ੋਨ ਆ ਗਿਆ ਤਾਂ ਹੈਰਾਨ ਹੋ ਕੇ ਫੋਨ ਦਾ ਬਟਨ ਦੱਬਦੀ ਮੰਗੀ ਬੋਲੀ, "ਭਾ ਜੀ ਮੈਂ ਬੋਲਦੀ ਆਂ...ਸਾਸਰੀ ਕਾਲ਼..ਕੁਲਤਾਰ ਤਾਂ ਬਾਥਰੂਮ ਗਏ ਆ..."

"ਮੰਗੀ, ਮੈਨੂੰ ਕੱਲ੍ਹ ਤਕਾਲੀਂ ਈ ਤਾਰਨ ਦੇ ਹਸਬੈਂਡ ਬਾਰੇ ਇਕ ਖਾਸ ਗੱਲ ਦਾ ਪਤਾ ਲੱਗਾ...ਦੁੱਖ ਵੀ ਬੜਾ ਹੋਇਆ ਤੇ ਗੁੱਸਾ ਵੀ ਬਹੁਤ ਆਇਆ...ਉਹ ਗੱਲ ਕਰਨ ਈ ਮੈਂ ਦੁਪਹਿਰੇ ਆਊਂ...ਕੁਲਤਾਰ ਨੂੰ ਦੱਸ ਦਈਂ-"

ਕੰਮ-ਕਾਰ ਵਿਚ ਰੁੱਝੀ ਮੰਗੀ ਨੂੰ ਭਰਾ ਦਾ ਆਇਆ ਫੋਨ ਭੁੱਲ ਈ ਗਿਆ, ਨਹੀਂ ਤਾਂ ਕੁਲਤਾਰ ਤਾਂ ਉਹਦੇ ਸਾਹਮਣੇ ਹੀ ਘੁੰਮੀ ਜਾਂਦਾ ਸੀ।

ਬਾਥਰੂਮ 'ਚੋਂ ਨਿਕਲ ਕੇ ਕੁਲਤਾਰ ਨਲਕੇ ਕੋਲ ਆਇਆ ਤਾਂ ਫ਼ਰਸ਼ ਦੇ ਪਾਣੀ ਕੋਲ ਬੈਠਾ ਕਬੂਤਰ ਉਡਾਰੀ ਮਾਰ ਕੇ ਕੰਧ ਉੱਪਰ ਜਾ ਬੈਠਾ..."ਉਏ ਹੋਏ...ਆਹ ਤਾਂ ਬੜੀ ਗਲਤੀ ਹੋ ਗਈ...ਓਏ..ਬਹਿਜਾ ਯਾਰ- ਪੀ ਤੂੰ ਪਾਣੀ...ਮੇਰਾ ਕੀ ਆ ਹੋਰ ਘੜੀ ਨੂੰ ਹੱਥ ਪੈਰ ਧੋ ਲਊਂ- ਜਾਹ ਓਏ...ਤੂੰ ਕਬੂਤਰ ਈ ਰਿਹਾ..ਹੱਦ ਕਰਤੀ ਬਈ....ਤੇਰੇ ਨਾਲੋਂ ਤਾਂ ਆਹ ਚਿੜੀਆਂ ਬਹਾਦਰ ਆ...ਦੇਖ ਲਾ ਇਹ ਨਈਂ ਡਰੀਆਂ-," ਦਾਣੇ ਠੂੰਗਦੀਆਂ ਚਿੜੀਆਂ ਵਲ ਦੇਖਦਾ ਕੁਲਤਾਰ ਟੱਬ ਕੋਲ ਜਾ ਖਲੋਤਾ। ਪਹਿਲਾਂ ਉਹਨੇ ਮੂੰਹ ਧੋਤਾ, ਫਿਰ ਬਾਹਾਂ ਧੋਤੀਆਂ ਤੇ ਤਾਰ ਤੋਂ ਤੌਲੀਆ ਲਾਹ ਕੇ ਬਾਹਾਂ ਨੂੰ ਸਾਫ਼ ਕਰਦਾ ਭਾਈਏ ਕੋਲ ਨੂੰ ਆ ਗਿਆ।

"ਓਇ ਮੈਂ ਦੇਖਦਾਂ ਤੇਰੇ ਲਾਗ-ਚਾਗ ਕੋਈ ਹੈ ਤਾਂ ਹੈਨੀ ਫੇ ਤੂੰ ਗੱਲਾਂ ਕਿਹਦੇ ਨਾਲ ਕਰੀ ਜਾਨਾਂ..."

"ਭਾਈਆ ਜੀ ਇਹ ਕੋਈ ਜਰੂਰੀ ਆ ਬਈ ਕੋਈ ਕੋਲ ਹੋਵੇ ਤਾਂ ਈ ਗੱਲਾਂ ਕਰਨੀਆਂ...ਬੰਦਾ ਤਾਂ ਕਦੇ ਵੀ ਕੱਲਾ ਨਈਂ ਹੁੰਦਾ...ਫੇ ਆਪਣੇ ਜਿਹੇ ਕਾਮੇ ਤਾਂ ਕਦੇ ਵੀ ਨਈਂ।" ਗੱਲ ਕਰਦੇ ਕੁਲਤਾਰ ਨੇ ਤੌਲੀਆ ਕੁਰਸੀ 'ਤੇ ਰੱਖ ਦਿੱਤਾ ਤੇ ਮੰਗੀ ਨੂੰ ਹਾਕ ਮਾਰੀ,"ਲਿਆ ਬਈ ਸਿੰਗਨੀਏ ਚਾਹ ਪਾਣੀ..ਪੀ ਕੇ ਨਿੱਕਲੀਏ ਫੇ ਮੰਡੀ ਵੱਲ਼.. ਨਾਲੇ ਦੱਸ ਬਈ ਕਿਹੜਾ ਕਿਹੜਾ ਸੌਦਾ ਲਿਆਉਣਾ...ਭਾਈਆ ਜੀ ਦੀ ਦਵਾਈ ਵਾਲੇ ਪੇਪਰ ਜ਼ਰੂਰ ਫੜਾ ਦੇ..."

"ਬਈ ਬਰਖੁਰਦਾਰਾ....ਮੇਰੀ ਅਸਲੀ ਦੁਆਈ ਵੀ ਯਾਦ ਰੱਖੀਂ...ਐਤਕੀਂ ਜਿਹੜੀ ਲਿਆਇਆ ਸੀ ਉਹ ਬੜੀ ਹਾਲੇ ਦੀ ਨਿਕਲੀ....ਦੇਖਲਾ ਉਹਨੇ ਪੂਰਾ ਮਹੀਨਾ ਖੰਘ ਨਈਂ ਆਉਣ ਦਿੱਤੀ..."

"ਗੱਲ ਤਾਂ ਤੁਹਾਡੀ ਠੀਕ ਆ...ਆਪਾਂ ਦੁਆਈ ਫੇ ਕਾਹਨੂੰ ਲਆਉਣੀ ਆਂ....ਦੋ ਬੋਤਲਾਂ ਰੰਮ ਦੀਆਂ ਈ ਚੱਕੀ ਲਿਆਊਂ...ਠੀਕ ਆ!" ਕਹਿ ਕੇ ਕੁਲਤਾਰ ਉਚੀ ਸਾਰੀ ਠਹਾਕਾ ਮਾਰ ਕੇ ਹੱਸਿਆ ਤੇ ਭਾਈਆ ਵੀ ਹੱਸਣ ਲੱਗਾ।

ਇਸੇ ਸਮੇਂ ਮੰਗੀ ਚਾਹ ਵਾਲੀ ਵੱਡੀ ਥਰਮਸ ਤੇ ਟਰੇਅ ਵਿਚ ਪਿੰਨੀਆਂ ਰੱਖੀ ਆਉਂਦੀ ਹੋਈ ਹੱਸ ਕੇ ਬੋਲੀ,"ਦੇਖਿਓ, ਦੁਆਈ ਦੇ ਚੱਕਰ ਵਿਚ ਕਿਤੇ ਕਿਚਨ ਦਾ ਸਮਾਨ ਨਾ ਭੁੱਲ ਜਾਈਓ-"

"ਦੇਖੋ ਬਈ- ਭਾਈਆ ਜੀ ਦੀ ਦੁਆਈ ਪਹਿਲਾਂ - ਹੋਰ ਕੁਸ਼ ਆਵੇ ਚਾਹੇ ਨਾ- ਦੁਆਈ ਨੀ ਮੈਂ ਭੁੱਲਦਾ...ਰਾਤ ਕਿੱਦਾਂ ਲੰਘੂ..."

"ਓਇ ਕੁਲਤਾਰ ਸਿਆਂ...ਤੂੰ ਤਾਂ ਬਈ ਮਸ਼ਕਰੀਆਂ 'ਤੇ ਉੱਤਰ ਆਇਆ...ਮੈਂ ਠੀਕ ਹੋ ਜਾਵਾਂ ਫੇ ਤੈਨੂੰ ਔਖਾ ਕਰਦਾ..." ਕਹਿੰਦਾ ਹੋਇਆ ਭਾਈਆ ਉੱਪਰ ਲਪੇਟੀ ਲੋਈ ਨੂੰ ਸੁਆਰਦਾ ਬੋਲਿਆ," ਜਾਂਦਾ ਹੋਇਆ ਆਹ ਦੁੱਧ ਲੈ ਜੀਂ...ਸ਼ਹੀਦਾਂ ਦੇ

ਪਾ ਕੇ ਜਾਈਂ..." ਕੁਲਤਾਰ ਨੇ ਇਕ ਪਿੰਨੀ ਭਾਈਏ ਨੂੰ ਫੜਾਈ ਤੇ ਇਕ ਨੂੰ ਆਪ ਦੰਦੀ ਵੱਢਦਾ ਬੋਲਿਆ," ਇਹ ਮੰਗਤਾਰ ਕੌਰ ਪਤਾ ਨਈਂ ਚੀਜ ਬਨਾਉਣ ਲੱਗੀ ਵਿਚ ਕੀ ਘੋਲ ਦਿੰਦੀ ਆ- ਜਾਹ ਤਾਂ ਚੀਜ ਮੂੰਹੋਂ ਲਹਿ ਜਾਵੇ।" "ਗੱਲ ਤਾਂ ਤੇਰੀ ਠੀਕ ਆ...ਬਈ ਪਿੰਨੀਆਂ ਬਣੀਆਂ ਈ ਬਹੁਤ ਸੁਆਦ ਆ...ਫੇ ਦੇਖ ਕਿੰਨੀਆਂ ਨਰਮ ਆ-"

ਫੇਰ ਰਸੋਈ ਵਿਚ ਖੜ੍ਹੀ ਹੀ ਮੰਗੀ ਉੱਚੀ ਅਵਾਜ਼ ਵਿਚ ਬੋਲੀ,

"ਕੁਲਤਾਰ ਜੀ, ਰੁਪਿੰਦਰ ਭਾਜੀ ਦਾ ਫੋਨ ਆਇਆ ਸੀ...ਕੋਈ ਖਾਸ ਗੱਲ ਕਰਨੀ ਆ...ਦੁਪਹਿਰੇ ਆਉਣਗੇ ਉਹ..." ਫਿਰ ਪੰਜ ਕੁ ਮਿਨਟਾਂ ਬਾਅਦ ਇਕ ਕਾਗਜ਼ ਕੁਲਤਾਰ ਨੂੰ ਫੜਾਉਂਦੀ ਬੋਲੀ, "ਆਹ ਲਿਆਉਣਾ ਕਿਚਨ ਦਾ ਸਮਾਨ...ਅੱਠ ਨੌਂ ਮੋਟੀਆਂ ਮੋਟੀਆਂ ਆਈਟਮਾਂ ਆ...ਉਹ ਮੈਂ ਨੋਟ ਕਰ ਦਿੱਤੀਆਂ ... ਖਾਸ ਆਈਟਮ ਐ ਭਿੰਦੇ ਦਾ ਬੈਗ਼...ਉਹ ਨਾ ਭੁਲਾਇਓ....ਸਵੇਰੇ ਦੇਖ ਲਓ ਵੈਨ ਵਿਚ ਬਹਿੰਦਾ ਨਹੀਂ ਸੀ...ਕਹਿੰਦਾ ਮੇਰਾ ਬੈਗ ਫਟਿਆ ਪਿਆ..ਮੈਂ ਨਹੀਂ ਜਾਣਾ ..."

"ਠੀਕ ਆ ਬਈ...ਉਹ ਨਹੀਂ ਮੈਂ ਭੁੱਲਦਾ-" ਕਹਿ ਕੇ ਕੁਲਤਾਰ ਨੇ ਟਾਈਮਪੀਸ ਨੂੰ ਦੇਖਿਆ ਤੇ ਫਟਾਫਟ ਪਿੰਨੀ ਖਾ, ਚਾਹ ਦੇ ਚਾਰ ਕੁ ਸੜ੍ਹਾਕੇ ਮਾਰੇ ਤੇ ਵਿਹਲਾ ਹੋ ਕੇ ਟਰੈਕਟਰ ਵੱਲ ਤੁਰ ਪਿਆ।

ਸੀਟ ਵੱਲ ਦੇਖ ਕੇ ਜਿਵੇਂ ਉਹ ਖੜ੍ਹਾ ਈ ਠਰ ਗਿਆ ਹੋਵੇ। "ਓਇ, ਓ ਸਿੰਗਨੀਏ...ਯਾਰ ਲਿਆ ਕੋਈ ਪੁਰਾਣਾ ਕੱਪੜਾ - ਸੀਟ ਤਾਂ ਬਰਫ ਨਾਲ ਭਰੀ ਪਈ ਆ...ਇਹਨੂੰ ਸਾਫ ਕਰਨਾ।"

"ਬਈ ਐਤਕੀ ਕੋਰਾ ਪਿਆ ਈ ਬਹੁਤ ਆ...ਫਸਲਾਂ ਦਾ ਸਤਿਆਨਾਸ ਮਾਰ ਕੇ ਰੱਖ ਤਾ...ਤੂੰ ਤਾਂ ਬਈ ਦਸ ਵਜੇ ਤੱਕ ਰਜਾਈ ਨਈਂ ਛੱਡਦਾ...ਕਿਤੇ ਛੇ ਕੁ ਵਜੇ ਬਾਹਰ ਨਿਕਲ ਕੇ ਦੇਖਿਆ ਕਰ....ਪਤਾ ਲੱਗੇ ਤੈਨੂੰ ਮੌਸਮ ਦਾ...ਬੜੀ ਧੁੰਦ ਪਈ ਹੁੰਦੀ ਆ ਤੇ ਨਾਲੇ ਚਾਰੇ ਪਾਸੇ ਬਰਫ ਈ ਬਰਫ਼..ਕੋਰਾ ਈ ਕੋਰਾ...। ਆਹ ਕੰਮ ਨੀ ਮੈਨੂੰ ਪਸੰਦ ਗੁਸਲਖਾਨੇ ਵਾਲਾ...ਇਹ ਤਾਂ ਬੁੜ੍ਹੀਆਂ ਲਈ ਠੀਕ ਆ...ਸਵੇਰ ਦਾ ਮਿਲਖੀ ਆਇਆ ਅੱਠ ਵਜੇ ਗਿਆ... ਸਾਰਾ ਕੰਮ ਕਰ ਕੇ...ਸਵਖਤੇ ਉਠਿਆ ਕਰ...ਨਿਆਣਿਆਂ ਵਾਂਗ ਨਈਂ ਸੁੱਤੇ ਰਹੀਦਾ...ਆ ਮੰਗੀ ਵੱਲ ਦੇਖਿਆ ਕਰ...ਮੇਰੇ ਤੋਂ ਪਹਿਲਾਂ ਉੱਠ ਜਾਂਦੀ ਆ...ਕਿਹੜਾ ਕਹਿਦੂ ਇਹ ਬੀਏ ਪਾਸ ਕੁੜੀ ਆ...ਡੰਗਰਾਂ ਨੂੰ ਪੱਠੇ ਪਾਊ...ਧਾਰਾਂ ਚੋਊ...ਛੱਡ ਹੁਣ ਆ੍ ਆਲਸਪੁਣਾ...ਹੋਰ ਕੀ! ਉਧਰ ਅੱਜ ਭਲਕੇ ਤਾਰਨ ਵੱਲ ਵੀ ਜਾ ਕੇ ਆਉਣਾ...ਪਤਾ ਨਈਂ ਸਾਲਾ ਕਿੱਦਾਂ ਦਾ ਜੁਆਈ ਮਿਲਿਆ...ਸਾਡੇ ਚ ਤਾਂ ਉਹਦਾ ਮੋਹ ਈ ਹੈ ਨੀ...", ਕਹਿੰਦੇ ਹੋਏ ਭਾਈਏ ਨੇ ਅੰਦਰਲੇ ਕਮਰੇ ਚੋਂ ਟੁੱਟਿਆ ਮੰਜਾ ਬਾਹਰ ਕੱਢਿਆ ਤੇ ਉਹਦੀ ਦੌਣ ਢਿੱਲੀ ਕਰ ਕੇ ਦੋਨੇ ਬਾਹੀਆਂ ਢਿੱਲੀਆਂ ਕਰ ਦਿੱਤੀਆਂ। ਫੇਰ ਸੇਰੂਏ ਨੂੰ ਖਿੱਚ ਕੇ ਠੀਕ ਤਰ੍ਹਾਂ ਪਾਵੇ ਵਿਚ ਪਾਇਆ ਤੇ ਕੱਸਣ ਲੱਗ ਪਿਆ। ਰਾਤੀਂ ਦੋ ਪੈੱਗ ਜਿਆਦਾ ਪੀਣ ਕਰਕੇ ਭਾਈਆ ਕਿ ਬਾਹੀ ਪਾਵੇ ਵਿਚੋਂ ਨਿਕਲ ਗਈ ਤੇ ਭਾਈਆ ਮੰਜੇ ਉਤੇ ਧੜੰੈ ਕਰ ਕੇ ਡਿੱਗ ਪਿਆ ਸੀ। ਕਿੰਨਾ ਹੀ ਚਿਰ ਭਾਈਆ ਇਸੇ ਹਾਲਤ ਵਿਚ ਪਿਆ ਰਿਹਾ ਸੀ। ਉਹ ਤਾਂ ਸ਼ਰਮ ਦਾ ਭੰਨਿਆ ਬੋਲਿਆ ਹੀ ਨਹੀਂ ਸੀ। ਜਦੋਂ ਕਿੰਨੇ ਹੀ ਚਿਰ ਬਾਅਦ ਨਸ਼ਾ ਢਲਿਆ ਤਾਂ ਸਾਹ ਰਤਾ ਸੌਖਾ ਆਇਆ, ਫੇਰ ਉਹਨੇ ਹੌਲੀ ਹੌਲੀ ਉਠ ਕੇ ਕੰਧ ਨਾਲ ਖੜ੍ਹਾ ਮੰਜਾ ਡਾਹਿਆ।, ਪਹਿਲਾਂ ਮੰਜੇ ਤੋਂ ਬਿਸਤਰਾ ਚੁੱਕਿਆ ਤੇ ਦੂਜੇ ਉਤੇ ਵਿਛਾਇਆ, ਰਜਾਈ ਚੁੱਕ ਕੇ ਰੱਖੀ ਤੇ ਫੇਰ ਡਾਹੇ ਮੰਜੇ ਉੱਪਰ ਤਾਂ ਜਿਵੇਂ ਡਿਗ ਹੀ ਪਿਆ ਸੀ।

"ਡੈਡ! ਮੈਂ ਰੋਟੀ ਲਾਹ ਕੇ ਰੱਖ ਦਿੰਦੀ ਆਂ- ਜਦੋਂ ਤੁਹਾਡਾ ਦਿਲ ਕਰੇਂ ਖਾ ਲੈਣੀ- ਲੰਬੜਾਂ ਦੇ ਘਰ ਹੁਣ ਕੀਰਤਨ ਆਂ...ਦਸ ਵਜੇ..ਮੈਂ ਓਧਰ ਜਾਣਾਂ।...ਤੁਸੀਂ ਕਪੜੇ ਬਦਲ ਲਓ...ਜਿਹੜੇ ਪਾਏ ਹੋਏ ਆ ਉਹ ਲਾਹ ਦਿਓ...ਇਹ ਧੋ ਦਿਆਂ..." ਕਹਿੰਦੀ ਹੋਈ ਮੰਗੀ ਨੇ ਭੜੋਲੈ ਵੱਲ ਦੇਖਿਆ, ਤਿੰਨ ਕੁ ਪਾਥੀਆਂ ਤੋੜ ਕੇ ਵਿਚ ਪਾਈਆਂ ਤੇ ਦੁੱਧ ਵਾਲਾ ਕਾੜ੍ਹਨਾ ਅੱਗ 'ਤੇ ਰੱਖ ਕੇ ਚੱਜ ਨਾਲ ਢਕ ਦਿੱਤਾ। ਫੇਰ ਉਹ ਕਾਹਲੀ ਨਾਲ ਉਠੀ ਤੇ ਬੈਠਕ ਵਿਚਲੇ ਪਲੰਘ ਉਪਰੋਂ ਕੱਪੜੇ ਚੁੱਕਕੇ ਮਸ਼ੀਨ ਕੋਲ

ਲਿਆ ਰੱਖੇ। ਇਕ ਇਕ ਕਰ ਕੇ ਕੱਪੜੇ ਚੁੱਕ ਕੇ ਮਸ਼ੀਨ ਵਿਚ ਪਾ ਕੇ ਸਵਿੱਚ ਦੱਬ ਦਿੱਤਾ। ਰੁਪਿੰਦਰ ਸਿੰਘ ਜਦੋਂ ਅਧਿਆਪਕਾਂ ਦੀ ਰੈਲੀ ਤੋਂ ਵਿਹਲਾ ਹੋਇਆ ਤਾਂ ਦੁਪਹਿਰ ਦਾ ਇਕ ਵੱਜਣ ਆਲਾ ਸੀ। ਉਹਨੇ ਕੁਲਤਾਰ ਨੂੰ ਫ਼ੋਨ ਕੀਤਾ,

"ਕੁਲਤਾਰ ਭਾ ਜੀ, ਪਹੁੰਚ ਗਏ ਘਰ?"

"ਕਾਹਨੂੰ ਭਾ ਜੀ- ਮਾਲਾ ਆਹੜਤੀ ਝਗੜ ਪਿਆ...ਐਵੇਂ ਅਠਾਰਾਂ ਸੌ ਰੁਪਈਆ ਵਾਧੂ ਲਾਈ ਜਾਵੇ...ਮੇਰੇ ਕੋਲ ਕਾਪੀ ਉੱਤੇ ਨੋਟ ਕੀਤੇ ਹੋਏ ਸੀ...ਮੈਂ ਚਾਰ ਬੰਦਿਆਂ 'ਚ ਕਾਪੀ ਖੋਲ੍ਹ ਦਿੱਤੀ...ਦਿਖਾਈ ਤਾਂ ਹਰਾਮੀ ਗੱਲ ਨੂੰ ਏਧਰ ਉਧਰ ਕਰੀ ਜਾਵੇ...ਮੈਂ ਟਰਾਲੀ ਤੋਰ ਲਈ ਤਾਂ ਫਿਰ ਕੰਜਰ ਮਿੰਨਤਾਂ 'ਤੇ ਉਤਰ ਆਇਆ...। ਚਲੋ ਛੱਡੋ ਗੱਲ ਨੂੰ...ਮੈਂ ਘੰਟੇ ਤੋਂ ਪਹਿਲਾਂ ਪਹੁੰਚ ਰਿਹਾਂ...ਮੈਨੂੰ ਤਾਂ ਮੰਗੀ ਨੇ ਸਵੇਰੇ ਗੱਲ ਦੱਸ ਕੇ ਚਿੰਤਾ ਵਿਚ ਪਾ ਦਿੱਤਾ....ਗੱਲ ਵੀ ਪੂਰੀ ਨਹੀਂ ਦੱਸੀ..." ਮੰਡੀ ਵਿਚ ਖੜ੍ਹਾ ਕੁਲਤਾਰ ਉਚੀ ਉਚੀ ਬੋਲ ਰਿਹਾ ਸੀ ਜਿਸ ਕਰਕੇ ਆਲੇ ਦੁਆਲੇ ਖੜ੍ਹੇ ਲੋਕ ਉੱਲਰ ਉੱਲਰ ਉਹਦੇ ਵੱਲ ਦੇਖ ਰਹੇ ਸਨ।

"ਜਦੋਂ ਮੈਂ ਪੂਰੀ ਗੱਲ ਦੱਸੂੰ - ਫੇ ਸੋਚਿਓ ਤੁਸੀਂ- ਚਲੋ ਮਿਲ ਕੇ ਗੱਲ ਕਰਦੇ ਆਂ।"

"ਚਲੋ ਜੋ ਸਤਿਗੁਰ ਨੂੰ ਮਨਜ਼ੂਰ ..."

ਗੱਲ ਮੁਕਾਉਣ ਬਾਅਦ ਕੁਲਤਾਰ ਨੇ ਬਜ਼ਾਰ ਚੋਂ ਲਿਸਟ 'ਤੇ ਲਿਖਿਆ ਇਕ ਇਕ ਕਰ ਕੇ ਸਾਰਾ ਸਮਾਨ ਖਰੀਦਿਆ ਤੇ ਇਕ ਹੋਰ ਦੁਕਾਨ ਤੋਂ ਭਿੰਦੇ ਲਈ ਵਧੀਆ ਜਿਹਾ ਬੈਗ ਵੀ। ਸਮਾਨ ਰਿਕਸ਼ੇ ਵਿਚ ਰਖਾਇਆ ਤੇ ਟਰੈਕਟਰ ਕੋਲ ਆ ਪਹੁੰਚਾ। ਮਿਲਖੀ ਨੂੰ ਸਮਾਨ ਟਰਾਲੀ ਵਿਚ ਰੱਖਣ ਲਈ ਕਹਿ ਕੇ ਕੁਲਤਾਰ ਹਲਵਾਈ ਦੀ ਦੁਕਾਨ 'ਤੇ ਗਿਆ। ਉਹਨੇ ਕਿੱਲੋ ਕਿੱਲੋ ਦੇ ਦੋ ਲਿਫ਼ਾਫ਼ੇ ਜਲੇਬੀਆਂ ਦੇ ਲਏ ਤੇ ਆ ਗਿਆ। ਇਕ ਲਿਫ਼ਾਫ਼ਾ ਉਹਨੇ ਟੂਲ ਬਕਸ 'ਚ ਰੱਖਿਆ ਤੇ ਦੂਜਾ ਮਿਲਖੀ ਨੂੰ ਫੜਾਉਂਦਾ ਕਹਿੰਦਾ, "ਚੱਕ ਬਈ ਸ਼ੇਰਾ...ਮੈਂ ਤਾਂ ਦੋ ਕੁ ਖਾਊਂ, ਬਾਕੀ ਤੂੰ ਮੁਕਾਅ ਦੇ।"

"ਐਨੀਆਂ!! ਮੈਂ ਕੱਲਾ ਈ ਮੁਕਾਵਾਂ...ਭਾ ਅੱਧੀਆਂ ਤੂੰ ਚੁੱਕ..."

"ਆ ਜਾ ਸੀਟ 'ਤੇ...ਇਹ ਕੋਈ ਮਣ ਨਹੀਂ..." ਤੇ ਕੁਲਤਾਰ ਨੇ ਸੀਟ 'ਤੇ ਬੈਠਦਿਆਂ ਟਰੈਕਟਰ ਤੋਰ ਲਿਆ।

ਰੁਪਿੰਦਰ ਜਦੋਂ ਮੰਗੀ ਦੇ ਘਰ ਪਹੁੰਚਿਆ ਉਹ ਕੋਠੇ ਉੱਤੇ ਖੜ੍ਹੀ ਕਪੜਿਆਂ ਨੂੰ ਉਲਟ-ਪੁਲਟ ਕਰ ਕੇ ਸੁੱਕਣੇ ਪਾ ਰਹੀ ਸੀ। ਭਰਾ ਨੂੰ ਦੇਖਿਆ ਤੇ ਉਹਨੇ ਕੰਮ ਵਿਚੇ ਛੱਡਿਆ ਤੇ ਕਾਹਲੀ ਕਾਹਲੀ ਹੇਠਾਂ ਉਤਰ ਆਈ। ਰੁਪਿੰਦਰ ਭਾਈਆ ਜੀ ਕੋਲ ਹੀ ਬਹਿ ਗਿਆ। ਮੰਗੀ ਆ ਕੇ ਭਰਾ ਨੂੰ ਮਿਲੀ ਤੇ ਮੰਮੀ, ਡੈਡੀ, ਭਰਜਾਈ ਤੇ ਬੱਚੀਆਂ ਦੀ ਰਾਜ਼ੀ ਖੁਸ਼ੀ ਪੁੱਛੀ।

"ਮੈਂ ਤੁਹਾਨੂੰ ਲੱਸੀ ਪਿਆਉਂਦੀ ਆਂ...ਕੁਲਤਾਰ ਹੁਣੀਂ ਵੀ ਪਹੁੰਚਣ ਵਾਲੇ ਆ...ਫੇ ਆਪਾਂ ਚਾਹ ਪੀਆਂਗੇ..." ਕਹਿ ਕੇ ਮੰਗੀ ਬੈਠਕ ਵੱਲ ਚੱਲੀ ਤਾਂ ਰੁਕ ਗਈ, "ਭਾ ਜੀ- ਕੁਲਤਾਰ ਹੋਰਾਂ ਦਾ ਫੋਨ ਆ ਗਿਆ ਸੀ ਨਾ? ਮੈਂ ਤੁਹਾਡੇ ਫੋਨ ਬਾਰੇ ਦੱਸ ਦਿੱਤਾ ਸੀ...ਤੁਸੀਂ ਵਿਚਦੀ ਗੱਲ ਤਾਂ ਦੱਸੋ...ਪ੍ਰਾਬਲਮ ਕੀ ਆ?"

"ਮੰਗੀ ਪ੍ਰਾਬਲਮ ਬੜੀ ਖਾਸ ਆ...ਮਾਸੜ ਜੀ ਸੁਣੋ ਤੁਸੀਂ ਵੀ...ਮੈਨੂੰ ਤਾਂ ਕੱਲ੍ਹ ਈ ਇਕ ਖਾਸ ਬੰਦੇ ਕੋਲੋਂ ਖਬਰ ਮਿਲੀ ਆ...ਬੰਦਾ ਹੈ ਵੀ ਕਬੂਲਪੁਰ ਦਾ ਈ..ਮਾਸੜ ਜੀ ਕਸੂਰ ਤਾਂ ਸਾਰਾ ਤੁਹਾਡਾ ਈ ਆ ਜਿਹੜਾ ਹੌਲ-ਧਲਾਈ ਵਿਚ ਫਟਾ ਫਟ ਕੁੜੀ ਦਾ ਵਿਆਹ ਕਰ ਦਿੱਤਾ..ਉਹਨੂੰ ਪੜ੍ਹਨ ਵੀ ਨਈਂ ਦਿੱਤਾ...ਫੇ ਬੰਦੇ ਵੀ ਸਿਰੇ ਦੇ ਮਾੜੇ ਲੱਭੇ..." ਕਹਿਕੇ ਰੁਪਿੰਦਰ ਨਰਮ ਜਿਹਾ ਪੈ ਕੇ ਭਾਈਏ ਵੱਲ ਦੇਖਣ ਲੱਗਾ।

ਮੰਗੀ ਇਸੇ ਸਮੇਂ ਓਥੋਂ ਤੁਰ ਪਈ।

"ਜੁਆਨਾ ਬੰਦੇ ਦੇ ਅੰਦਰ ਥੋੜੋ ਬੜ ਕੇ ਦੇਖਿਆ ਹੁੰਦਾ...ਮੂੰਹ-ਮੱਥਾ ਈ ਦੇਖਣਾ-ਪਰਖਣਾ ਹੁੰਦਾ ਜਾਂ ਗਲਬਾਤ ਕਰਨੀ ਹੁੰਦੀ ਆ...ਜਿਹਨੇ ਦੱਸ ਪਾਈ ਸੀ ਉਹ ਤਾਂ ਬੜੀਆਂ ਸਿਫਤਾਂ ਕਰਦਾ ਸੀ...ਹੁਣ ਕੀ ਗੱਲ ਹੋਈ ਆ?" ਕਹਿ ਕੇ ਭਾਈਏ ਨੇ ਸਿਰ ਦੇ ਸਾਫ਼ੇ ਨੂੰ ਸੁਆਰਿਆ।

ਰੁਪਿੰਦਰ ਥੋੜਾ ਤੈਸ਼ ਵਿਚ ਆ ਗਿਆ- "ਮਾਸੜ ਜੀ ਜਿੱਦਣ ਕੋਈ ਭਾਣਾ ਵਾਪਰ ਗਿਆ ਫੇਰ ਈ ਅੱਖਾਂ ਖੁੱਲ੍ਹਣਗੀਆਂ...ਮੈਂ ਤਾਂ ਪਹਿਲਾਂ ਵੀ ਭਾ ਜੀ ਕੁਲਤਾਰ ਹੁਣਾਂ ਦੇ ਕੰਨ' ਚੋਂ ਗੱਲ ਕੱਢੀ ਸੀ- ਉਹਨਾਂ ਮੇਰੀ ਗੱਲ ਈ ਖੂਹ-ਖਾਤੇ ਪਾ 'ਤੀ..." ਗੱਲ ਕਰਦੇ ਰੁਪਿੰਦਰ ਦੇ ਮੂੰਹ 'ਚ ਮੱਛਰ ਪੈ ਗਿਆ ਤਾਂ ਥੁੱਕਣ ਲਈ ਉਹ ਬਾਹਰ ਨੂੰ ਉੱਠਿਆ।

ਇਸੇ ਸਮੇਂ ਮੰਗੀ ਨੇ ਲੱਸੀ ਵਾਲਾ ਜੱਗ ਲਿਆ ਰੱਖਿਆ।

"ਕਾਕਾ ਰੁਪਿੰਦਰ ਸਿੰਘਾ ਤੂੰ ਬਈ ਗੱਲ ਦੱਸ ਵਿਚਲੀ ਮੈਨੂੰ ਤੇਰੀਆਂ ਬੁਝਾਰਤਾਂ ਸਮਝ ਨਈਂ ਪੈਂਦੀਆਂ...ਮੈਂ ਤਾਂ ਸੱਚੀਂ ਮੁਚੀਂ ਦਾ ਜੱਟ ਆਂ..." ਗੱਲ ਕਰਦੇ ਭਾਈਏ ਦਾ ਮੂੰਹ ਲਾਲ ਸੁਰਖ ਹੋ ਗਿਆ ਤੇ ਉਹਨੇ ਦਾਹੜੀ ਨੂੰ ਸੁਆਰਿਆ।

ਸੜਕ ਉੱਪਰੋਂ ਟਰੈਕਟਰ ਦੇ ਹੌਰਨ ਦੀ ਅਵਾਜ਼ ਆਈ ਤਾਂ ਮੰਗੀ ਨੇ ਦੌੜ ਕੇ ਰਾਹ 'ਚ ਖੜ੍ਹਾ ਮੋਟਰ ਸਾਈਕਲ ਇਕ ਪਾਸੇ ਨੂੰ ਕੀਤਾ। ਮਿਲਖੀ ਛਾਲ ਮਾਰ ਕੇ ਉਤਰਿਆ ਤੇ ਸਮਾਨ ਮੰਗੀ ਨੂੰ ਫੜਾਉਣ ਲੱਗਾ। ਕੁਲਤਾਰ ਰੁਪਿੰਦਰ ਨੂੰ ਜੱਫੀ ਪਾ ਕੇ ਮਿਲਿਆ। ਉਹ ਭਾਈਏ ਦੇ ਬਰਾਬਰ ਹੀ ਬਹਿ ਗਏ। ਰੁਪਿੰਦਰ ਨੇ ਜਿੱਥੇ ਗੱਲ ਛੱਡੀ ਸੀ, ਅੱਗੇ ਬੋਲਿਆ,

"ਮੈਂ, ਕੁਲਤਾਰ, ਕਬੂਲਪੁਰੀਆਂ ਦੀ ਗੱਲ ਕਰਦਾ ਸੀ...ਕੱਲ੍ਹ ਓਸੇ ਪਿੰਡ ਦਾ ਬੰਦਾ ਮਿਲ ਗਿਆ...ਹੈ ਵੀ ਉਨ੍ਹਾਂ ਦੀ ਸਾਂਝ ਵਾਲਾ..ਬਈ ਤਾਰਨਵੀਰ ਓਸ ਘਰ ਵਿਚ ਬੜੀ ਤੰਗ ਆ...ਤੁਹਾਨੂੰ ਆ ਕੇ ਕੀ ਦੱਸੇ...ਵਿਚਾਰੀ ਤੁਹਾਨੂੰ ਪਰੇਸ਼ਾਨੀ 'ਚ ਪਾਉਣ ਤੋਂ ਡਰਦੀ ਗੱਲ ਨਈਂ ਕਰਦੀ...ਕਈ ਹੋਰ ਗੱਲਾਂ ਉਹਨੇ ਦੱਸੀਆਂ...ਕਹਿੰਦਾ ਪੰਜ ਸਾਲ ਹੋ ਗਏ ਤਾਰਨ ਦੇ ਪ੍ਰਾਹੁਣੇ ਨੂੰ ਹਕੀਮਾਂ ਕੋਲੋਂ ਦੁਆਈਆਂ ਖਾਂਦੇ ਨੂੰ...ਕਾਹੜੇ ਪੀਂਦੇ ਨੂੰ...ਬੱਸ ਖਾਈ ਜਾਂਦਾ..."

"ਦੇਖ ਲਓ ਡੈਡ ਓਸ ਬੰਦੇ ਦੀਆਂ ਕਰਤੂਤਾਂ..ਲਗਦਾ ਓਹਨੂੰ ਤਾਂ ਕੋਈ ਵੱਡੀ ਬਿਮਾਰੀ ਆ...ਖੁੱਲ੍ਹ ਕੇ ਦੱਸ ਨਈਂ ਸਕਦਾ...ਓਸ ਕੁੱਤੇ ਨੇ ਪਿਓ ਨੂੰ ਘਰੋਂ ਕੱਢ ਕੇ ਓਦਾਂ ਘਰੋਂ ਕੱਢ ਦਿੱਤਾ...ਉਹ ਵੱਡਾ ਕਾਮਰੇਡ ਪਾਰਟੀ ਦਫਤਰ ਰਹਿੰਦਾ.." ਮੰਗੀ ਆ ਕੇ ਬੋਲਣ ਲੱਗੀ।

"ਚਲੋ ਕਾਮਰੇਡ ਤਾਂ ਏਸ ਪੁੱਤ ਤੋਂ ਦੁਖੀ ਹੋ ਕੇ ਘਰ ਈ ਛੱਡ ਗਿਆ...ਅੰਨ੍ਹੀ ਮਾਂ ਦੀ ਇਹ ਕੀ ਪ੍ਰਵਾਹ ਕਰਦਾ...ਮਾਸੜ ਜੀ ਬੰਦਾ ਇਹ ਠੀਕ ਨਈਂ...ਮਾੜੀ ਗੱਲ ਤਾਂ ਇਹ ਆ ਕਿ ਸਾਡੀ ਕੁੜੀ ਨੂੰ ਸਾਨੂੰ ਈ ਗੱਲ ਦੱਸਣੋਂ ਵੀ ਰੋਕਦਾ..." ਮੰਗੀ ਬੋਲੀ ਗਈ। ਫਿਰ ਉਹ ਨਾਲ ਹੀ ਬੋਲੀ, "ਚਲੋ ਆ ਜੋ ਅੰਦਰ...ਇੱਥੇ ਲੰਘਦਾ ਵੜਦਾ ਕੋਈ ਐਵੇਂ ਆ ਖੜ੍ਹਦਾ।"

ਪਹਿਲਾਂ ਰੁਪਿੰਦਰ ਉਠਿਆ, ਫਿਰ ਭਾਈਆ ਤੇ ਨਾਲ ਹੀ ਕੁਲਤਾਰ ਉੱਠ ਪਿਆ।

" ਬਈ ਮੇਰਾ ਤਾਂ ਮਨ ਏਸ ਬੰਦੇ ਤੋਂ ਉਚਾਟ ਹੋ ਗਿਆ...ਕਦੀ ਕਿਸੇ ਨੇ ਕੋਈ ਗੱਲ ਈ ਨਈਂ ਦੱਸੀ...ਤਾਰਨ ਨੇ ਦੱਸਣੀ ਆਂ..ਉਹਨੂੰ ਕੱਲੀ ਨੂੰ ਛੱਡਦਾ ਈ ਨਈਂ....ਇਕ ਦੋ ਗੱਲਾਂ ਦਾ ਪਤਾ ਲੱਗਾ, ਮਨ ਬਹੁਤ ਦੁਖੀ ਹੋਇਆ....ਪਤਾ ਨਈਂ ਰੱਬ ਨੇ ਕਾਹਦਾ ਬਦਲਾ ਲਿਆ ਸਾਡੇ ਤੋਂ..." ਕਹਿੰਦਾ ਕਹਿੰਦਾ ਕੁਲਤਾਰ ਡੁਸਕਣ ਹੀ ਲੱਗ ਪਿਆ ਤੇ ਸਿਰ ਸੋਫ਼ੇ ਉੱਤੇ ਰੱਖ ਲਿਆ।

"ਆਹ ਦੇਖ ਲਓ ਮੇਰਾ ਪੁੱਤ! ਓਏ ਅਹਿਮਕਾ...ਐਦਾਂ ਦਿਲ ਛੱਡ ਕੇ ਨਈਂ ਸਰਨਾ... ਮੈਨੂੰ ਤਾਂ ਅੱਜ ਵਿਚਲੀ ਗੱਲ ਦੀ ਖਬਰ ਮਿਲੀ ਆ... ਓਦੋਂ ਮੈਂ ਮੋਟਰ ਸਾਈਕਲ ਦਿੰਦਾ ਸੀ, ਇਹਨੇ ਲੈਣੋਂ ਨਾਂਹ ਕਰਤੀ...ਕਹਿੰਦਾ ਵੈਨ ਲੈਣੀ ਆਂ...ਮੈਂ ਕਿਹਾ

ਮਾਰੋ ਸਾਲੇ ਦੇ ਮੱਥੇ...ਓਦੋਂ ਮੈਂ ਕਰਜਾ ਚੁਕ ਕੇ ਵੈਨ ਲੈ ਦਿੱਤੀ..." ਗੱਲ ਕਰਦੇ ਕਰਦੇ ਭਾਈਏ ਨੂੰ ਖੰਘ ਛਿੜ ਗਈ ਤੇ ਉਹ ਉੱਠ ਕੇ ਬਾਹਰ ਚਲਾ ਗਿਆ।

ਵਾਪਸ ਆਉਂਦਾ ਹੀ ਭਾਈਆ ਬੋਲਿਆ," ਫੇ ਦੇਖੋ ਅਸੀਂ ਧੀ ਨੂੰ ਨੌਕਰੀ ਲੁਆ ਦਿੱਤਾ...ਸਾਡੇ ਪੁੱਤ ਦੀ ਮਿਹਰਬਾਨੀ ਨਾਲ਼.. ਵੀਹ ਹਜਾਰ ਤਨਖਾਹ ਲੈਂਦੀ ਆ...ਇਹਨੂੰ ਹਰਾਮੀ ਨੂੰ ਹਜਮ ਨਈਂ ਹੁੰਦੇ..."। "ੁਿਪਿੰਦਰ ਭਾ ਜੀ ਆਪਾਂ ਕੱਲ੍ਹ ਸ਼ਹਿਰ ਜਾ ਕੇ ਤਾਰਨ ਨੂੰ ਮਿਲੀਏ- ਇਕ ਦੋ ਗੱਲਾਂ ਉਹਨੂੰ ਪੁੱਛਣੀਆਂ..ਉਹ ਸਾਨੂੰ ਦਿਲ ਦੀ, ਆਪਣੇ ਹਿਰਦੇ ਦੀ ਗੱਲ ਕਿਓਂ ਨਈਂ ਦਸਦੀ...ਪਤਾ ਨਈਂ ਮੈਨੂੰ ਤਾਂ ਉਹ ਆਪਣਾ ਸਕਾ ਭਰਾ ਈ ਨਈਂ ਸਮਝਦੀ..ਜਾਂ ਕੋਈ ਹੋਰ ਗੱਲ ਆ..." "ਹੋਰ ਕਾਹਦੀ ਗੱਲ ਆ..ਕੋਈ ਵੀ ਧੀ ਆਪਣੇ ਮਾਪਿਆਂ ਨੂੰ ਦੁਖੀ ਨੀ ਕਰਦੀ ਹੁੰਦੀ... ਵਾਹ ਲਗਦੀ ਨੂੰ ਉਹ ਆਪਣੇ ਦੁਖ ਆਪ ਈ ਆਪਣੇ ਅੰਦਰ ਹਜ਼ਮ ਕਰੀ ਜਾਂਦੀ ਆ..." ਮੰਗੀ ਰਸੋਈ 'ਚ ਸਬਜੀ ਗਰਮ ਕਰਦੀ ਬੋਲੀ।

+++

ਦੂਜੇ ਦਿਨ ਕੁਲਤਾਰ ਨੇ ਸਵੇਰੇ ਹੀ ਮੰਗੀ ਨੂੰ ਕਹਿ ਦਿੱਤਾ ਕਿ ਆਪਾ ਬਾਰਾਂ ਤੋਂ ਬਾਅਦ ਸ਼ਹਿਰ ਨੂੰ ਚੱਲਣਾ, ਤਾਰਨ ਨੂੰ ਮਿਲਣ, ਤਿਆਰ ਰਹੇ।

ਉਹ ਦੋਨੋ ਟਾਈਮ ਨਾਲ ਤਾਰਨ ਦੇ ਦਫ਼ਤਰ ਦੇ ਬਾਹਰ ਪਹੁੰਚ ਗਏ। ਰੁਪਿੰਦਰ ਸਿੰਘ ਪਹਿਲਾਂ ਹੀ ਆਇਆ ਖੜ੍ਹਾ ਸੀ।

ਜਦੋਂ ਉਹ ਤਾਰਨ ਨੂੰ ਮਿਲੇ ਤਾਂ ਉਹਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਮੰਗੀ ਨੇ ਉਹਨੂੰ ਗਿਆਰਾਂ ਕੁ ਵਜੇ ਫੋ.ਨ ਕਰ ਕੇ ਆਉਣ ਬਾਰੇ ਦੱਸ ਦਿੱਤਾ ਸੀ।

ਤਾਰਨ ਵੀ ਉਨ੍ਹਾਂ ਨੂੰ ਇਕ ਖਾਲੀ ਪਏ ਕਮਰੇ ਵਿਚ ਲੈ ਗਈ। ਉਨ੍ਹਾਂ ਨੂੰ ਗੱਲਾਂ ਕਰਦਿਆਂ ਦਸ ਕੁ ਮਿੰਟ ਹੀ ਹੋਏ ਸਨ ਕਿ ਚਾਹ ਆ ਗਈ।

ਚਾਹ ਵਾਲਾ ਟਰੇਅ 'ਚੋਂ ਕੱਪ ਰੱਖ ਹੀ ਰਿਹਾ ਸੀ ਕਿ ਤਾਰਨ ਭਰਜਾਈ ਮੰਗੀ ਨੂੰ ਦੂਜੇ ਕਮਰੇ ਵਿਚ ਬਾਥਰੂਮ ਲੈ ਕੇ ਚਲੀ ਗਈ। ਉਹ ਦਸ ਮਿੰਟ ਲਾ ਕੇ ਮੁੜੀਆਂ ਤਾਂ ਮੰਗੀ ਤਾਂ ਪੂਰੀ ਤਰ੍ਹਾਂ ਤਣੀ ਹੋਈ ਸੀ। ਉਹ ਤੈਸ਼ ਵਿਚ ਹੀ ਬੋਲੀ, "ਪੀ ਲਈ ਜੀ ਚਾਹ...? ਚਲੋ ਉੱਠੋ.. ਤਾਰਨ ਦਿਲ ਨਾ ਛੱਡੀਂ..ਮੈਂ ਅੱਜ ਈ ਸੋਚਦੀ ਆਂ ਤੇਰੇ ਬਾਰੇ...ਮੈਨੂੰ ਲਗਦਾ ਸਾਡੀ ਇਹ ਕੁੜੀ ਬਚਦੀ ਨਈਂ..ਜੁਲਮ ਦੀ ਤਾਂ ਹੱਦ ਈ ਮੁੱਕ ਗਈ...ਉਹ ਆਦਮੀ ਤਾਂ ਪਾਗਲ ਹੋ ਗਿਆ ਲਗਦਾ..."

"ਭਾ ਜੀ ਆਪਾਂ ਕੱਲ੍ਹ ਸ਼ਹਿਰ ਜਾ ਕੇ ਤਾਰਨ ਨੂੰ ਮਿਲੀਏ- ਇਕ ਦੋ ਗੱਲਾਂ ਉਹਨੂੰ ਪੁੱਛਣੀਆਂ..ਉਹ ਸਾਨੂੰ ਦਿਲ ਦੀ, ਆਪਣੇ ਹਿਰਦੇ ਦੀ ਗੱਲ ਕਿਓਂ ਨਈਂ ਦਸਦੀ...ਪਤਾ ਨਈਂ ਮੈਨੂੰ ਤਾਂ ਉਹ ਆਪਣਾ ਸਕਾ ਭਰਾ ਈ ਨਈਂ ਸਮਝਦੀ..ਜਾਂ ਕੋਈ ਹੋਰ ਗੱਲ ਆ..."

"ਭਾਬੀ ਜੀ ਬੈਠੋ ਤੁਸੀਂ ਚਾਹ ਤਾਂ ਲਓ ਆਪਣੀ..."

ਤਾਰਨ ਨੇ ਮੰਗੀ ਦਾ ਹੱਥ ਫੜਿਆ।

ਤਾਰਨ ਮੈਂ ਤੇਰੀਆਂ ਤਕਲੀਫਾਂ, ਪਰੇਸ਼ਾਨੀਆਂ ਤੇ ਤੇਰੇ ਦੁੱਖਾਂ ਵਲ ਦੇਖ ਕੇ ਹੁਣ ਤਾਂ ਪਾਣੀ ਦਾ ਘੁੱਟ ਨਈਂ ਇਥੇ ਪੀ ਸਕਦੀ...ਤੋਬਾ ਤੋਬਾ ! ਚਲੋ ਰੁਪਿੰਦਰ ਭਾ ਜੀ ਉੱਠੋ...ਘਰ ਪਹੁੰਚ ਕੇ ਅੱਗੇ ਸੋਚਦੇ ਆਂ..." ਤੇ ਮੰਗੀ ਤਾਂ ਬੈਠੀ ਹੀ ਨਹੀਂ, ਪੰਜ ਮਿੰਟ ਖੜ੍ਹੀ ਹੀ ਰਹੀ। ਤੇ ਫਿਰ ਉਹ ਤੁਰ ਹੀ ਪਏ।

ਜੋਤੀ ਚੌਂਕ 'ਚੋਂ ਰੁਪਿੰਦਰ ਆਪਣੇ ਪਿੰਡ ਵਲ ਮੁੜਨ ਲਈ ਰੁਕ ਗਿਆ, "ਮੈਂ ਪੰਜ ਛੇ ਵਜੇ ਆਊਂ ਤੇ ਤੈਨੂੰ ਬੰਦੇ ਨਾਲ ਮਿਲਾਊਂ...ਉਹਦਾ ਕੰਮ ਈ ਸਾਫ਼ ਕਰ ਦਊ ਏਸ ਸਾਲੇ ਕੁੱਤੇ ਦਾ...ਘਬਰਾਓ ਨਾ ਤੁਸੀਂ...ਉਹਨੂੰ ਸਿੱਧੇ ਰਾਹ ਪਾ ਦਿਆਂਗੇ....ਮਾਸੜ ਜੀ ਨੂੰ ਹੌਸਲਾ ਦਿਓ...ਉਨ੍ਹਾਂ ਨੂੰ ਨਾ ਉਦਰਨ ਦਿਓ..."

"ਚਲੋ ਠੀਕ ਆ...ਸ਼ਾਮ ਨੂੰ ਕਰਦੇ ਆਂ ਸਲਾਹ-" ਉਹ ਚੌਂਕ 'ਚੋਂ ਆਪਣੇ ਰਾਹ ਹੋ ਤੁਰੇ।

ਨਹਿਰ ਦਾ ਪੁਲ ਲੰਘ ਕੇ ਕੁਲਤਾਰ ਨੇ ਮੋਟਰ ਸਾਈਕਲ ਰੋਕ ਲਿਆ। ਮੰਗੀ ਉਤਰ ਕੇ ਖੜ੍ਹੀ ਹੋ ਗਈ ਤੇ ਕੁਲਤਾਰ ਕੰਧ ਵਲ ਤੁਰ ਪਿਆ।

ਕੰਧ ਵਲੋਂ ਮੁੜ ਕੇ ਕੁਲਤਾਰ ਨੇ ਪੁੱਛਿਆ, " ਕੀ ਦੱਸਿਆ ਤੈਨੂੰ ਤਾਰਨ ਨੇ...ਮੈਨੂੰ ਵੀ ਤਾਂ ਪਤਾ ਲੱਗੇ।"

"ਦੱਸਿਆ ਨਈਂ ਉਹਨੇ ਤਾਂ ਜ਼ਖਮ ਦਿਖਾਏ ਮੈਨੂੰ ਸਲਵਾਰ ਚੁੱਕ ਕੇ...ਹਾਏ ਹਾਏ ...ਜ਼ਾਲਮ ਨੇ ਦੰਦੀਆਂ ਵੱਢ ਵੱਢ ਕੇ ਸਾਰੇ ਪੱਟ ਖਾਧੇ ਹੋਏ...ਐਡੇ ਐਡੇ ਜ਼ਖਮ...ਇਹੋ ਹਾਲ ਛਾਤੀਆਂ ਦਾ ਕੀਤਾ ਹੋਇਆ...ਉਹ ਬੰਦਾ ਥੋੜ੍ਹੇ ਆ...ਉਹ ਤਾਂ ਕੁੱਤਾ ਆ...ਉਹ ਵੀ ਹਲਕਿਆ ਹੋਇਆ- ਇਕ ਹੋਰ ਗੱਲ਼..ਉਹ ਤਾਂ ਸਾਫ ਨਾਮਰਦ ਆ..ਤਾਰਨ ਕਹਿੰਦੀ ਜੇ ਉਹਦੇ ਨਾਲ ਗੱਲ ਕਰਾਂ ਤਾਂ ਦਵਾਈਆਂ ਲੈ ਕੇ ਬਹਿਜੂ...ਕਹੇਗਾ ਆਹੀ ਨਾਮਰਦੀ ਦੂਰ ਕਰਨ ਦੀ ਦੁਆਈ ਖਾ ਰਿਹਾਂ... ਤੂੰ ਦੱਸੀਂ ਨਾ ਕਿਸੇ ਨੂੰ..." "ਹਾਏ ਓਇ ਰੱਬਾ- ਆਹ ਗੱਲ ਆ?..ਇਹ ਗੱਲਾਂ ਉਹਨੇ ਕੁੜੀ ਨੇ ਸਾਨੂੰ ਪਹਿਲਾਂ ਕਿਓਂ ਨਈਂ ਦੱਸੀਆਂ, ਓਹਦਾ ਤਾਂ 'ਲਾਜ ਕਰ ਦਿੰਦਾ ਮੈਂ!" ਕੁਲਤਾਰ ਦੁੱਖ ਨਾਲ ਈ ਨਹਿਰ ਦੇ ਕੰਢੇ 'ਤੇ ਬਹਿ ਗਿਆ।

"ਚਲੋ ਉਠੋ..ਦੁੱਖ ਤਾਂ ਬਹੁਤ ਹੋਇਆ ...ਪਰ ਹੁਣ ਹਿੰਮਤ ਤੋਂ ਕੰਮ ਲੈਣਾ ਪੈਣਾ..." ਕਹਿੰਦੀ ਹੋਈ ਮੰਗੀ ਨੇ ਕੁਲਤਾਰ ਦਾ ਹੱਥ ਫੜਿਆ ਤੇ ਕੁਲਤਾਰ ਨੂੰ ਉੱਠਣ 'ਚ ਆਸਰਾ ਦਿੱਤਾ।

"ਏਸ ਬੰਦੇ ਦਾ ਤਾਂ ਕੋਈ 'ਲਾਜ ਕਰਨਾ ਈ ਪੈਣਾ...ਸਾਲੇ ਖੁਸਰੇ ਦਾ..." ਕੁਲਤਾਰ ਉਠਦਾ ਹੋਇਆ ਬੋਲਿਆ।

" ਤੁਸੀਂ ਜਾਂਦੇ ਜਾਂਦੇ ਐਦਾਂ ਕਰਨਾ, ਮੈਨੂੰ ਟੀ ਵੀ ਟਾਵਰ ਦੇ ਕੋਲ ਲਾਹ ਦੇਣਾ...ਮੈਂ ਡਾਕਟਰ ਰੇਖਾ ਨੂੰ ਮਿਲ ਕੇ ਇਹ ਪ੍ਰਾਬਲਮ ਓਹਦੇ ਧਿਆਨ 'ਚ ਲਿਆਵਾਂ...ਤੁਸੀਂ ਕੋਈ ਸਟੈੱਪ ਚੁੱਕੋ ਚਾਹੇ ਨਾ...ਮੈਂ ਨਹੀਂ ਪਿੱਛੇ ਹਟਣ ਵਾਲੀ... ਬਾਇ ਗੌਡ ਮੈਂ ਉਸ ਬੰਦੇ ਦਾ ਮਰਡਰ ਕਰ ਸਕਦੀ ਆਂ-"

"ਸ਼ਾਂਤ ਹੋ ਯਾਰ...ਜੋ ਵੀ ਕਰਾਂਗੇ ਮਿਲ ਕੇ ਈ ਕਰਾਂਗੇ...ਆ ਬੈਠ" ਕੁਲਤਾਰ ਨੇ ਮੋਟਰ ਸਾਇਕਲ ਸਟਾੱਰਟ ਕਰ ਲਿਆ ਤੇ ਮੰਗੀ ਚੁੱਪ ਕਰ ਕੇ ਪਿੱਛੇ ਬਹਿ ਗਈ।

+++

ਡਾਕਟਰ ਰੇਖਾ ਕੋਲ ਘੰਟਾ ਭਰ ਬੈਠਣ ਬਾਅਦ ਇਹੋ ਫ਼ੈਸਲਾ ਹੋਇਆ ਕਿ ਤਾਰਨ ਦੇ ਪਤੀ ਨਾਲ ਕਿਸੇ ਕਿਸਮ ਦਾ ਲੜਾਈ ਝਗੜਾ ਨਹੀਂ ਕਰਨਾ। ਜੋ ਰਸਤਾ ਆਪਾਂ ਮਿੱਥ ਲਿਆ ਉਸੇ ਅਨੁਸਾਰ ਚੱਲਣਾ ਹੈ। ਡਾਕਟਰ ਰੇਖਾ ਨੇ ਕਿਹਾ ਕਿ ਕੱਲ੍ਹ ਸਵੇਰ ਤਾਰਨਵੀਰ ਨੂੰ ਲੈ ਕੇ ਸਿਵਿਲ ਹਸਪਤਾਲ ਪਹੁੰਚੋ...ਉਹਦਾ ਮੈਡੀਕਲ ਮੈਂ ਕਰਵਾਊਂਗੀ...ਲੇਟ ਨਹੀਂ ਹੋਣਾ। ਡਾਕਟਰ ਰੇਖਾ ਕੋਲੋਂ ਵਿਹਲੀ ਹੋ ਕੇ ਮੰਗੀ ਜਦੋਂ ਸੜਕ ਵੱਲ ਤੁਰੀ ਆਉਂਦੀ ਸੀ ਤਾਂ ਮਨ 'ਚ ਹੀ ਗੱਲਾਂ ਕਰਨ ਲਗੀ- 'ਇਹ ਡਾਕਟਰ ਲੋਕ ਬੜੇ ਪਹੁੰਚੇ ਹੋਏ ਬੰਦੇ ਹੁੰਦੇ ਆ...ਭਾਵੇਂ ਇਹ ਐੱਮ ਬੀ ਬੀ ਐੱਸ ਹੋਣ ਤੇ ਭਾਵੇਂ ਪੀਐੱਚਡੀ ਹੋਣ। ਇਕ ਨੇ ਮਰੀਜ਼ ਦਾ ਦੁਆਈਆਂ ਟੀਕਿਆਂ ਨਾਲ ਇਲਾਜ ਕਰਨਾ ਹੁੰਦਾ ਤੇ ਦੂਜੇ ਨੇ ਦੁਆਈਆਂ ਤੇ ਡਿਕਸ਼ਨਰੀਆਂ ਨਾਲ।' ਫੇਰ ਇਕ ਫੋਰ ਵ੍ਹੀਲਰ ਆ ਗਿਆ ਤੇ ਮੰਗੀ ਦੌੜ ਕੇ ਵਿਚ ਜਾ ਬੈਠੀ।

+++

ਮੰਗੀ ਦੀ ਡਾਕਟਰ ਰੇਖਾ ਨਾਲ ਬਚਪਨ ਵੇਲੇ ਦੀ ਸਾਂਝ ਸੀ। ਕਾਲਜ ਤੱਕ ਇਕੱਠੀਆਂ ਨੇ ਪੜ੍ਹਾਈ ਕੀਤੀ, ਦੋਨੋਂ ਇਕੱਠੀਆਂ ਡਿਬੇਟ 'ਤੇ ਜਾਂਦੀਆਂ ਰਹੀਆਂ ਤੇ ਦੋਨਾਂ ਨੇ ਗਿਣ-ਮਿੱਥ ਕੇ ਇਕੋ ਜ਼ਿਲ੍ਹੇ ਵਿਚ ਵਿਆਹ ਕਰਾਏ। ਦੋਹਾਂ ਦੇ ਪਤੀ ਵੀ ਦੋਸਤ ਬਣ ਗਏ ਪਰ ਫ਼ਰਕ ਇਹ ਸੀ ਕਿ ਡਾਕਟਰ ਰੇਖਾ ਦਾ ਪਤੀ ਫੌ.ਜ ਵਿਚ ਸੀ ਤੇ ਮੰਗੀ ਦਾ ਪਤੀ ਐੱਮ ਏ ਕਰ ਕੇ ਵੀ ਜਿਮੀਦਾਰਾ ਕਰਦਾ ਸੀ। ਉਹਨੇ ਤਾਂ ਸਗੋਂ ਕਈ ਨਵੇਂ ਤਜਰਬੇ ਕਰਦਿਆਂ ਖੇਤੀਬਾੜੀ ਵਿਚ ਨਵੇਂ ਰਾਹ ਉਲੀਕ ਦਿੱਤੇ ਸਨ।

ਡਾਕਟਰ ਰੇਖਾ ਨੇ ਪੂਰੀ ਡਾਕਟਰਾਂ ਵਾਲੀ ਕਾਰਵਾਈ ਕੀਤੀ। ਤਾਰਨ ਦੀ ਪੂਰੀ ਡਾਕਟਰੀ ਰਿਪੋਰਟ ਤਿਆਰ ਕੀਤੀ ਤੇ ਨਾਲ ਹੀ ਉਹ ਰਿਪੋਰਟ ਪੁਲਿਸ ਥਾਣੇ ਜਾ ਪਹੁੰਚੀ। ਕਾਰਵਾਈ ਹੋਣ ਲੱਗੀ। ਪੁਲਿਸ ਦੇ ਮਾਰੇ ਦਬਕੇ ਨੇ ਤਾਰਨ ਦੇ ਪਤੀ ਦੇ ਹੋਸ਼ ਉਡਾਅ ਦਿੱਤੇ। ਪੁਲਿਸ ਵੱਲੋਂ ਦਿਖਾਈਆਂ ਰੰਗਦਾਰ ਫੋਟੋ ਦੇਕ ਕੇ ਤੇ ਐਨੇ ਵੱਡੇ ਵੱਡੇ ਜ਼ਖਮ ਦੇਖ ਕੇ ਹਾਇ ਹਾਇ ਕਰਦਾ ਉਹ ਖੁਦ ਵੀ ਜਿਵੇਂ ਹੈਰਾਨ ਹੋ ਗਿਆ। ਸੱਚੀ ਗੱਲ ਹੈ ਉਹ ਡਰ ਗਿਆ ਤੇ ਪੁਲਿਸ ਅਫਸਰ ਨੇ ਜਿੱਥੇ ਜਿੱਥੇ ਕਿਹਾ ਉਹਨੇ ਕਾਗਜ਼ਾਂ ਉਪਰ ਦਸਖਤ ਕਰ ਦਿੱਤੇ। ਫਿਰ ਕੀ ਹੋਣਾ ਸੀ?...ਜੋ ਮੰਗੀ ਨੇ ਚਾਹਿਆ ਉਹੀ ਹੋਇਆ।

ਤਾਰਨਵੀਰ ਨੇ ਪਤੀ ਵੀ ਛੱਡਿਆ ਤੇ ਪਤੀ ਦਾ ਘਰ ਵੀ ਤਿਆਗ ਦਿੱਤਾ। ਉਸਨੇ ਉਸ ਘਰ ਵਿਚੋਂ ਆਪਣੇ ਪਹਿਨਣ ਵਾਲੇ ਕਪੜੇ ਹੀ ਚੁੱਕੇ ਹੋਰ ਕੋਈ ਚੀਜ਼ ਨਹੀਂ...ਨਾ ਗਹਿਣਾ-ਗੱਟਾ ਨਾ ਪੈਸਾ-ਧੇਲਾ।

ਹੁਣ ਉਹ ਦਫਤਰੋਂ ਛੁੱਟੀ ਕਰ ਕੇ ਆਉਂਦੀ ਤੇ ਭਾਈਆ ਜੀ ਕੋਲ ਬਹਿ ਜਾਂਦੀ..ਗੁੰਮ-ਸੁੰਮ, ਨਾ ਹੂੰ ਨਾ ਹਾਂ, ਜਿੱਦਾਂ ਗੁੰਗੀ ਹੋ ਗਈ ਹੋਵੇ, ਚੁੱਪ-ਗੜੁੱਪ। ਲਗਦਾ ਜਿਵੇਂ ਕੋਈ ਮੱਝ-ਗਾਂ ਭਾਈਆ ਜੀ ਕੋਲ ਆ ਬੈਠੀ ਹੋਵੇ।

"ਲਓ ਬਈ ਚਾਹ ਪੀਓ..." ਚਾਹ ਵਾਲਾ ਗੜਵਾ ਤੇ ਸੇਵੀਆਂ ਦੀ ਪਲੇਟ ਮੇਜ਼ 'ਤੇ ਰੱਖਦਾ ਕੁਲਤਾਰ ਬੋਲਿਆ।

ਕੁਲਤਾਰ ਦੇ ਮਗਰ ਹੀ ਕੱਪ ਚੁੱਕੀ ਮੰਗੀ ਵੀ ਆ ਗਈ ਤੇ ਤਾਰਨ ਵੱਲ ਦੇਖਦੀ ਖੁਸ਼ ਰੌਂ 'ਚ ਬੋਲੀ, "ਲੈ ਬਈ ਤਾਰਨ..ਮੇਰਾ ਇਹ ਐਕਟਿਵਾ ਹੁਣ ਤੇਰੇ ਹਵਾਲੇ ਆ...ਮੇਰਾ ਮਤਲਬ ਇਹਨੂੰ ਹੁਣ ਤੂੰ ਹੀ ਚਲਾਉਣਾਂ...ਦਫਤਰ ਨੂੰ ਘੂਕਾਂ ਛੱਡਦੀ ਜਾਹ ਤੇ ਘੂਕਾਂ ਛੱਡਦੀ ਆ...ਤੇਰੀ ਬਈ ਆਹ ਚੁੱਪ ਮੈਨੂੰ ਬੜੀ ਚੁੱਬਦੀ ਆ..ਮੈਨੂੰ ਦੋ ਸਾਲ ਪਹਿਲਾਂ ਵਾਲੀ ਤਾਰਨ ਬਣ ਕੇ ਦਿਖਾ ਦੇ...ਹੱਸ ਹੱਸ ਗੱਲਾਂ ਕਰਨ ਵਾਲੀ..ਗਿੱਧਾ ਪਾਉਣ ਵਾਲੀ..." ਕਹਿੰਦੀ ਹੋਈ ਮੰਗੀ ਕੱਪਾਂ ਵਿਚ ਚਾਹ ਪਾਉਣ ਲੱਗ ਪਈ।

ਪਲ ਕੁ ਭਰ ਪਿੱਛੋਂ ਭਾਈਆ ਖੰਘੂਰਾ ਮਾਰ ਕੇ ਬੋਲਿਆ," ਪੁੱਤ ਹੌਂਸਲਾ ਨਈਂ ਛੱਡੀਦਾ...ਦੁਨੀਆ ਦਾ ਕੋਈ ਅੰਤ ਆ...ਇਹ ਤਾਂ ਹੋਰ ਪਰੇ ਤੇ ਹੋਰ...ਮੇਰਾ ਪੁੱਤ ਅਸੀਂ ਕਿਹੜਾ ਰੱਬ ਦੇ ਮਾਂਹ ਮਾਰੇ ਆ...ਮਾਹਰਾਜ ਕੋਈ ਚੰਗਾ ਈ ਢੋ ਢੁਕਾਊ...' ਕਹਿੰਦੇ ਹੋਏ ਭਾਈਏ ਨੇ ਧੀ ਨੂੰ ਵੱਖੀ ਨਾਲ ਘੁੱਟ ਲਿਆ।

ਲੰਮਾ ਸਾਰਾ ਹਉਕਾ ਲੈ ਕੇ ਭਾਈਆ ਬੋਲਿਆ, "ਦੇਖੋ ਏਸ ਧੀ ਦਾ ਜਿਗਰਾ..ਯਾਰੋ ਓਥੇ ਕੱਲੀ ਬੈਠੀ ਝੱਲਦੀ ਰਹੀ ਦੁੱਖ-ਤਕਲੀਫ਼ਾਂ...ਰਤਾ ਧੂਹ ਨਈਂ ਕੱਢੀ..ਮੇਰੀ ਧਰਤੀ ਵਰਗੀ ਧੀ ਨੇ..." ਬੋਲਦੇ ਹੋਏ ਭਾਈਏ ਦੀਆਂ ਅੱਖਾਂ ਛਲਕ ਪਈਆਂ।

"ਡੈਡ! ਹਾਇ ਦੇਖੋ ਇਹ ਤਾਂ ਅੱਥਰੂ ਕੇਰੀ ਜਾਂਦੀ ਆ..." ਮੰਗੀ ਨੇ ਹਥਲਾ ਕੱਪ ਧਰ ਕੇ ਤਾਰਨ ਦਾ ਸਿਰ ਪਲੋਸਿਆ।

"ਹਟ ਜਾ ਪੁੱਤ ਇਹਨੂੰ ਜੀ ਹੌਲਾ ਕਰ ਲੈਣ ਦੇ..." ਕਹਿ ਕੇ ਭਾਈਏ ਨੇ ਤਾਰਨ ਵੱਲ ਦੇਖਿਆ ਤੇ ਫਿਰ ਅਸਮਾਨ ਵੱਲ ..ਤੇ ਨਲਕੇ ਵੱਲ ਜਾਂਦਾ ਬੁੜਬੁੜਾਇਆ," ਵਾਹ ਓਇ ਰੱਬਾ!...ਦੇਖ ਧੀਆਂ ਦੇ ਲੇਖ਼..

# ਆਖ਼ਰੀ ਕਾਨੀ

ਬਾਬੂ ਅਤਰੀ ਹੜ-ਬੜਾ ਕੇ ਉੱਠਿਆ ਤੇ ਡਰਿਆ ਜਿਹਾ ਕਮਰੇ ਅੰਦਰਲੀ ਹਰ ਚੀਜ਼ ਨੂੰ ਘੂਰਨ ਲੱਗਾ। ਪਤਨੀ ਤੇ ਬੱਚਾ ਘੂਕ ਸੌਂ ਰਹੇ ਸੀ। ਉਹਨੂੰ ਸੁਖ ਦਾ ਸਾਹ ਆਇਆ ਕਿ ਉਹਨੇ ਸੁਪਨਾ ਹੀ ਦੇਖਿਆ ਸੀ। ਪੁਲਿਸ ਥਾਣਾ, ਸਾਹਮਣੇ ਭੀੜ ਭਰਿਆ ਬਾਜ਼ਾਰ ਤੇ ਗੌਰੀ ਉਹਨੂੰ ਮਾਰ ਰਿਹਾ ਸੀ।

ਬਾਬੂ ਅਤਰੀ ਨੂੰ ਹੁਣ ਨੀਂਦ ਨਹੀਂ ਸੀ ਆ ਰਹੀ। ਉਹ ਡਰ ਰਿਹਾ ਸੀ ਕਿ ਉਹ ਜਿਉਂ ਹੀ ਸੌਂਵੇਂਗਾ ਉਹਨੂੰ ਗੌਰੀ ਫਿਰ ਆ ਕੇ ਮਾਰਨ ਲੱਗੇਗਾ। ਗੌਰੀ ਦਾ ਚਿਹਰਾ ਭਿਆਨਕ ਰੂਪ ਵਟਾ ਵਟਾ ਕੇ ਉਹਨੂੰ ਡਰਾਏਗਾ।

ਇਸੇ ਮੁਹੱਲੇ ਵਿਚ ਰਹਿੰਦਾ ਹੈ ਗੌਰੀ ਜਿਸ ਮੁਹੱਲੇ ਵਿਚ ਬਾਬੂ ਅਤਰੀ ਰਹਿੰਦਾ ਹੈ। ਕਈ ਸਾਲ ਪਹਿਲਾਂ ਰਾਮ ਲੀਲਾ ਕਲੱਬ `ਚ ਬੈਂਜੋ ਵਜਾਉਂਦਾ ਸੀ, ਫਿਰ ਉਹਨੇ ਆਰਕੈਸਟਰਾ ਗਰੁੱਪ ਬਣਾ ਲਿਆ ਤੇ ਵਿਆਹਾਂ ਉੱਪਰ ਜਾਣ ਲੱਗਾ। ਹੌਲੀ ਹੌਲੀ ਦਿਨ ਫਿਰਨ ਲੱਗੇ। ਗੌਰੀ ਨੇ ਆਪਣੇ ਪਿਤਾ ਨੂੰ ਸਫਾਈ ਦੇ ਕੰਮ ਤੋਂ ਹਟਾ ਕੇ ਨਾਲ ਤੋਰ ਲਿਆ, ਛੋਟਾ ਭਰਾ ਵੀ ਡਰੰਮ ਵਜਾਉਣ ਲੱਗਾ ਤੇ ਦਿਨਾਂ ਵਿਚ ਹੀ ਗੌਰੀ ਪੈਸੇ ਵਿਚ ਖੇਡਣ ਲੱਗਾ।

'ਇਹ ਆਪਣੀ ਔਕਾਤ ਭੁੱਲ ਗਿਆ ਸਾਲਾ... ਕੱਲ੍ਹ ਇਹਦਾ ਪੇ ਪਾਟੀ ਲੁੰਗੀ ਲਾਈ, ਤਸਲਾ ਕਹੀ ਚੁੱਕੀ ਗਧੇ ਦੇ ਮਗਰ ਮਗਰ ਤੁਰਿਆ ਫਿਰਦਾ ਸੀ, ਮੁਹੱਲੇ `ਚੋਂ ਗੰਦ ਚੁੱਕਦਾ। 'ਨਮਸਤੇ ਬਾਊ ਜੀ` ਉਹ ਲੰਘਦਾ ਵੜਦਾ ਮੱਥੇ ਨੂੰ ਹੱਥ ਛੁਹਾ ਕੇ ਸਿਰ ਝੁਕਾਉਂਦਾ ਸੀ ਵੱਡੇ ਭਾਪਾ ਜੀ ਅੱਗੇ, ਝਾਈ ਜੀ ਅੱਗੇ ਤੇ ਗਲੀ ਦੇ ਹੋਰ ਲੋਕਾਂ ਅੱਗੇ ਵੀ। ਤੇ ਗੌਰੀ ਦੀ ਮਾਂ ਕਿਦਾਂ ਸਾਰਾ ਸਾਰਾ ਦਿਨ ਲੋਕਾਂ ਦੇ ਘਰਾਂ ਦਾ ਗੰਦ ਸਿਰ ਉੱਤੇ ਢੋਂਦੀ ਹੁੰਦੀ ਸੀ...ਫੇ ਦਰ ਦਰ ਉੱਤੇ ਟੁਕੜ ਮੰਗਦੇ ਫਿਰਨਾ.. ਚੰਗੀ ਕਿਸਮਤ ਨੂੰ ਕਮੇਟੀ ਵਾਲਿਆਂ ਨੇ ਸੀਵਰੇਜ ਵਿਛਾ ਦਿੱਤਾ ਤੇ ਲੋਕਾਂ ਨੇ ਫਲੱਸ਼ਾਂ ਲੁਆ ਲਈਆਂ... ਸਕੂਲ ਪੜ੍ਹਦੇ ਦੇ ਮੇਰੇ ਪੁਰਾਣੇ ਕੱਪੜੇ ਕਈ ਵਾਰੀ ਝਾਈ ਨੇ ਗੌਰੀ ਦੀ ਮਾਂ ਨੂੰ ਦਿੱਤੇ ਸੀ... ਤੇ ਇਹ ਕਮੀਨਾ ਮੇਰੇ ਕੱਪੜੇ ਪਾ ਕੇ ਬੈਟ-ਬੱਲਾ ਖੇਡਿਆ ਕਰਦਾ ਸੀ.... ਤੇ ਅੱਜ ਸਾਨੂੰ ਸੂਟ `ਤੇ ਸੂਟ ਪਾ ਕੇ ਦਿਖਾਉਂਦਾ ਆ... ਮੋਟਰ ਸਾਈਕਲ `ਤੇ ਘੁੰਮ ਘੁੰਮ ਦਿਖਾ ਰਿਹਾ ਤੇ ਨਾਲੇ ਸਾਡੀ ਕੁੜੀ ਨੂੰ ....` ਬਾਬੂ ਅਤਰੀ ਨੇ ਥੁਕਣਾ ਚਾਹਿਆ ਤੇ ਉੱਠ ਕੇ ਕਮਰੇ `ਚੋਂ ਬਾਹਰ ਆ ਗਿਆ।

'ਤੁਸੀਂ ਉਹਦੇ ਪਿਛੋਕੜ ਨੂੰ ਭੁੱਲ ਕਿਉਂ ਨੀ ਜਾਂਦੇ। ਉਹਨੇ ਦੇਖੋ ਕਿੰਨਾ ਰਾਈਜ਼ ਕੀਤਾ... ਉਹਨੇ ਲੋਕਾਂ ਨੂੰ ਦਿਖਾ ਦਿੱਤਾ ਈ ਕਿ ਦੇਖੋ ਜੇ ਬੰਦਾ ਮਿਹਨਤ ਕਰੇ, ਹਿੰਮਤ ਨਾ ਹਾਰੇ ਤਾਂ ਉਹ ਇਸ ਤਰ੍ਹਾਂ ਵੀ ਪਾਸੇ ਪਲਟ ਸਕਦਾ ਹੈ। ਅੱਜ ਉਹ ਇਕ ਪ੍ਰੋਗਰਾਮ ਦੇ ਸੱਤਰ ਹਜ਼ਾਰ ਰੁਪਏ ਲੈਂਦਾ ਆ ਤੇ ਸੁਣਿਆ ਏ ਪਈ ਦੋ ਦੋ ਮਹੀਨੇ ਪਹਿਲਾਂ ਈ ਉਹਦੀ ਬੁਕਿੰਗ ਹੋਈ ਰਹਿੰਦੀ ਆ... ਦੇਖ ਲਓ ਕਿਹੋ ਜਿਹੀ ਆਲੀਸ਼ਾਨ ਕੋਠੀ ਮੋਤਾ ਸਿੰਘ ਨਗਰ ਵਿਚ ਬਣਾਈ ਆ... ਤੇ ਤੁਹਾਡਾ ਟੱਬਰ ਦੇਖ ਲਓ ਅਗਾਂਹ ਤੋਂ ਪਿਛਾਂਹ ਵੱਲ ਨੂੰ ਜਾਂਦੇ ਨੇ... ਤੁਸੀਂ ਆਪਣੇ ਵੱਲ ਈ ਦੇਖੋ... ਜੱਦੀ ਪੋਥੀ ਵਾਚਣੀ ਛੱਡ ਕੇ ਮਾੜੀ ਮੋਟੀ ਕਲਰਕੀ ਕੀਤੀ... ਹੁਣ ਉਹ ਵੀ ਛੱਡ ਕੇ ਬੈਠੇ ਆ... ਪਤਨੀ ਜੁ ਕਮਾਉਂਦੀ ਆ...` ਰੇਸ਼ਮਾ ਨੇ ਇਹ ਗੱਲ ਆਖਕੇ ਮੇਰੇ ਜ਼ਖ਼ਮਾਂ ਉੱਤੇ ਲੂਣ ਭਰੂਰ ਦਿੱਤਾ ਸੀ। ਬਹੁਤਾ ਕਸੂਰ ਤਾਂ ਰੇਸ਼ਮਾ ਦਾ ਈ ਆ... ਏਸੇ ਨੇ ਤਾਂ ਜੱਸੀ ਨੂੰ ਸ਼ਹਿ ਦਿੱਤੀ।` ... ਬਾਥਰੂਮ ਵਿਚ ਖੜ੍ਹਾ ਬਾਬੂ ਅਤਰੀ ਖੰਘਣ ਲੱਗਾ।

.................................

"ਉੱਠ ਜਾਓ ਹੁਣ... ਦੇਖੋ ਜ਼ਰਾ ਘੜੀ"

"ਕਿੰਨੇ ਵਜ ਗਏ?"
"ਨੌਂ ਵੱਜਣ ਲੱਗੇ ਆ..." ਜੂੜੇ ਦੇ ਵਾਲ ਠੀਕ ਕਰਦੀ ਹੋਈ ਰੇਸ਼ਮਾ ਬੋਲੀ..." ਉੱਠ ਕੇ ਨਹਾ ਲਓ, ਜੱਸੀ ਹੁਣੇ ਆ ਜਾਊ, ਟੋਸਟ ਬਣਾ ਦਏਗੀ..."
"ਉਹ ਕਿੱਥੇ ਗਈ ਆ ਸਵੇਰੇ ਸਵੇਰੇ...?" ਅਤਰੀ ਉੱਠ ਕੇ ਬੈਠਦਾ ਤਲਖੀ `ਚ ਬੋਲਿਆ।
"ਕਿਤੇ ਨਈਂ ਗਈ... ਐਵੇਂ ਚੀਕੋ ਨਾ ਰਿੰਕੂ ਉੱਠ ਜਾਵੇਗਾ, ਉਹ ਬਰੈੱਡ ਲੈ ਕੇ ਆਉਂਦੀ ਹੋਏਗੀ। ... ਜਦੋਂ ਗੌਰੀ ਆਵੇਗਾ ਮੈਂ ਸੁਨੇਹਾ ਭੇਜਾਂਗੀ ਤੇ ਆ ਜਾਣਾ... ਉਹਦੇ ਨਾਲ ਗੱਲ ਠੰਡੇ ਦਿਮਾਗ ਨਾਲ ਕਰਨੀ..."
"ਠੀਕ ਈ ਕਰਾਂਗਾ...ਜਾਹ ਤੂੰ ਆਫਿਸ..." ਮੱਥੇ ਡਿਊੜੀ ਪਾ ਕੇ ਬਾਬੂ ਅਤਰੀ ਬੋਲਿਆ।
"ਮੇਰੇ ਵੱਲ ਦੇਖ ਕੇ ਕਿਉਂ ਮੱਥੇ ਨੂੰ ਸਾੜਦੇ ਆਂ... ਉਹ ਤੁਹਾਡੀ ਭੈਣ ਆ... ਤੁਹਾਡਾ ਈ ਲਹੂ ਆ..." ਰੇਸ਼ਮਾ ਵੀ ਥੋੜ੍ਹਾ ਗੁੱਸੇ ਵਿਚ ਬੋਲੀ ਤੇ ਬੈਗ ਚੁੱਕ ਕੇ ਤੁਰ ਪਈ।
"ਬਈ ਜਾਹ ਨਾ ਹੁਣ... ਸਵੇਰੇ ਸਵੇਰੇ..." ਬਾਬੂ ਅਤਰੀ ਖਿਝ ਕੇ ਬੋਲਿਆ ਤੇ ਤੌਲੀਆ ਲੱਭਣ ਲੱਗਾ।
..........................
ਬਾਬੂ ਅਤਰੀ ਸ਼ੇਵ ਬਨਾਉਣ ਲੱਗਾ ਸੀ। ਉਹਨੂੰ ਕਦੇ ਗੌਰੀ ਰੋਕ ਕੇ ਖੜ੍ਹਾ ਹੋ ਜਾਂਦਾ, ਕਦੇ ਜੱਸੀ ਉਹਦੇ ਸਾਹਮਣੇ ਆ ਖੜ੍ਹਦੀ, ਕਦੇ ਰੇਸ਼ਮਾ ਘੂਰ ਘੂਰ ਦੇਖਣ ਲੱਗਦੀ। .... "ਸਾਰੇ ਪੁਆੜੇ ਦੀ ਜੜ੍ਹ ਈ ਤੂੰ ਏਂ... ਤੂਹੀਂ ਕੰਮ ਖ਼ਰਾਬ ਕੀਤਾ ਆ... ਨਾ ਇਹਨੂੰ ਘਰੋਂ ਏਥੇ ਕੋਲ ਲਿਆਉਂਦੀ ਤੇ ਨਾ ਇਹ ਅਵਾਰਾ ਫਿਰਦੀ ਓਸ ਗੌਰੀ ਦੇ ਬੱਚੇ ਨਾਲ..."
"ਮੈਂ ਕੋਈ ਆਪਣੇ ਲਈ ਨਈਂ ਸੀ ਲਿਆਂਦੀ, ਤੁਹਾਡੇ ਸ਼ਹਿਜ਼ਾਦੇ ਦੀ ਦੇਖਭਾਲ ਲਈ ਹੀ ਲਿਆਂਦੀ ਸੀ... ਮੈਨੂੰ ਕੋਈ ਇਨਟਰੈਸਟ ਨਈਂ.... ਖ਼ਬਰਦਾਰ ਜੇ ਮੈਨੂੰ ਕੋਈ ਗੱਲ ਆਖੀ ਤਾਂ..."
ਬਾਬੂ ਅਤਰੀ ਰੇਸ਼ਮਾ ਦੀ ਭਬਕ ਸੁਣ ਕੇ ਚੁੱਪ ਕਰ ਗਿਆ ਸੀ। ਪਰ ਫਿਰ ਉਹਨੂੰ ਕੋਈ ਗੱਲ ਯਾਦ ਆ ਗਈ ਤੇ ਉਸੇ ਤਲਖੀ `ਚ ਬੋਲਿਆ ਸੀ, "ਤੈਨੂੰ ਕਿਦਾਂ ਨਾ ਆਖੀਏ ਬਈ... ਸਾਰੀ ਗੱਲ ਦੱਬੀ ਹੋਈ ਨੂੰ ਤੂੰ ਮੁੜ ਕੇ ਜਗਾ ਦਿੱਤਾ... ਜਦੋਂ ਗੌਰੀ ਤੇ ਜੱਸੀ ਦੇ ਸਬੰਧਾਂ ਬਾਰੇ ਘਰ ਵਿਚ ਪਤਾ ਲੱਗਾ ਸੀ ਤਾਂ ਬਹੁਤ ਸਖਤੀ ਨਾਲ ਪਿਤਾ ਜੀ ਨੇ ਸਾਰੀ ਗੱਲ ਸਮੇਟ ਦਿੱਤੀ ਸੀ। ਪਿਤਾ ਜੀ ਦੀਆਂ ਧਮਕੀਆਂ ਅੱਗੇ ਗੌਰੀ ਦਾ ਪਿਓ ਕਿੰਨਾ ਡਰ ਗਿਆ ਸੀ ਤੇ ਆਪਣੀ ਪੱਗ ਪਿਤਾ ਜੀ ਦੇ ਪੈਰੀਂ ਰੱਖ ਦਿੱਤੀ ਸੀ। ਜੱਸੀ ਨੇ ਗੌਰੀ ਨੂੰ ਮਿਲਣਾ ਬੰਦ ਕਰ ਦਿੱਤਾ ਸੀ। ਘਰ ਦੇ ਸਾਰੇ ਜੀਆਂ ਨੇ ਸੁੱਖ ਦਾ ਸਾਹ ਲਿਆ ਸੀ। ਸਾਰਾ ਮੁਹੱਲਾ ਵੀ ਜਿਵੇਂ ਸ਼ਾਂਤ ਹੋ ਗਿਆ ਸੀ। ਨਹੀਂ ਤਾਂ ਨਿੱਤ ਹੀ ਕੋਈ ਨਾ ਕੋਈ ਘਰ ਝਾਈ ਜੀ ਜਾਂ ਪਿਤਾ ਜੀ ਨੂੰ ਆ ਕੇ ਦੱਸਦਾ ਸੀ....` ਬਾਬੂ ਜੀ, ਸ਼ੀ ਸ਼ੀ... ਜ਼ਹਿਰ ਦੀ ਚੁਟਕੀ ਦੇ ਕੇ ਪਾਰ ਕਿਉਂ ਨੀ ਕਰ ਦਿੰਦੇ ਐਹੋ ਜੀ ਧੀ ਨੂੰ... ਕੈਸਾ ਜ਼ਮਾਨਾ ਆ ਗਿਆ... ਮੁੰਡਿਆਂ ਨੂੰ ਕਹੋ ਏਸ ਕਲਮੂੰਹੀਂ ਦਾ ਸਿਰ ਵੱਢ ਦੇਣ ਅੰਦਰ ਵਾੜ ਕੇ...`
"ਮੇਰੇ ਘਰ ਦੀ ਤਾਂ ਯਾਰੋ ਤਾਣੀ ਈ ਉਲਝ ਗਈ ਆ... ਏਸ ਅਤਰੀ ਨੇ ਈ ਮੇਰੀ ਬੇੜੀ ਡੋਬ ਦਿੱਤੀ... ਬਹੁਤ ਰੋਕਿਆ ਸੀ ਮੈਂ ਇਹਨੂੰ ਪਰ ਏਸ ਕੰਬਖਤ ਨੇ ਇਕ ਨੀ ਮੰਨੀ ਮੇਰੀ... ਜਦ ਤੁਸੀਂ ਬੇਗਾਨਿਆਂ ਦੀਆਂ ਧੀਆਂ ਨਾਲ ਇਹ ਕੁਛ ਕਰੋਗੇ ਤਾਂ ਤੁਹਾਡੀਆਂ ਧੀਆਂ ਭੈਣਾਂ ਨਾਲ ਵੀ ਉਹੋ ਕੁਛ ਹਊਗਾ..." ਪਿਤਾ ਜੀ ਮੇਰੇ ਉੱਪਰ ਗੁੱਸਾ ਕੱਢਣ ਲੱਗੇ ਸੀ।
"ਬਾਊ ਜੀ, ਤੁਸੀਂ ਗੌਰੀ ਨੂੰ ਤਾਂ ਰੇਸ਼ਮਾ ਨਾਲ ਨਾ ਮਿਲਾਈ ਜਾਓ... ਉਹ ਸਰਦਾਰਾਂ ਦੀ ਧੀ ਆ... ਜਟ ਫੈਮਲੀ ਆ... ਉਹ ਸਾਲਾ ਗੋਰੀ..."

"ਓਏ, ਬੰਦ ਕਰ ਬਕਵਾਸ... ਇਹਦੇ ਵਿਚ ਜਾਤ ਦੀ ਗੱਲ ਨਈਂ... ਇਹ ਪਰਾਏ ਘਰ ਦੀ ਧੀ ਦਾ ਮਸਲਾ ਆ... ਆਪਣੇ ਸਬੰਧਾਂ ਨੂੰ ਤਾਂ ਤੂੰ ਪਿਆਰ ਕਹਿੰਦਾ ਏਂ.... ਤੇ ਭੈਣ ਦੇ ਪਿਆਰ ਵਿਚ ਜਾਤ ਨੂੰ ਲਿਆ ਖੜ੍ਹਾ ਕਰਦਾ ਏਂ.... ਕਾਕਾ, ਜੇ ਆਪ ਆਜ਼ਾਦੀ ਮਾਣਨ ਦਾ ਚਾਅ ਹੈਗਾ ਤਾਂ ਦੂਸਰਿਆਂ ਨੂੰ ਵੀ ਆਜ਼ਾਦੀ ਦਿਓ..."

ਪਤਾ ਨਹੀਂ ਕਿਸੇ ਦੇਸ਼ ਭਗਤ ਦੇ ਨਾਲ ਆਜ਼ਾਦੀ ਅੰਦੋਲਨ ਵੇਲੇ ਕੋਈ ਜਲਸਾ-ਜਲੂਸ ਕੱਢਿਆ ਕਿ ਨਹੀਂ ਪਰ ਘਰ ਵਿਚ ਜ਼ਰੂਰ ਆਜ਼ਾਦੀ ਦਾ ਮਸਲਾ ਲੈ ਕੇ ਬਹਿ ਜਾਣਗੇ ਪਿਤਾ ਜੀ। ਅਸੀਂ ਤਿੰਨਾਂ ਭਰਾਵਾਂ ਨੇ ਗੌਰੀ ਦਾ ਕਤਲ ਕਰਨ ਦੀ ਧਮਕੀ ਦਿੱਤੀ ਤਾਂ ਜਾ ਕੇ ਪਿਤਾ ਜੀ ਨੇ ਗੌਰੀ ਦੇ ਪਿਓ ਨੂੰ ਘਰ ਸੱਦਿਆ, ਗੌਰੀ ਨੂੰ ਸੱਦਿਆ ਤੇ ਗੱਲ ਕੀਤੀ। ਸਾਰੀ ਗੱਲ ਸੱਤ-ਅੱਠ ਮਹੀਨੇ ਠੱਪ ਰਹੀ ਸੀ। ਰੇਸ਼ਮਾ ਨੂੰ ਰਿੰਕੂ ਜੰਮਿਆ ਤਾਂ ਬਹੁਤੀ ਦੇਖ ਭਾਲ ਜੱਸੀ ਨੇ ਹੀ ਕੀਤੀ। ਸੱਤਿਆ ਤੇ ਲਿੱਲ੍ਹੀ ਤਾਂ ਰੇਸ਼ਮਾ ਨਾਲ ਬਹੁਤੀਆਂ ਭਿੱਜਦੀਆਂ ਈ ਨਹੀਂ ਸੀ। ਜੇ ਉਹ ਵਿਆਹੀਆਂ ਨਾ ਹੁੰਦੀਆਂ ਉਹਨੀਂ ਤਾਂ ਰੇਸ਼ਮਾ ਦਾ ਘਰ `ਚ ਟਿਕਣਾ ਮੁਹਾਲ ਕਰ ਦੇਣਾ ਸੀ। ਦੋਨੋਂ ਹੁਣ ਤੱਕ ਰੇਸ਼ਮਾ ਦੇ ਹੱਥ ਦੀ ਪਕਾਈ ਰੋਟੀ ਨਹੀਂ ਖਾਂਦੀਆਂ। ਦੋਹਾਂ ਦਾ ਸੁਭਾਅ ਝਾਈ ਉੱਪਰ ਹੈ। ਝਾਈ ਵੀ ਆਨੇ-ਬਹਾਨੇ ਰੇਸ਼ਮਾ ਨੂੰ ਰਸੋਈ `ਚ ਖੜ੍ਹੀ ਨਹੀਂ ਹੋਣ ਦਿੰਦੀ... "ਨਈਂ ਪ ੁੱਤਰ... ਬਹੂ ੁ ਰਾਣੀ ਤੂੰ ਕਿਉਂ ਕੰਮ ਕਰੇਂ... ਮੈਂ ਜੁ ਹਾਂ... ਜਾਹ ਤੂੰ ਅੰਦਰ ਬੈਠ ਪੱਖੇ ਹੇਠ ਜਾ ਕੇ... ਤੂੰ ਤਾਂ ਦਫਤਰ ਵਿਚ ਈ ਥਕ ਜਾਂਦੀ ਏ... ਤੂੰ ਨਾ ਕਰਿਆ ਕਰ ਖਾਣ-ਪਕਾਣ ਦਾ ਕੰਮ..." ਇਨ੍ਹਾਂ ਦੀਆਂ ਇਹੋ ਜਿਹੀਆਂ ਫਰਕ ਵਾਲੀਆਂ ਗੱਲਾਂ ਕਰਕੇ ਹੀ ਤਾਂ ਰੇਸ਼ਮਾ ਨੇ ਰਿਸ਼ਵਤ ਦੇ ਕੇ ਏਸ ਸ਼ਹਿਰ ਵਿਚ ਬਦਲੀ ਕਰਾ ਲਈ ਸੀ। ਅਜੇ ਉਹ ਮਟੈਰਨਟੀ ਲੀਵ `ਤੇ ਈ ਸੀ ਜਦੋਂ ਸਮਾਨ ਚੁੱਕ ਲਿਆਂਦਾ ਸੀ। ਬੱਚੇ ਦੀ ਦੇਖ ਭਾਲ ਲਈ ਜੱਸੀ ਨੂੰ ਵੀ ਨਾਲ ਲੈ ਆਂਦਾ ਸੀ। ਉਹ ਬੀ ਏ ਕਰਕੇ ਹੁਣ ਘਰ `ਚ ਵਿਹਲੀ ਈ ਰਹਿੰਦੀ ਸੀ। ਉਹ ਚਾਹੁੰਦੀ ਸੀ ਬੀ.ਐੱਡ ਕਰਨ ਲਈ ਜਲੰਧਰ ਦਾਖਲਾ ਲੈ ਲਵੇ ਪਰ ਝਾਈ ਤੇ ਸੱਤਿਆ ਭੈਣ ਨੇ ਬਹੁਤ ਵਿਰੋਧ ਕੀਤਾ ਸੀ..."ਫੇ ਬਦਨਾਮੀ ਹੋਣੀ ਆਂ... ਫੇ ਉਹੀ ਰੰਡੀ-ਰੋਣਾ ਸ਼ੁਰੂ ਹੋ ਜਾਣਾ... ਚੁੱਪ ਕਰਕੇ ਬੈਠੇ ਉਹ ਘਰ `ਚ ਹੀ"

ਤੇ ਫਿਰ ਅਚਾਨਕ ਪਤਾ ਲੱਗਾ ਸੀ ਕਿ ਜੱਸੀ ਤੇ ਰੇਸ਼ਮਾ ਇਕ ਦਿਨ ਗੌਰੀ ਨੂੰ ਮਿਲੀਆਂ ਸੀ। ਫਿਰ ਗੌਰੀ ਦੂਜੇ ਤੀਜੇ ਹਫਤੇ ਸ਼ਹਿਰ ਵਿਚ ਆਉਂਦਾ ਸੀ ਤੇ ਰੇਸ਼ਮਾ ਕੋਲ ਆ ਕੇ ਉਹਦੇ ਰਾਹੀਂ ਜੱਸੀ ਨੂੰ ਮਿਲ ਕੇ ਜਾਂਦਾ ਸੀ। ਇਹ ਗੱਲ ਪਤਾ ਨਹੀਂ ਕਿਵੇਂ ਘਰ ਝਾਈ ਤੱਕ ਵੀ ਜਾ ਪਹੁੰਚੀ ਸੀ ਤੇ ਝਾਈ ਕੋਲੋਂ ਸਤਿਆ ਤੱਕ। ਜਦੋਂ ਮੈਂ ਘਰ ਗਿਆ ਸੀ ਤਾਂ ਸੱਤਿਆ ਭੈਣ ਕਿਵੇਂ ਵਧ ਘੱਟ ਬੋਲੀ ਸੀ, "ਉਹ ਦੂਜੀ ਜਾਤ ਦੀ ਆ ਨਾ... ਏਸੇ ਕਰਕੇ ਸਾਡੇ ਤੋਂ ਬਦਲਾ ਲੈ ਰਹੀ ਆ... ਉਹ ਸ਼ਹਿ ਦਿੰਦੀ ਆ ਜੱਸੀ ਨੂੰ ... ਆਪ ਮਿਲਾਉਂਦੀ ਆ ਨਾਲ ਹੋ ਕੇ... ਸਾਡੀ ਤਾਂ ਜਾਤ ਈ ਭ੍ਰਿਸ਼ਟ ਕਰ ਦਿੱਤੀ ਆ ਭਾ ਜੀ ਤੇਰੀ ਏਸ ਸਰਦਾਰਨੀ ਨੇ..."

"ਨਾਸ਼ਤਾ ਠੰਡਾ ਹੋ ਰਿਹਾ ਭਾਜੀ... ਲੈ ਲਓ ਆ ਕੇ"

ਰਸੋਈ ਵਿਚੋਂ ਜੱਸੀ ਦੀ ਅਵਾਜ਼ ਆਈ ਤਾ ਬਾਬੂ ਅਤਰੀ ਕਾਹਲੀ ਕਾਹਲੀ ਮੂੰਹ ਸਾਫ ਕਰਨ ਲੱਗਾ।

.......................

ਬਾਬੂ ਅਤਰੀ ਨਾਸ਼ਤੇ ਵਾਲੀ ਪਲੇਟ ਤੇ ਕੱਪ ਚੁੱਕੀ ਬਾਹਰ ਵਿਹੜੇ ਵਿਚ ਆ ਗਿਆ। ਤੇਜ਼ ਧੁੱਪ ਵਿਚ ਆਲਾ-ਦੁਆਲਾ ਉਹਨੂੰ ਨਿੱਘਾ-ਨਿੱਘਾ ਲੱਗਾ। ਸਾਹਮਣੇ ਖੇਤਾਂ ਤੋਂ ਪਾਰ ਭੱਠੇ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲ ਰਿਹਾ ਸੀ, ਜਿਹਨੇ ਖੱਬੇ ਹੱਥ ਉੱਚੇ ਸਫੈਦਿਆਂ ਦੇ ਰੁੱਖਾਂ ਉੱਪਰ ਇਕ ਲੰਮੀ ਤਹਿ ਵਿਛਾ ਦਿੱਤੀ ਸੀ। ਇਕ ਪਾਸੇ ਦੂਰ ਪਿੰਡ ਦੇ ਘਰ ਦਿਸ ਰਹੇ ਸਨ, ਗੁਰਦੁਆਰੇ ਦਾ ਚਿੱਟਾ ਗੁੰਬਦ ਚਮਕ ਰਿਹਾ ਸੀ। ਸੱਜੇ ਹੱਥ, ਸੜਕ ਤੋਂ ਪਾਰ ਸ਼ਿਵਾਲੇ ਵਾਲਿਆਂ ਨੇ ਗਊਆਂ ਖੁੱਲ੍ਹੀਆਂ ਛੱਡ ਕੇ ਉਨ੍ਹਾਂ ਅੱਗੇ ਪੱਠੇ ਸੁੱਟ ਦਿੱਤੇ ਸਨ। ਸ਼ਿਵਾਲੇ ਦੇ ਨੇੜੇ ਸਕੂਲ ਦੇ ਬੱਚੇ ਗਰਾਊਂਡ ਵਿਚ ਖੇਡ ਰਹੇ ਸੀ। ਸਕੂਲ ਦੇ ਪਾਰ ਕਸਬੇ ਦੀ ਸੰਘਣੀ ਅਬਾਦੀ ਦਿਸ ਰਹੀ ਸੀ। ਇਸੇ ਘੜੀ ਦੂਰ ਸੰਘਣੀ ਦਰੱਖਤਾਂ ਦੀ ਝਿੜੀ ਤੋਂ ਪਾਰ, ਰੇਲਵੇ ਲਾਈਨ ਉੱਪਰ ਆਉਂਦੀ ਗੱਡੀ ਬਾਬੂ ਅਤਰੀ ਨੂੰ ਦਿਸੀ 'ਹੈਂ, ਦਸ ਵਜ ਰਹੇ ਆ... ਰੇਸ਼ਮਾ ਨੇ ਦਸ ਵਜੇ ਦਾ ਸਮਾਂ ਹੀ ਦੱਸਿਆ ਸੀ... ਠੀਕ ਟਾਈਮ ਨਾਲ ਜੱਸੀ ਨੇ ਨਾਸ਼ਤਾ ਬਣਾ ਕੇ ਦਿੱਤਾ, ਪਈ ਇਹ ਵੇਲੇ ਸਿਰ ਤਿਆਰ ਹੋ ਕੇ ਰਹੇ... ਪਰ ਨਈਂ, ਜੱਸੀ ਤਾਂ ਰੋਜ਼ ਈ ਏਸੇ ਤਰ੍ਹਾਂ ਆ ਕੇ......। ਦੇਖੋ ਭਾਜੀ ਗੌਰੀ ਨਾਲ ਕੀ ਗੱਲ ਨਬੇੜਦਾ ਹੈ... ਮੈਂ ਕੀ ਗੱਲ ਨਬੇੜਾਂ... ਜੱਸੀ ਗੌਰੀ ਦੇ ਨਾਲ ਚਲੀ ਜਾਵੇ... ਤੋਬਾ ਤੋਬਾ, ਇਹ ਤਾਂ ਸੋਚ ਹੀ ਮੇਰੇ ਜ਼ਿਹਨ `ਚ ਨਈਂ ਸਮਾ ਰਹੀ... ਪਰ ਰੇਸ਼ਮਾ... ਰੇਸ਼ਮਾ ਵੀ ਕੀ ਕਰੇ... ਬਹੁਤ ਅਹਿਸਾਨ ਨੇ ਜੱਸੀ ਦੇ ਰੇਸ਼ਮਾ ਉੱਪਰ। ਕਿੱਦਾਂ ਝਾਈ ਨੇ ਤੋੜ ਕੇ ਜਵਾਬ ਦੇ ਦਿੱਤਾ ਸੀ ਜਦੋਂ ਉਹਨੂੰ ਏਥੇ ਆ ਕੇ ਬੱਚੇ ਨੂੰ ਸੰਭਾਲਣ ਲਈ ਕਿਹਾ ਸੀ... "ਮੈਂ ਉਹਦੀ ਨੌਕਰਾਣੀ ਆਂ... ਉਹਨੂੰ ਕਹਿ ਆਪਣੀ ਮਾਂ ਨੂੰ ਸੱਦ ਲਵੇ ਜਾਂ ਉਹਦੀ ਭਰਜਾਈ ਨੂੰ ਆਖ..."

"ਅਤਰੀ, ਏਥੋਂ ਕੋਈ ਨੀ ਤੇਰੇ ਨਾਲ ਜਾਣ ਲੱਗਾ.... ਵਹੁਟੀ ਲਈ ਕੋਈ ਨੌਕਰਾਣੀ ਰੱਖ ਲੈ... ਕਿਉਂ ਕਲੇਸ਼ ਕਰਦਾ ਇਨ੍ਹਾਂ ਨਾਲ।" ਬਾਊ ਜੀ ਨੇ ਰਾਹ ਦੱਸਿਆ ਸੀ।

"ਚਲੋ ਭਾਜੀ ਮੈਂ ਚਲਦੀ ਆਂ..." ਜੱਸੀ ਤਿਆਰ ਹੋ ਗਈ ਸੀ। ਸਹੁਰਿਆਂ ਤੋਂ ਆਈ ਸੱਤਿਆ ਭੈਣ ਖਿਝ ਗਈ ਸੀ-"ਹਾਂ ਇਹਨੂੰ ਲੈ ਜਾ ਵੇ... ਇਹ ਦਾਦੀ ਮਾਂ ਜੁ ਹੋਈ... ਪ੍ਰਧਾਨ ਵੱਡੀ-"

ਘਰ ਵਿਚ ਭਾਂਡੇ ਮਾਂਜਣੇ, ਛੋਟੇ ਵੱਡੇ ਕੱਪੜੇ ਧੋਣੇ, ਬਾਹਰ ਅੰਦਰ ਦੀਆਂ ਸਫਾਈਆਂ, ਰੋਟੀ ਦਾ ਸਾਰਾ ਕੰਮ, ਬਾਜ਼ਾਰ ਦਾ ਵੀ ਬਹੁਤਾ ਕੰਮ ਆਪ ਹੀ ਜੱਸੀ ਨੇ ਕਰਨਾ। ਰਾਤ ਦਿਨ ਨਿੱਕੇ ਜਿਹੇ ਬੱਚੇ ਨੂੰ ਸਾਂਭਣਾ ਕਿਹੜਾ ਸੌਖਾ ਹੁੰਦੈ... ਦਫਤਰ ਤੋਂ ਥੱਕੀ ਰੇਸ਼ਮਾ ਨੂੰ ਤਾਂ ਹੋਸ਼ ਨਾ ਰਹਿੰਦੀ... ਜੱਸੀ ਹੀ ਬੱਚੇ ਨੂੰ ਸਾਂਭਦੀ, ਉਹਦੀ ਸਾਫ-ਸਫਾਈ ਕਰਦੀ।

ਤੇ ਅਚਾਨਕ ਇਕ ਦਿਨ ਉਹ ਗੱਲ ਹੋ ਗਈ ਜਿਹਦੇ ਬਾਰੇ ਕਈ ਮਹੀਨਿਆਂ ਤੋਂ ਮੈਂ ਕਦੇ ਸੋਚਿਆ ਹੀ ਨਹੀਂ ਸੀ। ਮੈਨੂੰ ਸ਼ਰਾਬ ਲਈ ਪੈਸੇ ਚਾਹੀਦੇ ਸੀ। ਰੇਸ਼ਮਾ ਦੇ ਪਰਸ ਵਿਚੋਂ ਪੈਸੇ ਕੱਢਣ ਲੱਗਾ ਤਾਂ ਵਿਚੋਂ ਚਿੱਠੀ ਦੇਖ ਲਈ। ਮੈਂ ਗੌਰੀ ਦੀ ਲਿਖਾਈ ਝੱਟ ਪਛਾਣ ਲਈ। ਮੈਂ ਰੇਸ਼ਮਾ ਨੂੰ ਪੁੱਛਿਆ ਤਾਂ ਉਹ ਕਾਹਲੀ ਵਿਚ ਬੋਲੀ, "ਮੈਂ ਤੁਹਾਡੇ ਲਈ ਈ ਰੱਖੀ ਸੀ, ਦਫਤਰੋਂ ਆ ਕੇ ਬਾਜ਼ਾਰ ਚਲੀ ਗਈ, ਚੇਤਾ ਈ ਭੁੱਲ ਗਿਆ ਸੀ।"

"ਦੇਖੋ ਜੱਸੀ ਨੀ ਰੁਕਣ ਵਾਲੀ... ਚਲੀ ਗਈ ਤਾਂ ਬੜੀ ਬਦਨਾਮੀ ਹੋਏਗੀ... ਮੈਂ ਕਹਿੰਦੀ ਆਂ ਚੁੱਪ ਕਰਕੇ ਗੱਲ ਮੁਕਾਓ ਤੇ ਕੋਰਟ ਮੈਰਿਜ ਕਰ ਦਿਓ... ਮੇਰੀ ਤਾਂ ਆਖਰੀ ਗੱਲ ਆ... ਕੱਲ੍ਹ ਆਵੇਗਾ ਤਾਂ ਗੱਲ ਮੁਕਾ ਲਓ..."

..........................

"ਭਾ ਜੀ ਇਹ ਕੀ ਕਰਦੇ ਆਂ.... ਤੁਸੀਂ ਤਾਂ ਕਹਿੰਦੇ ਸੀ ਅੱਜ ਨਈਂ ਮੈਂ ਪੀਣੀ..." ਪੋਚਾ ਫੇਰਨ ਲਈ ਜੱਸੀ ਬੈਠਕ ਅੰਦਰ ਆਈ ਤਾਂ ਅਤਰੀ ਨੂੰ ਸ਼ਰਾਬ ਪੀਂਦਿਆਂ ਦੇਖ ਕੇ ਦੁਖੀ ਹੋ ਗਈ। "ਰਾਤੀਂ ਤੁਸੀਂ ਐਨੀ ਪੀਤੀ ਸੀ ਕਿ ਡਿੱਗ ਕੇ ਮੂੰਹ `ਤੇ ਸੱਟ ਵੀ ਲੁਆ ਲਈ..."

"ਜਾਹ ਤੂੰ ਸੇਬ ਕੱਟ ਕੇ ਲਿਆ ਦੇ... ਜਾਹ ਸ਼ਾਬਾਸ਼ੇ" ਦੋ ਪੈੱਗ ਪੀਣ ਨਾਲ ਹੀ ਅਤਰੀ ਨੂੰ ਨਸ਼ਾ ਹੋ ਗਿਆ ਸੀ।

ਇਸੇ ਪਲ ਬਾਹਰ ਕਿਸੇ ਨੇ ਪੌੜੀਆਂ ਵਿਚ ਆਵਾਜ਼ ਮਾਰੀ। ਜੱਸੀ ਨੇ ਅੱਗੇ ਵਧ ਕੇ ਹੇਠਾਂ ਦੇਖਿਆ, ਭਰਜਾਈ ਦੇ ਦਫਤਰ ਵਾਲੀ ਮਾਈ ਕੈਲਾਸ਼ੋ ਸੀ। "ਗੁੱਡੀ, ਤੁਹਾਡੇ ਗੈਸਟ ਆ ਗਏ ਆ, ਮੈਡਮ ਤੇ ਉਹ ਥੋੜ੍ਹੀ ਦੇਰ ਤੱਕ ਘਰ ਈ ਆ ਜਾਣਗੇ..."

ਜੱਸੀ ਨੂੰ ਤਾਂ ਖੁਸ਼ੀ ਹੋਣੀ ਹੀ ਸੀ। ਉਹਨੇ ਦੋਨਾਂ ਕਮਰਿਆਂ ਵਿਚ ਨਜ਼ਰ ਦੁੜਾ ਕੇ, ਜੋ ਕੁਝ ਠੀਕ ਕਰਨ ਵਾਲਾ ਲੱਗਾ ਠੀਕ ਕੀਤਾ। ਬੋਤਲ ਵਿਚ ਦੁੱਧ ਪਾ ਕੇ ਰਿੰਕੂ ਦੇ ਮੂੰਹ ਨੂੰ ਲਾਈ ਤੇ ਫਿਰ ਟੀ. ਵੀ. ਅੱਗੇ ਆ ਬੈਠੀ।

ਬਾਬੂ ਅਤਰੀ ਸਿਗਰਟ ਪੀਣ ਲੱਗਾ ਤੇ ਬਾਹਰ ਛੱਤ ਉੱਪਰ ਆ ਗਿਆ। ਗੌਰੀ ਉਹਨੂੰ ਨਸ਼ਾ ਨਹੀਂ ਸੀ ਚੜ੍ਹਨ ਦੇ ਰਿਹਾ। ਉਹਦੇ ਦਿਮਾਗ ਅੰਦਰ, ਉਹਦੀਆਂ ਅੱਖਾਂ ਵਿਚ, ਉਹਦੇ ਖ਼ਿਆਲਾਂ ਵਿਚ ਗੌਰੀ ਹੀ ਘੁੰਮੀ ਜਾ ਰਿਹਾ ਸੀ। ਉਹਦਾ ਦਿਲ ਨਹੀਂ ਸੀ ਕਰਦਾ ਕਿ ਉਹ ਗੌਰੀ ਦਾ ਸਾਹਮਣਾ ਕਰੇ, ਉਹਦੇ ਮੱਥੇ ਨਹੀਂ ਸੀ ਲਗਣਾ ਚਾਹੁੰਦਾ ਪਰ ਹੁਣ ਕਰਦਾ ਵੀ ਕੀ, ਉਹਨੇ ਆਪ ਹੀ ਤਾਂ ਇਹ ਫੈਸਲਾ ਕੀਤਾ ਸੀ, ਰੋਜ਼ ਰੋਜ਼ ਦੀ ਬਦਨਾਮੀ ਤੋਂ ਡਰ ਕੇ ਮਜਬੂਰਨ ਇਹੋ ਸੋਚਿਆ ਸੀ ਕਿ ਜੇ ਜੱਸੀ ਨਹੀਂ ਹਟ ਰਹੀ ਤਾਂ ਗੌਰੀ ਨਾਲ ਸਾਰੀ ਗੱਲ ਸਾਫ ਸਾਫ ਕਰਕੇ ਇਹ ਸਿਆਪਾ ਖ਼ਤਮ ਕੀਤਾ ਜਾਵੇ।

"ਭਾ ਜੀ, ਆ ਜੋ ਥੱਲੇ...ਭਾਬੀ ਜੀ ਆ ਗਏ।"

ਜੱਸੀ ਦੇ ਖਿੜੇ ਚਿਹਰੇ ਵੱਲ ਦੇਖ ਕੇ ਬਾਬੂ ਅਤਰੀ ਦੀਆਂ ਅੱਖਾਂ ਵਿਚ ਜਲਨ ਜਿਹੀ ਹੋਈ। ਉਹ ਹੌਲੀ ਹੌਲੀ ਤੁਰਦਾ ਬੂਹੇ ਤੱਕ ਆ ਗਿਆ। ਗੌਰੀ ਕੁਰਸੀ `ਤੇ ਬੈਠਾ ਸੀ, ਕੋਲ ਹੀ ਰੇਸ਼ਮਾ ਬੈਠੀ ਸੀ। ਬਾਬੂ ਅਤਰੀ ਅੰਦਰ ਆਇਆ ਤਾ ਗੌਰੀ ਨੇ ਉੱਠ ਕੇ ਨਮਸਤੇ ਬੁਲਾਈ, ਹੱਥ ਮਿਲਾਉਣ ਲਈ ਉਹ ਅੱਗੇ ਨਹੀਂ ਵਧਿਆ। ਬਾਬੂ ਅਤਰੀ ਦੀਵਾਨ ਉੱਪਰ ਹੀ ਬਹਿ ਗਿਆ।

"ਗੌਰੀ, ਤੂੰ ਬਈ ਚਾਹੁੰਦਾ ਕੀ ਐਂ? ਕਿਉਂ ਨਈਂ ਕੁੜੀ ਦਾ ਪਿੱਛਾ ਛੱਡਦਾ... ਕਿਉਂ ਤੂੰ ਸਖਤ ਕਦਮ ਚੁੱਕਣ ਲਈ ਮਜਬੂਰ ਕਰਦੈਂ" ਬਾਬੂ ਅਤਰੀ ਬੜੇ ਤਣਾਓ ਵਿਚ ਕਦੇ ਗੌਰੀ ਤੇ ਕਦੇ ਰੇਸ਼ਮਾ ਵੱਲ ਦੇਖਦਾ ਬੋਲਿਆ।

"ਜਿਹੜੀ ਗੱਲ ਕਰਨ ਲਈ ਤੁਸੀਂ ਮੈਨੂੰ ਸੱਦਿਆ, ਉਹ ਗੱਲ ਕਰੋ... ਇਹ ਧਮਕੀਆਂ ਡਰਾਵੇ ਤਾਂ ਦੋ ਢਾਈ ਸਾਲ ਤੋਂ ਚੱਲ ਈ ਰਹੇ ਆ..." ਇਹੋ ਗੱਲ ਈ ਰੇਸ਼ਮਾ ਕਰਨ ਲੱਗੀ ਸੀ ਕਿ ਗੌਰੀ ਬੋਲ ਪਿਆ ਸੀ। "ਮੈਂ ਝਗੜਾ ਕਰਨ ਨਈਂ ਆਇਆ... ਜੱਸੀ ਨੂੰ ਬੁਲਾ ਲਓ ਅਸੀਂ ਫੈਸਲਾ ਦੱਸ ਦਿੰਦੇ ਆਂ।"

"ਕਾਹਦਾ ਫੈਸਲਾ...?"

"ਐਹੋ, ਮੈਰਿਜ ਬਾਰੇ।"

"ਤੂੰ ਕਰਾਏਂਗਾ ਮੈਰਿਜ?" ਬਾਬੂ ਅਤਰੀ ਨੂੰ ਅੰਦਰੇ-ਅੰਦਰ ਕਰੋਧ ਨੇ ਸਾੜ ਦਿੱਤਾ। ਉਹਦੇ ਜ਼ਿਹਨ ਵਿਚ ਜ਼ਹਿਰ ਚੜ੍ਹਨ ਲੱਗਾ...'ਇਹ ਕੁੱਤਾ ਮੇਰੀ ਭੈਣ ਨਾਲ ਮੈਰਿਜ ਕਰਾਏਗਾ... ਸਾਰੇ ਮੁਹੱਲੇ ਦਾ ਗੰਦ ਸਿਰ ਉੱਪਰ ਢੋਂਦੇ ਮਾਂ ਪਿਓ ਬੁੱਢੇ ਹੋ ਗਏ... ਮੰਗ ਮੰਗ ਇਹ ਤਨ ਢਕਦੇ ਰਹੇ ਹੁਣ ਤੱਕ... ਨੀਚ ਸਾਲਾ... ਮੇਰੇ ਸਾਹਮਣੇ ਬਹਿ ਕੇ ਸਾਡੀ ਧੀ ਨੂੰ ਵਿਆਹ ਕੇ ਲੈ ਜਾਣ ਬਾਰੇ ਗੱਲ ਕਰਦਾ ਪਿਆ...` ਉਹ ਗੁੱਸੇ ਵਿਚ ਬੋਲਿਆ, "ਚੱਲ ਕਰ ਫਿਰ ਮੈਰਿਜ... ਮੈਂ ਦੇਖਾਂਗਾ ਤੈਨੂੰ ਸੂਰਮੇ ਨੂੰ..."

"ਤੁਸੀਂ ਇਕੱਲੇ ਹੀ ਕਿਉਂ ਸਾਰਾ ਜਹਾਨ ਦੇਖੇਗਾ...ਇਹ ਤਾਂ ਰਸਮ ਹੀ ਐਸੀ ਆ।" ਕਹਿ ਕੇ ਗੌਰੀ ਨੇ ਪਹਿਲਾਂ ਬਾਬੂ ਅਤਰੀ ਵੱਲ ਦੇਖਿਆ ਫਿਰ ਰੇਸ਼ਮਾ ਵੱਲ।

"ਬੱਚੂ...ਓਸ ਦਿਨ ਤੈਨੂੰ ਮੈਂ ਸ਼ੂਟ ਕਰ ਦਿਆਂਗਾ ਜਿਸ ਦਿਨ ਇਹ ਕੰਮ ਤੂੰ ਕੀਤਾ।"
"ਤੁਸੀਂ ਹੌਲੀ ਬੋਲੋ ਤਾਂ... ਦੁਹਾਈ ਕਿਉਂ ਪਾਉਂਦੇ ਆਂ... ਤੁਹਾਡੇ ਕੋਲੋਂ ਅਰਾਮ ਨਾਲ ਨੀ ਗੱਲ ਕੀਤੀ ਜਾਂਦੀ।" ਰੇਸ਼ਮਾ ਨੇ ਵਿਚ ਦਖਲ ਦਿੱਤਾ। ਬਾਬੂ ਅਤਰੀ ਨੇ ਦੋਹਾਂ ਵੱਲ ਚੀਰਵੀਂ ਨਜ਼ਰ ਸੁੱਟੀ
"ਭਾ ਜੀ ਮੈਂ ਲੜਨ ਲਈ ਏਥੇ ਨਈਂ ਆਇਆ... ਮੈਂ ਗੱਲ ਮੁਕਾਉਣ ਆਇਆ ਤਾਂ ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਆਂ... ਏਸੇ ਗੱਲ ਕਰਕੇ ਤੁਸੀਂ ਉਹਨੂੰ ਪ੍ਰੇਸ਼ਾਨ ਕਰਦੇ ਓ... ਉਹਨੂੰ ਅੱਗੇ ਪੜ੍ਹਾਈ ਨਈਂ ਕਰਨ ਦਿੱਤੀ..."
"ਓਏ ਤੂੰ ਕੌਣ ਹੁੰਦੈ ਉਹਦੇ ਕੈਰੀਅਰ ਦਾ ਖਿਆਲ ਕਰਨ ਵਾਲਾ... ਤੇਰਾ ਪਿਆਰ-ਪਿਊਰ ਸਭ ਫਰੇਬ ਆ। ਮੈਂ ਚਾਹਾਂ ਤਾਂ ਤੈਨੂੰ ਇੱਥੇ ਹੀ ਅਰੈਸਟ ਕਰਵਾ ਦਿਆਂਗਾ... ਮੈਂ ਪੁਲਿਸ ਵਾਲਿਆਂ ਨਾਲ ਵੀ ਗੱਲ ਕਰ ਰੱਖੀ ਆ..."
"ਚਲੋ ਐਂ ਈ ਕਰ ਲਓ... ਸ਼ਾਇਦ ਏਦਾਂ ਕਰਨ ਨਾਲ ਈ ਤੁਹਾਡੀ ਸ਼ੋਭਾ ਵਧੇ।"
"ਚਲ ਗੌਰੀ ਚੁੱਪ ਕਰ ਤੂੰ... ਗੁੱਸਾ ਨਈ ਕਰਨਾ ਇਨ੍ਹਾਂ ਦਾ... ਵੱਡੇ ਭਰਾਵਾਂ ਵਾਂਗ ਈ ਆ..." ਰੇਸ਼ਮਾ ਨੇ ਗੱਲ ਕੀਤੀ ਤਾਂ ਇਸੇ ਘੜੀ ਨਾਲ ਵਾਲੇ ਕਮਰੇ ਵਿਚ ਬੱਚੇ ਦੇ ਰੋਣ ਦੀ ਆਵਾਜ਼ ਆਈ ਰੇਸ਼ਮਾ ਉੱਠ ਕੇ ਦੂਸਰੇ ਕਮਰੇ ਵੱਲ ਚਲੀ ਗਈ। ਰੇਸ਼ਮਾ ਦੇ ਨਾਲ ਜੱਸੀ ਵੀ ਚਾਹ ਵਾਲੀ ਟਰੇਅ ਚੁੱਕੀ ਕਮਰੇ ਅੰਦਰ ਆਈ। ਟਰੇਅ ਮੇਜ਼ ਉੱਤੇ ਰੱਖਣ ਲੱਗੀ ਜੱਸੀ ਨੇ ਗੌਰੀ ਨਾਲ ਨਜ਼ਰ ਮਿਲਾਈ।
"ਜੱਸੀ ਤੂੰ ਕੀ ਚਾਹੁੰਦੀ ਆਂ." ਬਾਬੂ ਅਤਰੀ ਤਲਖ਼ੀ ਵਿਚ ਬੋਲਿਆ।
ਜੱਸੀ ਰਤਾ ਕੁ ਤ੍ਰਬਕੀ ਤੇ ਹੱਥ ਵਿਚ ਫੜਿਆ ਕੱਪ ਕੰਬ ਗਿਆ, ਉਹਨੇ ਰੇਸ਼ਮਾ ਵੱਲ ਦੇਖਿਆ ਤੇ ਨੀਵੀਂ ਪਾ ਲਈ।
"ਜੱਸੀ ਬੋਲੀ ਨਈਂ... ਮੈਂ ਪੁੱਛਦਾਂ ਤੂੰ ਕੀ ਚਾਹੁੰਦੀ ਆਂ?"
"ਮੈਨੂੰ ਨੀ ਪਤਾ..." ਗੁੱਸੇ ਵਿਚ ਜੱਸੀ ਨੇ ਬਿਸਕੁਟਾਂ ਵਾਲੀ ਪਲੇਟ ਠਾਹ ਕਰਦੀ ਮੇਜ਼ `ਤੇ ਰੱਖੀ ਤੇ ਖਾਲੀ ਟਰੇਅ ਲੈ ਕੇ ਚਲੀ ਗਈ।
"ਰੇਸ਼ਮਾ ਮੇਰਾ ਨੀ ਖ਼ਿਆਲ ਜੱਸੀ ਮੰਨੇ...ਉਹਦੀਆਂ ਅੱਖਾਂ ਅੱਗੋਂ ਪਰਦਾ ਹੁਣ ਹਟ ਚੁੱਕੈ... ਬੱਚਾ ਗਲਤੀ ਕਰ ਲੈਂਦਾ... ਜਦੋਂ ਉਹਨੂੰ ਪਤਾ ਲੱਗ ਜਾਏ ਕਿ ਗਲਤੀ ਹੋ ਗਈ ਸੀ ਉਹ ਸੁਧਾਰ ਵੀ ਤਾਂ ਕਰ ਲੈਂਦਾ... ਹੁਣ ਇਹ ਕੰਮ ਨੀ ਹੋ ਸਕਦਾ... ਗੌਰੀ ਤੂੰ ਚਾਹ ਪੀ ਤੇ ਆਪਣੇ ਘਰ ਬਹਿ ਜਾ ਕੇ... ਜੇ ਤੂੰ ਹੁਣ ਵੀ ਨਾ ਹਟਿਆ ਤਾਂ ਅਸੀਂ ਤੇਰਾ ਬੁਰਾ ਹਾਲ ਕਰਾਂਗੇ..." ਬਾਬੂ ਅਤਰੀ ਫਿਰ ਤੈਸ਼ ਵਿਚ ਆਉਣ ਲੱਗਾ।
"ਮੈਂ ਜੱਸੀ ਨੂੰ ਬੁਲਾਉਂਦੀ ਆਂ... ਉਹਦੇ ਨਾਲ ਠੀਕ ਤਰ੍ਹਾਂ ਗੱਲ ਕਰੋ... ਏਸੇ ਗੱਲ ਕਰਕੇ ਤਾਂ ਗੌਰੀ ਨੂੰ ਸੱਦਿਆ... ਇਹ ਰੋਜ਼ ਦੀ ਪ੍ਰੇਸ਼ਾਨੀ ਮੁਕਾਓ... ਇੱਧਰ ਜਾਂ ਉੱਧਰ ਗੱਲ ਕਰੋ..." ਰੇਸ਼ਮਾ ਨੇ ਵੀ ਤਲਖੀ ਵਿਚ ਗੱਲ ਕੀਤੀ ਤੇ ਜੱਸੀ ਨੂੰ ਆਵਾਜ਼ ਮਾਰੀ।
ਜੱਸੀ ਰੋ ਰਹੀ ਸੀ। ਉਹ ਆ ਕੇ ਦਰਵਾਜ਼ੇ ਦੇ ਨਾਲ ਹੀ ਖੜ੍ਹੀ ਹੋ ਗਈ।
"ਜੱਸੀ, ਬਈ ਤੂੰ ਗੱਲ ਕਲੀਅਰ ਕਰ... ਸ਼ਬਾਸ਼ੇ" ਰੇਸ਼ਮਾ ਨੇ ਉਹਨੂੰ ਕੋਲ ਸੱਦਦਿਆਂ ਪੁਚਕਾਰ ਨੇ ਕਿਹਾ।
"ਭਾਬੀ ਜੀ, ਗੱਲ ਕੀ ਕਲੀਅਰ ਕਰਨੀ ਆਂ... ਭਾਜੀ ਤਾਂ ਜਾਣ ਕੇ ਜ਼ਲੀਲ ਕਰਦੇ ਆ... ਸਾਰੀ ਗੱਲ ਹੋ ਚੁੱਕੀ ਆ... ਨਾਲੇ ਘਰ ਸੱਦ ਲਿਆ, ਹੁਣ ਬੇਇੱਜ਼ਤੀ ਕਰਦੇ ਆ..." ਜੱਸੀ ਫਿਰ ਰੋਣ ਲੱਗ ਪਈ ਤੇ ਕਮਰੇ `ਚੋਂ ਬਾਹਰ ਚਲੀ ਗਈ।
ਬਾਬੂ ਅਤਰੀ ਜੱਸੀ ਦੀ ਗੱਲ ਤੋਂ ਖਿਝ ਗਿਆ।

ਗਲੀ ਤੋਂ ਪਾਰਲੇ ਘਰ ਦੀ ਛੱਡ ਉੱਤੋਂ ਇਕ ਔਰਤ ਨੇ ਆਵਾਜ਼ ਮਾਰੀ, "ਰੇਸ਼ਮ... ਇਹ ਰੇਸ਼ਮ..." ਰੇਸ਼ਮਾ ਬਾਹਰ ਆਈ," ਜਲੰਧਰ ਤੋਂ ਫੋਨ ਆਂ... ਤੇਰੀ ਸੱਸ ਆ, ਕਹਿੰਦੀ ਆ ਰੇਸ਼ਮ ਨੂੰ ਹੀ ਬੁਲਾਓ..." ਰੇਸ਼ਮਾ ਉਹਨੀਂ ਪੈਰੀਂ ਟੈਲੀਫੋਨ ਸੁਣਨ ਤੁਰ ਪਈ।

"ਚੱਲ ਫੇ ਨਿਕਲ ਏਥੋਂ... ਐਵੇਂ ਬਕਵਾਸ ਕਰਦੀ ਆ" ਬਾਬੂ ਅਤਰੀ ਤੈਸ਼ ਵਿਚ ਆ ਗਿਆ, ਉਹ ਗੌਰੀ ਵੱਲ ਦੇਖਦਾ ਬੋਲਿਆ, "ਲੈ ਜਾ ਏਥੋਂ ਇਹਨੂੰ...ਓਥੇ ਜਾ ਕੇ ਇਹਦੀ ਮਾਂ ਵਾਲਾ ਝਾੜੂ ਫੜ ਲਈਂ ਤੇ ਤੁਰ ਪਈਂ ਗਲੀਆਂ ਵਿਚ..."

"ਮੂੰਹ ਸੰਭਾਲ ਕੇ ਗੱਲ ਕਰੋ... ਜ਼ਬਾਨ ਨੂੰ ਲਗਾਮ ਦਿਓ... ਤੁਹਾਡੇ ਘਰ `ਚ ਖੜ੍ਹਾਂ ਤਾਂ ਇਹਦਾ ਇਹ ਮਤਲਬ ਨਈਂ ਜੋ ਮਰਜ਼ੀ ਆ ਭੌਂਕੀ ਜਾਓ... ਮੈਂ ਤੁਹਾਡੀ ਸਿਰੀ ਮਰੋੜ ਕੇ ਰੱਖ ਦਊਂ ਜੇ ਇਹਨਾਂ ਗੱਲਾਂ `ਤੇ ਉਤਰ ਆਏ ਤਾਂ..." ਗੌਰੀ ਤਪ ਕੇ ਬਲਣ ਲੱਗਾ ਤੇ ਖੜ੍ਹਾ ਹੁੰਦਾ ਬੋਲਿਆ, "ਜੱਸੀ, ਮੈਂ ਨੀ ਇਹ ਗੱਲਾਂ ਸੁਣ ਸਕਦਾ... ਐਡੇ ਗੰਦੇ ਇਨਸਾਨ ਨਾਲ ਮੈਂ ਗੱਲ ਈ ਨੀ ਕਰਨੀ..." ਫਰਸ਼ `ਤੇ ਪੈਰ ਪਟਕਦਾ, ਗੁੱਸੇ ਵਿਚ ਕੰਬਦਾ ਗੌਰੀ ਫਟਾ-ਫਟ ਪੌੜੀਆਂ ਉਤਰ ਗਿਆ।

ਕਮਰਾ ਖਾਲੀ ਹੋਇਆ ਤਾਂ ਬਾਬੂ ਅਤਰੀ ਨੂੰ ਸੌਖਾ ਜਿਹਾ ਸਾਹ ਆਇਆ। ਪਲੇਟ `ਚੋਂ ਬਿਸਕੁਟ ਚੁੱਕ ਕੇ ਖਾਣ ਲੱਗਾ। ਅਚਾਨਕ ਉੱਠ ਪਿਆ ਜਿਵੇਂ ਕੁਝ ਯਾਦ ਆ ਗਿਆ ਹੋਵੇ, ਅਲਮਾਰੀ ਵਿਚੋਂ ਬੋਤਲ ਕੱਢੀ ਤੇ ਮੂੰਹ ਨੂੰ ਲਾ ਲਈ।

ਰੇਸ਼ਮਾ ਜਦੋਂ ਵਾਪਸ ਆਈ ਤਾਂ ਉੱਪਰ ਚੁੱਪ ਪਸਰੀ ਦੇਖ ਕੇ ਉਹਦਾ ਮੱਥਾ ਠਣਕਿਆ। ਸਾਹ ਰੋਕੀ, ਦੱਬੇ ਪੈਰੀਂ ਕਮਰੇ ਅੰਦਰ ਆਈ...ਬਾਬੂ ਅਤਰੀ ਦੀਵਾਨ `ਤੇ ਪਿਆ ਛੱਤ ਨੂੰ ਘੂਰ ਰਿਹਾ ਸੀ।

"ਸ਼ੀਲਾ ਨੇ ਮੱਲੋ ਮੱਲੀ ਮੈਨੂੰ ਬਿਠਾ ਲਿਆ... ਅਖੇ ਮੇਰੀ ਸੱਸ ਦਾ ਪੈਨਸ਼ਨ ਫਾਰਮ ਭਰ ਦੇ... ਗੌਰੀ ਓਧਰ ਆ ਦੂਸਰੇ ਕਮਰੇ ਵਿਚ ਜੱਸੀ ਕੋਲ...?" ਰੇਸ਼ਮਾ ਜਿਵੇਂ ਆਪਣੇ ਆਪ ਨਾਲ ਹੀ ਗੱਲ ਕਰਦੀ ਦੂਸਰੇ ਕਮਰੇ ਵਿਚ ਗਈ। ਰਿੰਕੂ ਸੁੱਤਾ ਪਿਆ ਸੀ ਪਰ ਕਮਰੇ ਅੰਦਰ ਜੱਸੀ ਨਹੀਂ ਸੀ, ਨਾ ਹੀ ਗੌਰੀ। "ਮੈਂ ਕਿਹਾ, ਗੌਰੀ ਕਿੱਥੇ ਆ?" ਉਹ ਪਹਿਲੇ ਕਮਰੇ ਵਿਚ ਮੁੜਦੀ ਕੁਝ ਉੱਚੀ ਬੋਲੀ।

"ਮੇਰੀਆਂ ਗੱਲਾਂ ਦਾ ਉਹਦੇ ਕੋਲ ਕੋਈ ਜਵਾਬ ਨਈਂ ਸੀ...ਸਾਲਾ ਦੌੜ ਗਿਆ...ਮੈਨੂੰ ਤਾਂ ਪਹਿਲਾਂ ਈ ਪਤਾ ਸੀ..." ਬਾਬੂ ਅਤਰੀ ਲੰਮਾ ਪਿਆ ਹੀ ਬੋਲਿਆ।

ਸੁਣਕੇ ਰੇਸ਼ਮਾ ਖੜ੍ਹੀ ਰਹਿ ਗਈ। ਉਹਨੂੰ ਕੋਈ ਗੱਲ ਨਹੀਂ ਆਈ।

"ਜੱਸੀ ਕਿੱਥੇ ਆ...?" ਰੇਸ਼ਮਾ ਦੂਜੇ ਕਮਰੇ ਵੱਲ ਜਾਂਦੀ ਬੋਲੀ।

"ਏਥੇ ਈ ਹੋਣੀ ਆਂ... ਰੋ ਰੋ ਕੇ ਦੱਸਦੀ ਆ...ਹੁਣ ਗੱਲ ਕਰਕੇ ਦਿਖਾਵੇ ਇਹ ਮੈਨੂੰ... ਦੌੜ ਗਿਆ ਨਾ ਕੁੱਤਾ"

"ਕੀ ਗੱਲ ਕਰਨੀ ਆਂ... ਚਲੀ ਗਈ ਉਹ ਗੌਰੀ ਦੇ ਨਾਲ ਈ... ਆਹ ਮੇਰੀਆਂ ਚੂੜੀਆਂ ਲਾਹ ਕੇ ਸੁੱਟ ਗਈ... ਇਹ ਸਲਿਪ ਲਿਖ ਗਈ ਆ..." ਰੇਸ਼ਮਾ ਇਕ ਪਰਚੀ `ਤੇ ਸੋਨੇ ਦੀਆਂ ਦੋ ਵੰਗਾਂ ਮੇਜ਼ `ਤੇ ਰੱਖਦੀ ਬੋਲੀ।

ਬਾਬੂ ਅਤਰੀ ਉੱਠ ਕੇ ਬੈਠ ਗਿਆ ਤੇ ਮੇਜ਼ ਨੂੰ ਘੂਰ ਘੂਰ ਦੇਖਣ ਲੱਗਾ।

# ਔਖੇ ਵੇਲੇ

ਗਿਆਨ ਚੰਦ ਤੇ ਯੋਗ ਰਾਜ ਦੋਵੇਂ ਭਰਾ ਬੱਸਾਂ ਦੀਆਂ ਸੀਟਾਂ ਬਣਾਉਣ ਦਾ ਕੰਮ ਕਰਦੇ ਸਨ। ਪੂਰੀ ਬੱਸ ਦੀਆਂ ਸੀਟਾਂ ਦਾ ਕੰਮ ਉਹ ਤਿੰਨ ਦਿਨਾਂ ਵਿਚ ਸਿਰੇ ਲਾ ਦਿੰਦੇ। ਦੇਖਣ ਵਾਲੇ ਦੇਖਦੇ ਤਾਂ ਰਹਿ ਜਾਂਦੇ ਸਗੋਂ ਉਹ ਹੈਰਾਨ ਵੀ ਹੁੰਦੇ। ਉਂਜ ਕਿਹਾ ਇਹ ਜਾਂਦਾ ਹੈ ਕਿ ਸ਼ਰਾਬੀ ਬੰਦੇ ਕੰਮ ਕਰਨ ਵਿਚ ਛੋਹਲੇ ਨਹੀਂ ਹੁੰਦੇ, ਪਰ ਇਹ ਦੋਵੇਂ ਭਰਾ ਤਾਂ ਸ਼ਰਾਬ ਨੂੰ ਝੂਠਾ ਸਿੱਧ ਕਰ ਦਿੰਦੇ। ਗਿਆਨ ਚੰਦ ਵੱਡੇ ਰੈਕਸੀਨ ਦੇ ਥਾਨ ਨੂੰ ਵਿਛਾਉਂਦਾ, ਮਿੰਟਾਂ ਵਿਚ ਨਿਸ਼ਾਨ ਲਾ ਦਿੰਦਾ, ਕੈਂਚੀ ਫੜਦਾ ਤੇ ਦੂਹੋ-ਦੂ ਕਟਦਾ ਚਲਾ ਜਾਂਦਾ। ਦੌਲਤੀ ਮਗਰ ਹੀ ਕੱਪੜਾ ਚੁੱਕੀ ਤੁਰੀ ਜਾਂਦਾ ਤੇ ਤਹਿ ਲਾਈ ਜਾਂਦਾ। ਫਿਰ ਉਹ ਦੋਵੇਂ ਬਹਿ ਕੇ ਗਜ਼ ਨਾਲ ਨਾਪ ਕੇ ਨਿਸ਼ਾਨ ਲਾਉਂਦੇ ਜਾਂਦੇ। ਇਕ ਪਾਸੇ ਕੰਧ ਨਾਲ ਮਸ਼ੀਨ ਡਾਹੀ ਬੈਠਾ ਯੋਗ ਰਾਜ ਨਿਸ਼ਾਨ ਲੱਗੇ ਕੱਪੜੇ ਨੂੰ ਚੁੱਕੀ ਜਾਂਦਾ ਤੇ ਇਕੋ ਸਾਹੇ ਮਸ਼ੀਨ ’ਤੇ ਪੈਰ ਰੱਖੀ ਰੱਖਦਾ ਤੇ ਮਸ਼ੀਨ ਉਦੋਂ ਹੀ ਬੰਦ ਹੁੰਦੀ ਜਦੋਂ ਘਰੋਂ ਦੁਪਹਿਰ ਦੀ ਰੋਟੀ ਆ ਜਾਂਦੀ।

ਯੋਗ ਰਾਜ ਦਾ ਟੱਬਰ ਚੁਬਾਰੇ ਦੇ ਹੇਠਲੇ ਹਿੱਸੇ ਵਿਚ ਰਹਿੰਦਾ ਸੀ ਤੇ ਗਿਆਨ ਚੰਦ ਦਾ ਟੱਬਰ ਉਪਰ ਚੁਬਾਰੇ ਵਿਚ। ਦੋਹਾਂ ਦੀਆਂ ਘਰ ਵਾਲੀਆਂ ਸ਼ਾਂਤੀ ਤੇ ਛੀਂਬੋ ਸਕੀਆਂ ਭੈਣਾਂ ਸਨ। ਦੋਵੇਂ ਸੋਹਣੀਆਂ ਸੁਨੱਖੀਆਂ। ਸ਼ਾਂਤੀ ਦੇ ਨਿਆਣੇ ਸ਼ਾਂਤੀ ਵਰਗੇ ਸਨ... ਸ਼ਾਂਤ, ਚੁੱਪ, ਪੜ੍ਹਨ ਲਿਖਣ ਵਿਚ ਰੁੱਝੇ ਰਹਿਣ ਵਾਲੇ। ਸ਼ਾਂਤੀ ਵਰਗੇ ਹੀ ਸੋਹਣੇ ਸੁਨੱਖੇ। ਛੀਂਬੋ ਦੇ ਨਿਆਣੇ ਚਾਰ ਪੁੱਤ ਤੇ ਧੀ ਯੋਗ ਰਾਜ ’ਤੇ ਗਏ ਸੀ। ਧੀ ਦਾ ਨਾਂ ਅੱਛਰੀ ਤੇ ਵੱਡੇ ਪੁੱਤਰ ਦਾ ਨਾਂ ਅੱਛਰ। ਅੱਛਰੀ ਪਿਓ ਯੋਗ ਰਾਜ ਵਾਂਗ ਹੀ ਕਾਹਲੀ ਕਾਹਲੀ ਬੋਲਦੀ। ਪਰ ਉਹ ਪੜ੍ਹੀ ਬੜਾ ਘੱਟ, ਪਲੱਸ ਟੂ ਤਕ ਹੀ। ਪਰ ਗਿਆਨ ਚੰਦ ਦੇ ਨਿਆਣੇ ਤਾਂ ਜਿਵੇਂ ਜੰਮੇ ਹੀ ਪੜ੍ਹਾਈਆਂ ਕਰਨ ਸੀ। ਵੱਡੀ ਧੀ ਜਿਉਂ ਪੜ੍ਹਨ ਲੱਗੀ ਉਹ ਬੀ.ਏ. ਪਾਸ ਕਰਕੇ ਬੀ.ਐੱਡ. ਕਰਨ ਲੱਗ ਪਈ। ਗਿਆਨ ਚੰਦ ਦਾ ਵੱਡਾ ਪੁੱਤਰ ਬੱਬੀ ਬੀ.ਏ. ਕਰਕੇ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਪੜ੍ਹਨ ਜਾ ਲੱਗਾ। ਗਿਆਨ ਚੰਦ ਦੇ ਨਿਆਣੇ ਕਈ ਸਨ। ਪੰਜ ਧੀਆਂ ਤੇ ਚਾਰ ਪੁੱਤਰ। ਵੱਡੀ ਧੀ ਦੀ ਇਕ ਲੱਤ ਖਰਾਬ ਸੀ ਜਿਸ ਕਰਕੇ ਉਹ ਲੰਗੜਾ ਕੇ ਚਲਦੀ। ਉਂਜ ਉਹ ਬਥੇਰੀ ਸੋਹਣੀ ਸੀ ਤੇ ਬੜੀ ਗੱਲਕਾਰ ਵੀ। ਉਹਦੀ ਸਿੱਖਿਆ ਉਪਰ ਚਲਦਿਆਂ ਤਾਂ ਪਿਓ ਨੇ ਸਾਰੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਈ।

ਘਰ ਵਿਚ ਇਕ ਜੀਅ ਚੰਗੀ ਤੇ ਸਿਰੇ ਦੀ ਪੜ੍ਹਾਈ ਕਰ ਜਾਏ ਫਿਰ ਅੱਗੇ ਲੀਹ ਤੁਰ ਪੈਂਦੀ ਹੈ। ਵੱਡੀ ਨੇ ਬੀ.ਐੱਡ. ਕੀਤੀ ਤਾਂ ਫਿਰ ਇਕ ਹੋਰ ਨੇ ਬੀ.ਏ. ਪਾਸ ਕੀਤੀ ਜਿਹੜੀ ਬਿਜਲੀ ਬੋਰਡ ਵਿਚ ਨੌਕਰੀ ਜਾ ਲੱਗੀ। ਸਿਰਫ਼ ਇਕ ਕੁੜੀ ਨੇ ਚੱਜ ਨਾਲ ਪੜ੍ਹਾਈ ਨਹੀਂ ਕੀਤੀ। ਉਹ ਅੱਠਵੀਂ ਵਿਚ ਪੜ੍ਹਦੀ ਹੀ ਇਸ਼ਕ ਮੁਹੱਬਤ ਵਿਚ ਪੈ ਗਈ। ‘ਦਾਦਾ ਮੋਟਰ’ ਵਾਲਿਆਂ ਦੀ ਵਰਕਸ਼ਾਪ ਵਿਚ ਇਕ ਇਲੈਕਟ੍ਰੀਸ਼ਨ ਦੇ ਚੱਕਰ ਵਿਚ ਪੈ ਗਈ ਤੇ ਉਹਦੇ ਨਾਲ ਹੀ ਵਿਆਹ ਕਰਵਾਇਆ। ਉਹ ਮੁੰਡਾ ਅੰਮ੍ਰਿਤਸਰ ਦਾ ਸੀ। ਕੱਦ-ਕਾਠ ਵੱਲੋਂ ਦੋਵੇਂ ਇਕੋ ਜਿਹੇ ਪੰਜ ਫੁੱਟ ਦੇ ਨੇੜੇ-ਤੇੜੇ। ਕੁੜੀ ਸੀ ਤਾਂ ਸੁਨੱਖੀ, ਪਰ ਲੱਤੋਂ ਉਹ ਲੰਗੜਾ ਕੇ ਚਲਦੀ। ਮੁੰਡਾ ਸਰਦਾਰ ਸੀ ਪਰ ਕੰਮ ਵਿਚ ਪੂਰਾ ਮਾਹਿਰ। ਉਹਦੀ ਬੋਲ-ਬਾਣੀ ਚੰਗੀ ਨਹੀਂ ਸੀ।

ਯੋਗ ਰਾਜ ਦੇ ਪਰਿਵਾਰ ਵਿਚ ਅੱਛਰ ਹੀ ਚੰਗੀ ਪੜ੍ਹਾਈ ਕਰ ਸਕਿਆ। ਉਹਨੇ ਪਹਿਲਾਂ ਤਾਂ ਪਲੱਸ ਟੂ ਹੀ ਕੀਤੀ ਤੇ ਘਰਾਂ ’ਚੋਂ ਕਾਬਲ ਸਿੰਘ ਨੇ ਉਹਨੂੰ ਖਾਲਸਾ ਕਾਲਜ ਵਿਚ ਆਪਣੇ ਨਾਲ ਹੀ ਕਲਰਕ ਲੁਆ ਦਿੱਤਾ। ਕਲਰਕੀ ਕਰਦਿਆਂ ਅੱਛਰ

ਨੇ ਵਿਚ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ। ਕਾਬਲ ਸਿੰਘ ਤਾਂ ਪਹਿਲਾਂ ਹੀ ਪੜ੍ਹਦਾ ਸੀ। ਭਾਵੇਂ ਕਿਸ਼ਤਾਂ ਵਿਚ ਹੀ ਸਹੀ ਦੋਹਾਂ ਨੇ ਬੀ.ਏ. ਪਾਸ ਕਰ ਲਈ। ਅੱਛਰ ਨੇ ਐਮ.ਏ. ਪਾਸ ਕੀਤੀ ਤੇ ਕਾਲਜ ਦੀ ਨੌਕਰੀ ਛੱਡ ਕੇ ਅੱਗੇ ਪੜ੍ਹਨ ਜਾ ਲੱਗਾ।

ਗਿਆਨ ਚੰਦ ਦੇ ਪਰਿਵਾਰ ਵਿਚ ਉਹਦੀ ਵੱਡੀ ਧੀ ਨੇ ਬੜੀ ਤਬਦੀਲੀ ਲਿਆਂਦੀ। ਗਿਆਨ ਚੰਦ ਹੁਣ ਬਹੁਤ ਸ਼ਰਾਬ ਪੀਣ ਲੱਗ ਪਿਆ ਸੀ। ਉਹਦੀ ਸ਼ਰਾਬ ਕਰਕੇ ਘਰ ਵਿਚ ਹਰ ਵੇਲੇ ਲੜਾਈ-ਝਗੜਾ ਹੋਣ ਲੱਗ ਪਿਆ। ਬੱਚਿਆਂ ਉਪਰ ਬੜਾ ਮਾੜਾ ਅਸਰ ਪੈ ਰਿਹਾ ਸੀ। ਇਸੇ ਕਰਕੇ ਲੰਗੜਾ ਕੇ ਚੱਲਣ ਵਾਲੀ ਕੁੜੀ ਨੇ ਨਿਕੰਮੇ ਜਿਹੇ ਮੁੰਡੇ ਮਗਰ ਲੱਗ ਕੇ ਉਹਦੇ ਨਾਲ ਵਿਆਹ ਕਰਾ ਲਿਆ ਸੀ ਤੇ ਇਕ ਮੁੰਡਾ ਪੜ੍ਹਾਈ ਛੱਡ ਕੇ ਨਸ਼ੇ-ਪੱਤੇ ਵਿਚ ਜਾ ਵੜਿਆ ਸੀ। ਇਕ ਮੁੰਡੇ ਨੂੰ ਗਿਆਰ੍ਹਵੀਂ ਤੋਂ ਬਾਅਦ ਸਰਕਾਰੀ ਨੌਕਰੀ ਮਿਲ ਗਈ ਸੀ।

ਗਿਆਨ ਚੰਦ ਦੀ ਵੱਡੀ ਧੀ ਨੇ ਇਕ ਬੜੀ ਹਿੰਮਤ ਕੀਤੀ, ਰੱਬ ਜਾਣੇ ਉਹਨੇ ਕਿਹਦੇ ਕਹਿਣ ’ਤੇ, ਕਿਹਦੀ ਸਿਆਣਪ ਵਰਤੀ, ਉਹ ਆਪਣੇ ਪਿਤਾ ਨੂੰ ਜਲੰਧਰ ਦੇ ਰੇਲਵੇ ਸਟੇਸ਼ਨ ਤਕ ਬੜੀ ਔਖੀ ਹੋ ਕੇ ਲੈ ਗਈ। ਇਕ ਤਾਂ ਸ਼ਰਾਬੀ, ਦੂਜਾ ਪੈਰ ਨਾ ਪੁੱਟੇ ਕਹੇ: ਮੈਂ ਤਾਂ ਸ਼ਰਾਬ ਪੀਊਂ, ਨਹੀਂ ਜਾਣਾ ਕਿਤੇ ਵੀ। ਉਹਨੂੰ ਇਹ ਪਤਾ ਸੀ ਕਿ ਮੇਰੀ ਧੀ ਮੇਰੀ ਸ਼ਰਾਬ ਛੁਡਾਉਣ ਲਈ ਕਿਸੇ ਥਾਂ ਲਿਜਾਣਾ ਚਾਹੁੰਦੀ ਹੈ। ਬੱਸ ਸ਼ਰਾਬੀ ਦੀ ਜ਼ਿੱਦ! ਧੀ ਨੇ ਦੋ ਭਰਾ ਨਾਲ ਲਏ ਤੇ ਮਾਂ ਨੂੰ ਨਾਲ ਤੋਰ ਲਿਆ। ਅਖੀਰ ਰੇਲਵੇ ਸਟੇਸ਼ਨ ਪਹੁੰਚੇ ਤੇ ਟਿਕਟਾਂ ਲੈ ਕੇ ਗੱਡੀ ਜਾ ਬੈਠੇ। ਘੰਟੇ ਕੁ ਬਾਅਦ ਸਾਰੇ ਜਣੇ ਬਿਆਸ ਦੇ ਰੇਲਵੇ ਸਟੇਸ਼ਨ ’ਤੇ ਜਾ ਉਤਰੇ। ਹੁਣ ਤਕ ਗਿਆਨ ਚੰਦ ਦੀ ਸ਼ਰਾਬ ਵੀ ਉਤਰ ਗਈ ਸੀ ਤੇ ਸ਼ਾਂਤ ਹੋ ਕੇ ਬੱਚਿਆਂ ਦੇ ਨਾਲ ਤੁਰ ਪਿਆ। ਪੂਰਾ ਦਿਨ ਉੱਥੇ ਰਹੇ। ਸਤਿਸੰਗ ਸੁਣਿਆ, ਪਰ ਸ਼ਾਂਤ ਰਿਹਾ ਗਿਆਨ ਚੰਦ।

ਇਧਰ ਲਾਡੋਵਾਲੀ ਦੇ ਬਾਸ਼ਿੰਦੇ ਕਿੱਥੇ ਯਕੀਨ ਕਰਨ। ਜਿਨ੍ਹਾਂ ਨੇ ਗਿਆਨ ਚੰਦ ਸ਼ਰਾਬੀ ਦੇ ਕਈ ‘ਤਮਾਸ਼ੇ’ ਦੇਖੇ ਹੋਏ ਸਨ ਉਹ ਤਾਂ ਅੱਗੇ ਪਿੱਛੇ ਹੋ ਕੇ ਤਰ੍ਹਾਂ ਤਰ੍ਹਾਂ ਦੇ ਟੋਟਕੇ ਸੁਣਾਉਣ, ਘੜਨ ਤੇ ਹਾਸਾ-ਠੱਠਾ ਮਚਾਉਣ, ‘‘ਓਏ ਰਹਿਣ ਦਿਓ ਯਾਰ... ਬਿਆਸ ਵਾਲਾ ਕੀ ਜਾਦੂ ਫੂਕ ਦਊ... ਉਹ ਕੀ ਕਰੂ ਵਿਚਾਰੀ... ਜੇ ਗਿਆਨ ਐਨੀ ਮੰਨਣ ਵਾਲਾ ਹੁੰਦਾ ਘਰੇ ਨਾ ਹਟ ਜਾਂਦਾ... ਐਨਾ ਭਾਰਾ ਟੱਬਰ ਉਹ ’ਕੱਲਾ... ਏਥੇ ਤਾਂ ਕਿਸੇ ਦੀ ਉਹਨੇ ਸੁਣੀ ਨਾ...।’’

ਗਿਆਨ ਚੰਦ ਨੂੰ ਉਹਦਾ ਪਰਿਵਾਰ ਤੀਏ ਦਿਨ ਲੈ ਕੇ ਮੁੜਿਆ। ਉਹਦੇ ਛੋਟੇ ਮੁੰਡੇ ਨੂੰ ਪੁੱਛਿਆ, ‘‘ਕਿੱਦਾਂ ਬਈ ਬੰਟੀ... ਪਿਆ ਕੋਈ ਫ਼ਰਕ ਬਾਊ ਜੀ ਨੂੰ?’’

‘‘ਫਰਕ ਦੀ ਗੱਲ ਕਰਦਾਂ ਤੂੰ... ਇਹ ਤਾਂ ਉੱਥੋਂ ਆਉਣ ਈ ਨਾ... ਕਹਿੰਦੇ ਜਾਓ ਤੁਸੀਂ ਮੈਂ ਤਾਂ ਇੱਥੇ ਈ ਰਹੂੰ... ਪਹਿਲੇ ਦਿਨ ਸਤਿਸੰਗ ਸੁਣਿਆ। ਓਦਣ ਭੰਡਾਰਾ ਸੀ। ਅਸੀਂ ਤਾਂ ਕਿਸੇ ਨੂੰ ਕਹਿ ਕੇ ਕਮਰਾ ਬੁੱਕ ਕਰਾ ਲਿਆ ਸੀ। ਨਾ ਭਾਪਾ ਜੀ ਨੇ ਸ਼ਰਾਬ ਦਾ ਨਾਂ ਲਿਆ, ਨਾ ਕੋਈ ਗੱਲ ਕੀਤੀ। ਬੱਸ ਚੁੱਪ ਈ ਹੋਏ ਰਹੇ। ਫੇਰ ਕਹਿਣ ਲੱਗੇ ਮੈਨੂੰ ਹੁਣ ਇੱਥੇ ਈ ਛੱਡ ਜਾਓ। ਮੈਨੂੰ ਮਾਫ਼ ਕਰੋ... ਦੇਖ ਤੂੰ ਭਾ ਜਾਦੂ... ਏਥੇ ਕਈ ਕਈ ਦਿਨ ਨਹਾਉਂਦੇ ਨਈਂ ਸੀ... ਉੱਥੇ ਕੱਲ੍ਹ ਸਵੇਰੇ ਈ ਨਹਾਉਣ ਲਈ ਤਿਆਰ। ਅਸੀਂ ਲੈ ਗਏ ਬਿਆਸ ਦੇ ਕੰਢੇ...’’ ਬੰਟੀ ਸਮੇਤ ਸਾਰਾ ਪਰਿਵਾਰ ਹੀ ਬਿਆਸ ਵਾਲਿਆਂ ਦੇ ਸੋਹਲੇ ਗਾਈ ਜਾਣ। ਮੈਂ ਚੁਬਾਰੇ ’ਤੇ ਜਾ ਕੇ ਗਿਆਨ ਚੰਦ ਨੂੰ ਮਿਲ ਕੇ ਆਇਆ। ਉਹ ਅੰਦਰ ਪੱਖਾ ਛੱਡ ਕੇ ਮੰਜੇ ’ਤੇ ਕੰਧ ਨਾਲ ਢਾਸਣਾ ਲਾਈ ਇਕ ਕਿਤਾਬ ਪੜ੍ਹੀ ਜਾਂਦਾ ਸੀ।

‘‘ਬਾਊ ਜੀ ਨਮਸਤੇ... ਕੀ ਹਾਲ ਆ?’’

‘‘ਬੜਾ ਚੰਗਾ ਪ੍ਰੇਮ...’’

‘‘ਕਿੱਦਾਂ ਲੱਗੀ ਬਿਆਸ ਦੀ ਯਾਤਰਾ...’’

''ਬੜਾ ਚੰਗਾ ਲੱਗਾ ਦਰਸ਼ਨ ਮੇਲਾ... ਇਹ ਜੱਸ ਤਾਂ ਮੇਰੀ ਧੀ ਨੂੰ ਜਾਂਦਾ ਬਈ... ਇਹਨੇ ਮੈਨੂੰ ਨਰਕ ਤੋਂ ਬਚਾਅ ਲਿਆ।''

ਤੇ ਇਉਂ ਗਿਆਨ ਚੰਦ ਕਿੰਨਾ ਚਿਰ ਹੀ ਗੱਲਾਂਬਾਤਾਂ ਕਰਦਾ ਰਿਹਾ। ਦਿਨਾਂ ਵਿਚ ਹੀ ਗਿਆਨ ਚੰਦ ਵਿਚ ਤਬਦੀਲੀ ਆਉਂਦੀ ਗਈ। ਮੈਂ ਝੂਠ ਨਈਂ ਬੋਲਦਾ, ਇਕ ਦਿਨ ਗਿਆਨ ਚੰਦ ਤੇ ਉਹਦੇ ਮੁੰਡੇ ਮੈਨੂੰ ਵੀ ਨਾਲ ਲੈ ਤੁਰੇ।

ਤਿੰਨਾਂ ਕੁ ਮਹੀਨਿਆਂ ਵਿਚ ਗਿਆਨ ਚੰਦ ਦੇ ਘਰ, ਆਲੇ-ਦੁਆਲੇ ਯਾਨੀ ਸਾਡੇ ਘਰਾਂ ਵਿਚ ਗਿਆਨ ਚੰਦ ਦੀ ਪਤਨੀ ਦੇ ਪ੍ਰਚਾਰ ਦਾ ਐਸਾ ਅਸਰ ਹੋਇਆ ਕਿ ਸ਼ਰਾਬੀ ਹੁਕਮ ਚੰਦ ਦਿਨਾਂ ਵਿਚ ਹੀ ਉਨ੍ਹਾਂ ਦੇ ਨਾਲ ਹੋ ਤੁਰਿਆ। ਤਿੰਨ ਹੋਰ ਘਰ ਵੀ ਬਿਆਸ ਜਾਣ ਲੱਗ ਪਏ।

''ਬੀਬੀ, ਹੁਕਮੀ ਦੀ ਤਾਂ ਤੁਸੀਂ ਜੂਨ ਸੁਧਾਰ ਦਿੱਤੀ। ਕਈ ਦਿਨ ਹੋ ਗਏ ਸੁਣੀ ਆ ਹੁਣ ਹੁਕਮੀ ਦੀ ਉੱਚੀ 'ਵਾਜ... ਉਹ ਹੁਕਮੀ ਰਿਹਾ ਈ ਨਈਂ ਹੁਣ। ਦੇਖ ਲਓ ਯੋਗ ਰਾਜ ਦਾ ਸਾਥ ਛੱਡ ਕੇ ਸਿੱਧਾ ਹੁਣ ਚੁਬਾਰੇ ਵੱਲ ਜਾਊ। ਅੱਗੇ ਨਿੱਤ ਕਦੀ ਪਿਲਕਣ ਹੇਠਾਂ ਖੜ੍ਹ ਕੇ ਬੋਲਣਾ ਜਾਂ ਗਲੀ ਵਿਚ ਬਹਿ ਕੇ ਅਵਾ-ਤਵਾ ਬੋਲੀ ਜਾਣਾ। ਹੁਣ ਤਾਂ ਤੜਕੇ ਉੱਠ ਰੇਡੀਓ 'ਤੇ ਬਾਣੀ ਸੁਣਨਾ...,'' ਹੁਕਮੀ ਦੀ ਵੱਡੀ ਭੈਣ ਗਿਆਨ ਚੰਦ ਦੀ ਪਤਨੀ ਕੋਲ ਉਨ੍ਹਾਂ ਦੇ ਕਾਰਜ ਦੀ ਪ੍ਰਸ਼ੰਸਾ ਕਰ ਰਹੀ ਸੀ।

ਇਕ ਦਿਨ ਨੇਰ੍ਹੇ ਹੋਏ ਗਿਆਨ ਚੰਦ ਦੀ ਪਤਨੀ ਸਾਡੀ ਬੀਬੀ ਕੋਲ ਆਈ ਤੇ ਪਰਦੇ ਨਾਲ ਬੀਬੀ ਨੂੰ ਕੁਝ ਫੜਾ ਕੇ ਗਈ। ਜਦੋਂ ਉਹ ਚਲੇ ਗਈ ਤਾਂ ਮੈਂ ਬੀਬੀ ਦੁਆਲੇ ਹੋ ਗਿਆ ਕਿ ਚੁਬਾਰੇ ਵਾਲੀ ਤੈਨੂੰ ਪਰਦੇ ਨਾਲ ਕੀ ਫੜਾ ਕੇ ਗਈ ਹੈ। ਬੀਬੀ ਨੇ ਬਥੇਰੀ ਹਊ ਪਰੇ ਕਰਕੇ ਮੈਨੂੰ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਬੀਬੀ ਦਾ ਖਹਿੜਾ ਨਾ ਛੱਡਿਆ। ਅਖੀਰ ਬੀਬੀ ਨੇ ਆਪਣੀ ਕਮੀਜ਼ ਵਿਚ ਹੱਥ ਪਾਇਆ ਤੇ ਨੋਟਾਂ ਦੀ ਦੱਥੀ ਕੱਢ ਕੇ ਮੈਨੂੰ ਦਿਖਾਈ, ''ਲੈ ਤੂੰ ਦੇਖ ਲਾ ਊਥਰਾ.. ਪੈਹੇ ਲੈ ਗਈ ਸੀ ਫੜ ਕੇ ਸਾਲ ਭਰ ਪਹਿਲਾਂ... ਵਿਚਾਰੀ ਬੜੀ ਤੰਗ ਸੀ। ਹੁਣ ਚੰਗੇ ਦਿਨ ਫਿਰੇ ਆ.. ਹੁਣ ਗਿਆਨ ਵੀ ਕੰਮ ਕਰਦਾ ਤੇ ਮੁੰਡਾ ਵੀ ਲੱਗਾ ਰਹਿੰਦਾ। ਹੁਣ ਤਾਂ ਦੌਲਤੀ ਵੀ ਮੁੜ ਕੇ ਇਨ੍ਹਾਂ ਕੋਲ ਈ ਆ ਲੱਗਾ। ਵੱਡੀ ਕੁੜੀ ਇਨ੍ਹਾਂ ਦੀ ਬੜੀ ਸਮਝਦਾਰ ਆ... ਵਿਚਾਰੀ ਦੀ ਲੱਤ ਨਈਂ ਠੀਕ ਹੋਈ,'' ਗੱਲ ਕਰਦੀ ਬੀਬੀ ਨੇ ਅੰਦਰ ਬੈਠੇ ਭਾਈਏ ਨੂੰ ਹਾਕ ਮਾਰੀ ਤੇ ਕਹਿੰਦੀ, ''ਆਹ ਲੈ ਪੈਸੇ ਤੇ ਫੜਾ ਆ ਨਰੈਣੇ ਨੂੰ। ਹੁਣ ਘੇ ਖੰਡ ਵੀ ਫੜ ਲਿਆ ਤੇ ਪਹਿਲਾ ਹਿਸਾਬ ਵੀ ਮੁਕਾ ਆਈਂ।''

ਭਾਈਆ ਜਿਹੜਾ ਕਈ ਚਿਰ ਦਾ ਮੁਰਝਾਇਆ ਬੈਠਾ ਸੀ ਬੀਬੀ ਕੋਲੋਂ ਪੈਸੇ ਫੜ ਕੇ ਇਕਦਮ ਜਿਵੇਂ ਖਿੜ ਗਿਆ ਤੇ ਉੱਠ ਕੇ ਨਰੈਣੇ ਦੀ ਹੱਟੀ ਵੱਲ ਤੁਰ ਪਿਆ।

## ਜਦੋਂ ਹੰਭ ਗਿਆ ਹੁਕਮੀ

ਹੁਕਮੀ ਨੇ ਵਿਹੜੇ ਦੇ ਸਾਰੇ ਘਰਾਂ ਵਿਚ ਹੀ ਦਹਿਸ਼ਤ ਫੈਲਾਈ ਹੋਈ ਸੀ। ਲੋਕ ਹੈਰਾਨ ਹੋ ਕੇ ਸੋਚ ਰਹੇ ਸਨ ਕਿ ਐਨੀ ਇੱਟ ਉਹਨੇ ਕਿਹੜੇ ਵੇਲੇ ਛੱਤ 'ਤੇ ਲਿਜਾ ਰੱਖੀ। ਇਸੇ ਗੱਲ ਵੱਲ ਦੇਖ ਤਾਂ ਸਾਈਂ ਕਹਿੰਦਾ ਸੀ, ''ਏਸ ਮੁੰਡੇ ਨੇ ਬਣੀ ਵਿਉਂਤ ਬਣਾ ਕੇ ਲੜਾਈ ਕੀਤੀ ਆ... ਫੇਰ ਦੇਖੋ ਤੁਸੀਂ ਗਾਲ੍ਹਾਂ ਕੱਢਦਾ ਕੋਠੇ ਉੱਤੇ ਜਾ ਚੜ੍ਹਿਆ... ਤੇ ਦੇ 'ਤੇ ਇੱਟ, ਰੋੜੇ 'ਤੇ ਰੋੜਾ... 'ਕੱਲੇ ਨੇ ਦੋਂਹ ਜਣਿਆਂ ਦਾ ਸਿਰ ਪਾੜਤਾ, ਤਿੰਨ ਦੀਆਂ ਲੱਤਾਂ ਭੰਨ੍ਹ ਦਿੱਤੀਆਂ... ਇਕ ਦੇ ਕੂਹਣੀ ਉੱਤੇ ਇੱਟ ਲੱਗੀ... ਦੂਜੇ ਪਾੜ ਜਾ ਕੇ ਬੀਰੂ ਦਾ ਗਿੱਟਾ ਭੰਨ੍ਹ ਦਿੱਤਾ ... ਨੇ ਫੇਰ ਪੌੜੀ ਧੂਹ ਕੇ ਛੱਤ ਉੱਤੇ ਈ ਰੱਖ ਲਈ... ਕੋਈ ਕੋਠੇ 'ਤੇ ਚੜ੍ਹੇ ਤਾਂ ਕਿੱਦਾਂ ਚੜ੍ਹੇ... ਅਖੀਰ ਮੀਤ ਤੇ ਬੋਦੀ ਓਹਲੇ ਤੋਂ ਹੋ ਕੇ ਪਿਲਕਣ ਉੱਤੇ ਚੜ੍ਹੇ ਤੇ ਟਾਹਣੇ ਤੋਂ ਦੀ ਹੋ ਕੇ ਉਨ੍ਹਾਂ ਛਾਲਾਂ ਮਾਰ ਕੇ ਛੱਤ 'ਤੇ ਈ ਜਾ ਨੱਪਿਆ... ਇਹ ਕੁੱਤਾ ਹੈ ਤਾਂ ਮੇਰਾ ਭਤੀਜਾ... ਪਰ ਐਨਾ ਅਹਿਮਕ... ਮੇਰਾ ਮੁੰਡਾ ਹੁੰਦਾ ਮੈਂ ਤਾਂ ਗੋਲੀ ਮਾਰ ਦਿੰਦਾ... ਕੋਹੜੀ ਸਾਰੇ ਜਹਾਨ ਦਾ।''

ਬਾਬੇ ਮੁਨਸ਼ੀ ਦੇ ਮੁੰਡਿਆਂ ਨਾਲ ਹੁਕਮੀ ਦੀ ਲੜਾਈ ਹੋਈ ਸੀ। ਹੁਕਮੀ ਮੁਨਸ਼ੀ ਦਾ ਭਤੀਜਾ ਸੀ, ਮੁਨਸ਼ੀ ਦੇ ਵੱਡੇ ਭਰਾ ਰੱਖਾ ਰਾਮ ਦਾ ਮੁੰਡਾ। ਉਂਜ ਤਾਂ ਮੁਨਸ਼ੀ ਤੋਂ ਵੱਡਾ ਸੀ ਸਾਈਂ ਤੇ ਸਾਈਂ ਤੋਂ ਵੱਡਾ ਸੀ ਰੱਖਾ ਰਾਮ। ਮੁਨਸ਼ੀ ਦੇ ਪੰਜ ਮੁੰਡੇ ਸੀ। ਹੁਕਮੀ ਕਰਮੇ ਤੋਂ ਛੋਟੇ ਪੀਟੀ ਨਾਲ ਫੁਟਬਾਲ ਖੇਡਦਾ ਫਸ ਪਿਆ। ਉਹ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਪਿਲਕਣ ਹੇਠਾਂ ਆ ਗਏ ਤਾਂ ਹੁਕਮੀ ਨੇ ਫੂੰ ਫੂੰ ਕਰਦੇ ਨੇ ਪੀਟੀ ਨੂੰ ਕਾਲਰੋਂ ਆ ਫੜਿਆ। ਬੱਸ ਫਸ ਪਏ ਦੋਵੇਂ... ਹੁਕਮੀ ਨੇ ਪੈਂਦੀ ਸੱਟੇ ਪੀਟੀ ਦੇ ਤਿੰਨ ਚਾਰ ਹੂਰੇ ਜੜ ਦਿੱਤੇ। ਇਸ ਸਮੇਂ ਖੁੱਲ੍ਹ ਗਈ ਵੈੜ੍ਹ ਨੂੰ ਸ਼ਿਸ਼ਕਾਰਦਾ, ਹੱਥ ਵਿਚ ਸੋਟੀ ਫੜੀ ਕਰਮਾ ਬੀਹੀ ਤੋਂ ਬਾਹਰ ਨਿਕਲਿਆ ਤਾਂ ਸੋਟਾ ਉਹਦੇ ਹੱਥ ਵਿਚ ਸੀ। ਪੀਟੀ ਨੇ ਛਾਲ ਮਾਰ ਕੇ ਕਰਮੇ ਕੋਲੋਂ ਸੋਟਾ ਖੋਹ ਲਿਆ ਤੇ ਹੁਕਮੀ ਨੂੰ ਦੇਖਦੇ ਹੀ ਤਾਂਬੜ ਚਾੜ੍ਹ ਦਿੱਤਾ। ਫੇਰ ਤਾਂ ਪਲਾਂ ਵਿਚ ਹੀ ਲਲਾ ਲਲਾ ਹੋ ਗਈ। ਲੋਕ ਪਿਲਕਣ ਹੇਠ ਆ ਜੁੜੇ। ਜਿਹਨੂੰ ਵੀ ਪਤਾ ਲੱਗਦਾ ਹੁਕਮੀ ਦਾ ਅੱਜ ਬਜੰਤਰ ਹੋਇਆ ਉਹ ਹੈਰਾਨ ਹੋ ਕੇ ਕਦੇ ਪੀਟੀ ਵੱਲ ਦੇਖਦਾ ਕਦੇ ਕਰਮੇ ਵੱਲ। ਹੁਕਮੀ ਦੀ ਲੜਾਈ ਤਾਂ ਚਾਰੇ ਪਾਸੇ ਮਸ਼ਹੂਰ ਸੀ। ਉਹਨੇ ਜਿਹਦੇ ਨਾਲ ਵੀ ਲੜਾਈ ਕੀਤੀ ਅਗਲੇ ਨੂੰ ਕੁੱਟਿਆ ਹੀ, ਪਰ ਅੱਜ ਲੋਕਾਂ ਨੂੰ ਹੈਰਾਨ ਕਰਨ ਵਾਲੀ ਗੱਲ ਵਾਪਰ ਗਈ ਸੀ ਤੇ ਵਾਪਰੀ ਵੀ ਘਰ ਦੇ ਕੋਲ ਆ ਕੇ।

ਪੀਟੀ ਤੇ ਕਰਮਾ ਅਜੇ ਲੋਕਾਂ ਕੋਲ ਖੜ੍ਹੇ ਗੱਲਾਂ ਕਰ ਹੀ ਰਹੇ ਸਨ ਕਿ ਹੁਕਮੀ ਨੇ ਪਹਿਲਾਂ ਤਾਂ ਉੱਚੀ ਬੋਲ ਕੇ ਪੀਟੀ ਨੂੰ ਗਾਲ੍ਹਾਂ ਕੱਢੀਆਂ। ਜਦੋਂ ਲੋਕਾਂ ਦਾ ਧਿਆਨ ਪਿਲਕਣ ਦੇ ਡਾਹਣ ਤੋਂ ਪਰ੍ਹਾਂ ਹੁਕਮੀ ਵੱਲ ਗਿਆ ਤਾਂ ਹੁਕਮੀ ਨੇ ਪਹਿਲੀ ਇੱਟ ਸਾਈਂ ਕੇ ਵਿਹੜੇ ਵਿਚ ਰੱਖੇ ਖਾਲੀ ਡਰੰਮ ਉੱਤੇ ਮਾਰੀ। ਇੱਟ ਦੇ ਵਜਦਿਆਂ ਹੀ ਖੜਾਕ ਐਦਾਂ ਹੋਇਆ ਜਿੱਦਾਂ ਬੰਬ ਫਟ ਗਿਆ ਹੋਵੇ। ਹੁਕਮੀ ਦੇ ਏਸੇ ਜਲਵੇ ਵੱਲ ਦੇਖ ਕੇ ਲੋਕ ਦੌੜ ਉੱਠੇ, ਕਈ ਏਧਰ ਓਧਰ ਓਟਿਆਂ ਤੇ ਕੰਧਾਂ ਉਹਲੇ ਹੋ ਗਏ। ਦੋਂਹ-ਚੌਂਹ ਦੇ ਸੱਟਾਂ ਲੱਗ ਹੀ ਗਈਆਂ। ਉਹ ਆਉਂਦਾ ਹੀ ਖੂਹੀ ਕੋਲ ਖੜ੍ਹਾ ਹੁੰਦਾ ਬੋਲਿਆ, ''ਓਏ ਬਾਂਦਰਾ... ਮੂਰਖਾ... ਕਿਸੇ ਦੇ ਇੱਟ ਲੱਗ ਗਈ ਤਾਂ ਜਾਹ ਜਾਂਦੀ ਹੋ ਜਾਊ... ਅਕਲ ਕਰ ਅਕਲ... ਹਰਾਮੀਪੁਣਾ ਨਾ ਦਿਖਾ...।''

ਹੁਣ ਮੁਨਸ਼ੀ ਵੀ ਵਿਹੜੇ ਵਿਚ ਨਿਕਲ ਆਇਆ, '' ਦੇਖ ਸਾਈਂ ਦੇਖ... ਇਹਦਾ ਲਾਜ ਕਰ ਭੈਣ ਦੇ ... ਦਾ... ਇਹ ਤਾਂ ਅਜੇ ਬਚ ਗਿਆ...।'' ਮੁਨਸ਼ੀ ਬੜਾ ਤੇਜ਼ ਬੋਲਦਾ ਸੀ, ਉਹ ਪਈਆਂ ਇੱਟਾਂ ਵੱਲ ਦੇਖਦਾ ਸਾਈਂ ਨੂੰ ਬੋਲ ਹੀ ਰਿਹਾ ਸੀ ਕਿ ਇੱਟ ਦਾ ਟੋਟਾ ਉਹਦੇ ਪੈਰਾਂ ਕੋਲ ਆ ਕੇ ਡਿੱਗਿਆ।

''ਓਏ ਤੁਹਾਡੀ ਮਾਂ ਨੂੰ... ਬਚ ਗਿਆ ਬਚ ਗਿਆ... ਲੈ ਬਈ ਮਾਰੇ ਗਏ ਸੀ...'' ਉਹ ਫੂੰ-ਫੂੰ ਕਰਦਾ ਡਿੱਗੀਆਂ ਪਈਆਂ ਇੱਟਾਂ ਵੱਲ ਦੇਖਦਾ ਸਾਈਂ ਕੋਲ ਖੂਹੀ 'ਤੇ ਆ ਗਿਆ, '' ਲੈ ਹੁਣ ਤੂਈਂ ਦੱਸ ਏਸ ਵਿਗੜੇ ਸੂਰ ਦਾ ਕੀ 'ਲਾਜ ਹੋਵੇ... ਏਸ ਵੱਡੇ ਸਾਨ੍ਹ ਦੇ ਹੁਣ ਸਿੰਗ ਭੰਨਣੇ ਈ ਪੈਣੇ ਆਂ... ਮੈਂ ਤਾਂ ਇਕ ਮੁੰਡਾ ਇਹਦੇ ਲੇਖੇ ਲਾ ਦੇਣਾ... ਬਈ ਇਹਦੀ ਸਿਰੀ ਵੱਢ... ਜੇਲ੍ਹ ਈ ਜਾਣਾ ਪੈ ਜਾਵੂ... ਕੋਈ ਪਰਵਾਹ ਨਹੀਂ...।''

ਇਸੇ ਸਮੇਂ ਇਕ ਇੱਟ ਬੁੜ੍ਹੀ ਬਿੱਸੀ ਦੀ ਲੱਤ 'ਤੇ ਆ ਲੱਗੀ। ਬਿੱਸੀ ਤਾਂ ਲੇਰ ਮਾਰ ਕੇ ਥਾਂ ਈ ਲਿਟ ਗਈ। ਉਧਰ ਇਸੇ ਸਮੇਂ ਬਿੱਸੀ ਦਾ ਮੁੰਡਾ ਲਾਲੂ ਆ ਕੇ ਸਾਈਕਲ ਤੋਂ ਉਤਰਿਆ ਤੇ ਮਾਂ ਵੱਲ ਦੇਖ ਕੇ ਤੈਸ਼ ਵਿਚ ਆ ਗਿਆ। ਸਾਈਂ ਨੇ ਲਿਟੀ ਪਈ ਪਤਨੀ ਵੱਲ ਦੇਖਿਆ ਤਾਂ ਉਹ ਵੀ ਉਧਰ ਨੂੰ ਦੌੜਿਆ। ਲਾਲੂ ਗਾਲ੍ਹਾਂ ਕੱਢਦਾ ਹੁਕਮੀ ਦੇ ਮਕਾਨ ਵੱਲ ਹੋਇਆ ਤਾਂ ਮੁਨਸ਼ੀ ਬੋਲ ਪਿਆ, ''ਓਏ ਲਾਲੂ... ਇਹਨੇ ਪੌੜ੍ਹੀ ਕੋਠੇ 'ਤੇ ਤਾਂਹ ਚੜ੍ਹਾ ਲਈ ਆ... ਕੋਈ ਰਾਹ ਨਈਂ ਕੋਠੇ 'ਤੇ ਚੜ੍ਹਨ ਵਾਲਾ।''

''ਚੁੱਪ ਕਰ ਤੂੰ ਚਾਚਾ... ਵੇਖੀ ਚੱਲ ਤੂੰ ਇਹਦਾ ਕੀ ਹਾਲ ਕਰਦੇ ਆਂ... ਵੱਡੇ ਬਦਮਾਸ਼ ਦਾ...'' ਬੋਲਦਾ ਹੋਇਆ ਲਾਲੂ ਦੌੜ ਕੇ ਸਵਰਨੇ ਦੇ ਘਰ ਵੱਲ ਹੋਇਆ ਤੇ ਉਨ੍ਹਾਂ ਦੀ ਪੌੜੀ ਧੂਹ ਲਿਆਇਆ।

ਉਧਰ ਹੁਕਮੀ ਦਾ ਇੱਟ-ਹਮਲਾ ਬੰਦ ਹੋ ਗਿਆ। ਪਤਾ ਨਹੀਂ ਉਹਦੀਆਂ ਇੱਟਾਂ ਹੀ ਮੁੱਕ ਗਈਆਂ ਜਾਂ ਸਾਈਂ ਤੇ ਮੁਨਸ਼ੀ ਦੀਆਂ ਗਾਲ੍ਹਾਂ ਦਾ ਭੈਅ ਖਾ ਗਿਆ। ਲਾਲੂ ਨੇ ਖਿੱਚ-ਧੂਹ ਕੇ ਪੌੜੀ ਖੂਹੀ ਵੱਲ ਦਲੀਪੇ ਕੇ ਕੋਠੇ ਨਾਲ ਲਾ ਲਈ। ਲਾਲੂ ਨੇ ਅਜੇ ਤੀਜੇ ਪੌਡੇ 'ਤੇ ਹੀ ਪੈਰ ਰੱਖਿਆ ਸੀ ਤਾਰੀ ਹੱਸਦੀ ਹੋਈ ਖੂਹੀ ਵੱਲ ਆਉਂਦੀ ਬੋਲੀ, '' ਲਾਲੂ! ਵੇ ਉਹ ਤਾਂ ਉਤਰ ਕੇ ਡਾਬ ਵੱਲ ਦੌੜ ਗਿਆ...।''

ਲਾਲੂ ਦੇ ਪੈਰ ਉੱਥੇ ਹੀ ਰੁਕ ਗਏ ਤੇ ਉਹਨੇ ਮੋਟੀਆਂ ਮੋਟੀਆਂ ਦੋ ਤਿੰਨ ਗਾਲ੍ਹਾਂ ਕੱਢੀਆਂ ਤੇ ਸਾਈਂ ਵੱਲ ਦੇਖਦਾ ਬੋਲਿਆ, ''ਭਾਈਆ, ਹੁਣ ਨਈਂ ਮੈਂ ਇਹਨੂੰ ਛੱਡਣਾ... ਸਾਡੀ ਮਾਂ ਦੇ ਸੱਟ ਮਾਰੀ ਇਹਨੇ... ਕਹਿੰਦੇ ਹੋਰ ਵੀ ਕਈਆਂ ਦੇ ਲੱਗੀਆਂ ਇੱਟਾਂ...।''

''ਦਫ਼ਾ ਕਰ ਤੂੰ... ਅਕਲ ਦਾ ਘਾਟਾ... ਕਰਦਾਂ ਸਰਪੰਚ ਨਾਲ ਗੱਲ... ਕਰਦਾਂ ਇਹਦਾ 'ਲਾਜ। ਇੱਦਾਂ ਦਿਆਂ ਨੂੰ ਪੁਲੀਸ ਈ ਠੀਕ ਕਰਦੀ ਆ...'' ਕਹਿੰਦਾ ਹੋਇਆ ਸਾਈਂ ਬਿੱਸੀ ਨੂੰ ਮੰਜੇ 'ਤੇ ਲਿਟਾ ਕੇ, ਬੇਰੀਆਂ ਹੇਠਾਂ ਮੰਜੀ ਉੱਤੇ ਬਹਿ ਕੇ ਮਾਯੂਸ ਹੋਇਆ ਸੋਚੀਂ ਡੁੱਬ ਗਿਆ।

ਹੁਕਮੀ ਇਹੋ ਜਿਹਾ ਲੜਾਈ ਝਗੜੇ ਵਾਲਾ 'ਚਮਤਕਾਰ' ਸਾਲ ਵਿਚ ਦੋ ਤਿੰਨ ਵਾਰ ਤਾਂ ਕਰ ਹੀ ਦਿੰਦਾ ਸੀ। ਕੋਠੇ 'ਤੇ ਚੜ੍ਹ ਕੇ ਇੱਟਾਂ-ਵੱਟੇ ਮਾਰਨ ਵਾਲਾ ਕੰਮ ਤਾਂ ਉਹਨੇ ਨਵਾਂ ਹੀ ਕੀਤਾ ਸੀ। ਪਿਛਲੇ ਸਾਲ ਜਦੋਂ ਸਾਡੇ ਵਿਹੜੇ ਦੇ ਪਿਛਾੜੀ ਰਹਿੰਦੇ ਮਹਿਰੇ ਦੀਵਾਨ ਹੁਣਾਂ ਨਾਲ ਨਿੱਕੀ ਜਿਹੀ ਗੱਲੋਂ ਲੜ ਪਿਆ ਸੀ ਤਾਂ ਉਪਰਲੀ ਗਲੀ ਜਾ ਕੇ ਪਹਿਲਾਂ ਤਾਂ ਦੀਵਾਨ ਦੇ ਦੋਹਾਂ ਮੁੰਡਿਆਂ ਨੂੰ ਕੁੱਟਿਆ, ਫਿਰ ਉਨ੍ਹਾਂ ਦੇ ਪਾਣੀ ਵਾਲੇ ਘੜੇ ਤੋੜ ਦਿੱਤੇ, ਉਨ੍ਹਾਂ ਦੇ ਘਰ ਦੇ ਵੱਡੇ ਦਰਵਾਜ਼ੇ ਨੂੰ ਬਾਹਰੋਂ ਕੁੰਡਾ ਲਾ ਆਇਆ ਸੀ। ਆਪ ਫਿਰ ਜਿਉਂ ਸਾਈਕਲ ਚੁੱਕਿਆ ਤੇ ਪਿੰਡ ਚੁਗਿੱਟੀ ਵੱਲ ਵਗ ਗਿਆ ਸੀ। ਉਹਨੂੰ ਪਤਾ ਸੀ ਜਦੋਂ ਦੀਵਾਨ ਦੇ ਬਾਕੀ ਭਰਾਵਾਂ ਭਤੀਜਿਆਂ ਨੂੰ ਪਤਾ ਲੱਗੇਗਾ ਤਾਂ ਉਹ ਡਾਂਗਾਂ ਚੁੱਕੀ ਦੌੜੇ ਆਉਣਗੇ ਤੇ ਗੱਲ ਪਤਾ ਨਹੀਂ ਕਿੰਨੀ ਵਧ ਜਾਵੇ। ਉਸੇ ਦਿਨ ਜਦੋਂ ਹੁਕਮੀ ਦੀ ਇਸ ਕਰਤੂਤ ਦਾ ਦੀਵਾਨ ਦੇ ਖਣਬਾਦੇ ਵਾਲਿਆਂ ਨੂੰ ਪਤਾ ਲੱਗਾ ਤਾਂ ਉਹ ਸਾਰੇ 'ਕੱਠੇ ਹੋ ਕੇ ਬੁੜ੍ਹੇ ਬਸੰਤੇ, ਪੂਰਨ ਢਿੱਡਲ, ਚੁਬਾਰੇ ਵਾਲੇ ਲੇਖ ਰਾਜ ਤੇ ਡਿੱਪੂ ਵਾਲੇ ਭਾਨ ਸਿੰਘ ਨੂੰ ਲੈ ਕੇ ਇਕ ਤਰ੍ਹਾਂ ਪੰਚਾਇਤ ਜੋੜ ਕੇ ਸੜਕ ਉਪਰਲੀ ਛੋਟੀ ਪਿਲਕਣ ਹੇਠਾਂ ਆ ਬੈਠੇ। ਹੁਕਮੀ ਦੇ ਇਸ ਲੜਾਈ ਝਗੜੇ ਲਈ ਉਹਦੇ ਵੱਡੇ ਭਰਾ ਪੁਨੂੰ ਤੇ ਉਨ੍ਹਾਂ ਦੀ ਮਾਂ ਰੁਕਮਣ ਨੂੰ ਪੰਚਾਇਤ ਕੋਲੋਂ ਮੁਆਫ਼ੀ ਮੰਗਣੀ ਪਈ ਸੀ।

ਅੱਜ ਤਾਂ ਹੋਈਆਂ ਬੀਤੀਆਂ ਨੂੰ ਬਹੁਤ ਵਰ੍ਹੇ ਬੀਤ ਗਏ ਹਨ। ਮੈਂ ਲਾਡੋਵਾਲੀ ਛੱਡ ਕੇ ਚੰਡੀਗੜ੍ਹ ਆ ਵਸਿਆ। ਕਿਤੇ ਵਰ੍ਹੇ ਛਿਮਾਹੀਂ ਲਾਡੋਵਾਲੀ ਗਿਆਂ ਹੁਕਮੀ ਮਿਲ ਜਾਵੇ ਤਾਂ ਬੀਤ ਗਏ ਦੀਆਂ ਗੱਲਾਂ ਛੋਹ ਕੇ ਬਹਿ ਜਾਵੇਗਾ, ''ਓਏ ਕਾਕਾ, ਬੱਸ ਟੈਮ ਟੈਮ ਦੀਆਂ ਗੱਲਾਂ... ਬਹੁਤ ਕਰੋਧ ਹੰਦਾ ਸੀ ਮੇਰੇ ਵਿਚ... ਖੜੱਪੇ ਸੱਪ ਵਾਂਗ, ਜਾਹ ਤਾਂ ਕਿਸੇ ਦੀ ਵਧੀਕੀ ਨੂੰ ਦੇਖ ਜਰ ਜਾਵਾਂ... ਕਦੇ ਕਦੇ ਸੋਚਦਾਂ ਪਈ ਕਿੱਥੋਂ ਆਉਂਦਾ ਸੀ ਐਨਾ ਗੁੱਸਾ... ਜਿੱਦਾਂ ਮੈਂ ਲੜਾਈਆਂ ਕਰਦਾ ਸੀ... ਕੋਈ ਬੰਦਾ ਮਰ ਸਕਦਾ ਸੀ... ਮੈਂ ਹੁਣ ਤਕ ਜੇਲ੍ਹਾਂ 'ਚ ਗਲ ਸੜ ਜਾਂਦਾ... ਪਤਾ ਨਈਂ ਕਿੱਦਾਂ ਉਪਰ ਵਾਲੇ ਨੇ ਈ ਬਚਾਈ ਰੱਖਿਆ... ਪ੍ਰੇਮ ਸਿਆਂ, ਬਈ ਮੈਂ ਤਾਂ ਹੁਣ ਵੀ ਕਈ ਵਾਰੀ ਉਨ੍ਹਾਂ ਦੇ ਘਰੀਂ ਜਾ ਕੇ ਮਾਫ਼ੀਆਂ ਮੰਗਦਾਂ... ਪੈਰੀਂ ਪੈਂਦਾਂ... ਬਈ ਮੈਨੂੰ ਮਾਫ਼ ਕਰ ਦਿਓ...।''

ਪੰਜਾਂ ਭਰਾਵਾਂ 'ਚ ਉਹ ਚੌਥੇ ਥਾਂ ਹੈ- ਵੱਡਾ ਪੁਨੂੰ, ਛੋਟਾ ਦਲੀਪਾ, ਫਿਰ ਅਮੀਆ ਨਚਾਰ। ਨਚਾਰ ਉਦੋਂ ਉਹਨੂੰ ਕਹਿਣ ਲੱਗੇ ਜਦੋਂ ਕਈ ਸਾਲ ਉਹ ਘਰੋਂ ਦੌੜਿਆ ਰਿਹਾ। ਜਦੋਂ ਲੱਭਾ ਤਾਂ ਉਹ ਨਕਲੀਆਂ ਨਾਲ ਰਲਿਆ ਹੋਇਆ ਸੀ ਤੇ, ਨਚਾਰ ਬਣ ਗਿਆ ਸੀ। ਮੈਂ ਏਸੇ ਕਰਕੇ ਉਹਨੂੰ 'ਅਮੀਆ ਨਚਾਰ' ਕਹਿੰਦਾ ਹਾਂ। ਚੌਥੇ ਥਾਂ ਹੁਕਮੀ ਸੀ ਤੇ ਪੰਜਵਾਂ ਘਾਵਾ। ਘਾਵਾ ਹੀ ਸੀ ਜੋ ਬਾਅਦ ਵਿਚ ਕਾਬਲ ਸਿੰਘ ਬਣਿਆ। ਕਾਬਲ ਸਿੰਘ ਨੇ ਚੰਗੀਆਂ ਪੜ੍ਹਾਈਆਂ ਕੀਤੀਆਂ ਤੇ ਖਾਲਸਾ ਕਾਲਜ ਦੀ ਕਲਰਕੀ ਛੱਡ ਕੇ ਨੰਗਲ ਅੰਬੀਆਂ ਮਾਸਟਰ ਜਾ ਲੱਗਾ।

ਹੁਕਮੀ ਜਦੋਂ ਸ਼ਰਾਬੀ ਹੋਇਆ ਕਾਬਲ ਦੁਆਲੇ ਹੁੰਦਾ ਤਾਂ ਅੰਤਾਂ ਦੀਆਂ ਗਾਲ੍ਹਾਂ ਕੱਢਦਾ ਤੇ ਕਦੇ ਕਦੇ ਹੂਰਾ ਮੁੱਕੀ ਵੀ ਹੋ ਜਾਂਦੇ। ਵਿਚ ਨੂੰ ਤਾਂ ਕਾਬਲ ਨੇ ਫਿਰ ਲਾਡੋਵਾਲੀ ਆਉਣਾ ਐਨਾ ਘੱਟ ਕਰ ਦਿੱਤਾ ਕਿ ਸਾਨੂੰ ਤਾਂ ਉਹਦਾ ਚਿਹਰਾ ਵੀ ਭੁੱਲਣ ਵਾਲਾ ਹੋਣ ਲੱਗ ਪਿਆ। ਫਿਰ ਤਾਂ ਕਾਬਲ ਆਪਣਾ ਵਿਆਹ ਕਰਾਉਣ ਹੀ ਘਰ ਆਇਆ।

ਫਿਰ ਤਾਂ ਇਸ ਪਰਿਵਾਰ ਵਿਚ ਐਸੀ ਤਬਦੀਲੀ ਆ ਗਈ ਕਿ ਦੇਖਣ ਵਾਲਾ ਕੁਦਰਤ ਦੇ ਰੰਗਾਂ ਦੇ ਬਲਿਹਾਰੇ ਜਾਂਦਾ। ਹੁਕਮੀ ਨੂੰ ਐਸਾ ਕੋਈ ਬੰਦਾ ਟੱਕਰ ਗਿਆ ਜਿਹੜਾ ਉਹਨੂੰ ਧੂਹ ਕੇ ਬਿਆਸ ਰਾਧਾ ਸੁਆਮੀਆਂ ਦੇ ਲੈ ਗਿਆ। ਉਹ ਦਿਨ ਜਾਵੇ ਤੇ ਅੱਜ ਦਾ ਆਵੇ ਹੁਕਮੀ ਨੇ ਸ਼ਰਾਬ ਵੱਲ ਅੱਖ ਨਹੀਂ ਕੀਤੀ। ਤੇ ਦੂਜੇ ਪਾਸੇ ਕਾਬਲ ਦਾ ਇਹ ਹਾਲ ਹੋ ਗਿਆ ਕਿ ਉਹਦੇ ਘਰ ਰੋਜ਼ ਸ਼ਰਾਬ ਆਉਣ ਲੱਗੀ। ਕਈ ਕਹਿੰਦੇ ਮੁੰਡਾ ਕੀ ਜੰਮ ਪਿਆ ਇਹਦੀਆਂ ਤਾਂ ਨਾੜਾਂ ਹੀ ਸ਼ਰਾਬ ਵੱਲ ਹੋ ਗਈਆਂ। ਉਹਦਾ ਇਹ ਕੰਮ ਵਧਦਾ ਹੀ ਗਿਆ।

ਜਿੱਦਾਂ ਕਦੀ ਕਾਬਲ, ਰੁਕਮਣ ਤੇ ਹੋਰ ਆਂਢ-ਗੁਆਂਢ ਹੁਕਮੀ ਨੂੰ ਸ਼ਰਾਬ ਵੱਲੋਂ ਮੂੰਹ ਮੋੜਨ ਲਈ ਕਹਿੰਦੇ ਰਹੇ ਸਨ, ਹੁਣ ਕਾਬਲ ਨੂੰ ਕਹਿਣ ਲੱਗਦੇ। ਫਿਰ ਤਾਂ ਹੱਦ ਹੀ ਮੁੱਕ ਗਈ। ਕਾਬਲ ਸੜਕਾਂ ਗਲੀਆਂ ਵਿਚ ਸ਼ਰਾਬੀ ਹੋਇਆ ਧੱਕੇ ਖਾਣ ਲੱਗਾ। ਛੁੱਟੀ 'ਤੇ ਛੁੱਟੀ ਹੋਣ ਲੱਗੀ। ਹੁਣ ਤਾਂ ਉਹ ਬਦਲੀ ਕਰਾ ਕੇ ਜਲੰਧਰ ਦੇ ਨੇੜੇ ਹੀ ਤਲਣ ਦੇ ਸਕੂਲ ਵਿਚ ਆ ਲੱਗਾ ਜਿੱਥੇ ਉਹ ਤਿੰਨ ਮਹੀਨੇ ਬਾਅਦ ਸਕੂਲ ਦਾ ਪ੍ਰਿੰਸੀਪਲ ਵੀ ਬਣ ਗਿਆ।

ਹੁਣ ਹਾਲਾਤ ਇਹੋ ਜਿਹੇ ਪੈਦਾ ਹੋ ਗਏ ਕਿ ਕੁਦਰਤ ਦੇ ਰੰਗਾਂ ਵੱਲ ਦੇਖ ਕੇ ਹੈਰਾਨੀ ਹੁੰਦੀ, ਪ੍ਰੇਸ਼ਾਨੀ ਹੁੰਦੀ। ਹੁਕਮੀ ਜਲੰਧਰੋਂ ਬਿਆਸ ਜਾਣ ਵਾਲੇ ਜਥੇ ਦਾ ਮੁਖੀ ਹੁੰਦਾ, ਇਕ ਬੱਸ ਦਾ ਉਹ ਨਿਗਰਾਨ ਬਣਿਆ ਹੁੰਦਾ ਤੇ ਲੋਕ ਲੰਘਦੇ ਵੜਦੇ ਨੂੰ ਰਾਧਾ ਸੁਆਮੀ ਬੋਲਦੇ। – ਉਧਰ ਕਾਬਲ ਸਿੰਘ ਨੇ ਸ਼ਰਾਬ ਦੇ ਠੇਕੇ ਵਾਲਿਆਂ ਦੇ ਪੈਸੇ ਸਿਰ ਚੜ੍ਹਾਏ ਹੁੰਦੇ, ਲੈਣ ਵਾਲੇ ਘਰ ਆਉਣ 'ਤੇ ਕਾਬਲ ਸਿੰਘ ਦੇ ਘਰੋਂ ਦੁਖੀ ਹੋ ਕੇ ਰੋ ਰੋ ਕਹਿੰਦੀ, ''ਤੂੰ ਤਾਂ ਹੁਣ ਕਿਤੇ ਮਰ ਖਪ ਈ ਜਾ... ਕਿਸੇ ਖੂਹ-ਖਾਤੇ ਵਿਚ ਡੁੱਬ ਮਰ... ਮੈਨੂੰ ਤਾਂ ਤੇਰੇ ਮਰੇ ਦਾ ਈ ਸੁਨੇਹਾ ਆਏ।''

# ਮੋਹ ਦੀਆਂ ਤੰਦਾਂ

ਦਾਸ ਨੂੰ ਪਤਾ ਨਈਂ ਕੀ ਹੋ ਗਿਆ ਸੀ, ਉਹ ਤਾਂ ਖ਼ੁਸ਼ ਹੀ ਬੜਾ ਰਹਿੰਦਾ ਹੁੰਦਾ ਸੀ। ਹਰ ਵੇਲੇ ਦੂਜਿਆਂ ਨੂੰ ਮਖੌਲ ਕਰੀ ਜਾਣੇ, ਟਿੱਚਰਾਂ ਕਰੀ ਜਾਣੀਆਂ। ਹੁਣ ਤਾਂ ਦਿਨ ਰਾਤ ਖਿਝਿਆ ਰਹਿੰਦਾ। ਔਖਾ ਔਖਾ ਬੋਲਦਾ ਤੇ ਦੇਖਦਾ ਵੀ ਵੱਢਖਾਣਿਆਂ ਵਾਂਗ। ਅਸੀਂ ਨਿਆਣੇ ਤਾਂ ਇਹੋ ਸੋਚਦੇ ਕਿ ਜਦੋਂ ਦੀ ਦਾਸ ਦੀ ਦੂਜੀ ਵਹੁਟੀ ਆਈ ਹੈ, ਉਸੇ ਨੇ ਕੋਈ ਜਾਦੂ-ਟੂਣਾ ਕਰ ਦਿੱਤਾ ਹੋਵੇਗਾ। ਕੀ ਪਤਾ ਉਹਨੇ ਆਪਣੇ ਪੇਕਿਆਂ ਦਿਓਂ ਲਿਆ ਕੇ ਦਾਸ ਨੂੰ ਤਵੀਤ ਖੁਆ ਦਿੱਤੇ ਹੋਣ, ਨਹਾਉਣ ਲੱਗੇ ਦਾਸ ਦੇ ਪਾਣੀ ਵਿਚ ਕਿਸੇ ਚੇਲੇ ਕੋਲੋਂ ਲਿਆ ਕੇ ਰਾਖ ਮਿਲਾ ਦਿੱਤੀ ਹੋਵੇ।

ਦਾਸ ਦੀ ਵਹੁਟੀ ਵੱਲ ਅਸੀਂ ਨਿਆਣੇ ਘੂਰ-ਘੂਰ ਕੇ ਦੇਖਦੇ। ਕਦੇ ਉਹਨੂੰ 'ਪੈਰੀਂ ਪੈਣਾ' ਜਾਂ 'ਚਾਚੀ ਮੱਥਾ ਟੇਕਦਾਂ' ਵੀ ਨਾ ਕਹਿੰਦੇ। ਉਹਨੇ ਸਾਡੇ ਤੋਂ ਸਾਡਾ ਚਾਚਾ ਜੁ ਖੋਹ ਲਿਆ ਸੀ। ਪਤਾ ਨਈਂ ਕਿਹੋ ਜਿਹੀ ਸੀ ਇਹ ਵਹੁਟੀ? ਸੋਹਣੀ ਤਾਂ ਬਥੇਰੀ ਐ, ਪਰ ਡਾਹਢੀ... ਨਾਲੇ ਇਹ ਕਿਹੜਾ ਵਿਆਹ ਕੇ ਲਿਆਂਦੀ ਐ... ਇਹ ਤਾਂ ਸਾਈਂ ਕੇ ਘਰ ਇੱਦਾਂ ਆ ਬੈਠੀ ਜਿੱਦਾਂ ਪ੍ਰਾਹੁਣੀ ਆਈ ਹੋਵੇ।

ਦਾਸ ਦੀ ਪਹਿਲੀ ਵਹੁਟੀ ਮਰ ਗਈ ਸੀ, ਡੇਢ ਕੁ ਸਾਲ ਦੀ ਕੁੜੀ ਨੂੰ ਛੱਡ ਕੇ। ਓਸ ਵਹੁਟੀ ਦਾ ਸੁਭਾਅ ਬੜਾ ਚੰਗਾ ਸੀ। ਜਦੋਂ ਵੀ ਸਾਈਂ ਦੀਆਂ ਬੇਰੀਆਂ ਨੂੰ ਬੇਰ ਲੱਗਦੇ, ਉਹ ਸਾਨੂੰ ਨਿਆਣਿਆਂ ਨੂੰ ਹਾਕਾਂ ਮਾਰ-ਮਾਰ ਕੇ ਬੇਰ ਵੰਡਦੀ। ਉਹ ਸਵੇਰੇ ਹੀ ਮਾਂਜਾ ਮਾਰਨ ਲੱਗੀ ਬੇਰ 'ਕੱਠੇ ਕਰਕੇ ਰੱਖ ਲੈਂਦੀ। ਅਸੀਂ ਤਾਂ ਉਹਦਾ ਨਾਂ ਈ 'ਬੇਰਾਂ ਵਾਲੀ ਚਾਚੀ' ਰੱਖ ਲਿਆ ਸੀ। ਸਾਡੇ ਵੱਲੋਂ ਰੱਖੇ ਏਸ ਨਾਂ ਨੂੰ ਸੁਣ ਕੇ ਦਾਸ ਦੀ ਮਾਂ ਬਿੱਸੀ ਬੜਾ ਖ਼ੁਸ਼ ਹੁੰਦੀ ਤੇ ਆਖਦੀ ''ਸਾਡੀ ਵਹੁਟੀ ਵਰਗੀ ਤਾਂ ਰੱਬ ਸਾਰਿਆਂ ਨੂੰ ਦੇਵੇ, ਬੜੀ ਬਰਕਤ ਵਾਲੀ ਨੌਂਹ ਆਂ... ਜਿੱਦਣ ਦੀ ਵਿਆਹੀ ਆਈ ਐ ਸਾਡਾ ਘਰ ਤਾਂ ਮਹਿਕਾਂ ਨਾਲ ਭਰਿਆ ਰਹਿੰਦਾ... ਰੱਬ ਇਹਨੂੰ ਭਾਗ ਲਾਵੇ... ਮਹਾਰਾਜ ਇਹਨੂੰ ਖੁਸ਼ੀਆਂ ਦੇਵੇ...।''

'ਬੇਰਾਂ ਵਾਲੀ ਚਾਚੀ' ਦਾ ਅਸੀਂ ਤਿਹੁ ਵੀ ਬਹੁਤ ਕਰਦੇ ਸੀ। ਉਹ ਜਦੋਂ ਖੂਹੀ 'ਤੇ ਪਸ਼ੂਆਂ ਨੂੰ ਪਾਣੀ ਡਾਹੁਣ ਲੱਗਦੀ ਤਾਂ ਅਸੀਂ ਮੁੰਡੇ ਤਿੰਨ ਤਿੰਨ ਜਣੇ ਰਲ ਕੇ ਬਾਲਟੀ ਦੀ ਲੱਜ ਖਿੱਚਦੇ ਤੇ ਘੜੀਆਂ ਪਲਾਂ ਵਿਚ ਹੀ ਟੱਬ ਭਰੀ ਜਾਂਦੇ। ਅਸੀਂ ਚਾਚੀ ਨੂੰ ਬਾਲਟੀ ਜਾਂ ਲੱਜ ਦੇ ਨੇੜੇ ਨਾ ਆਉਣ ਦਿੰਦੇ। ਚਾਰੇ ਪਸ਼ੂਆਂ ਨੂੰ ਪਾਣੀ ਡਾਹ ਕੇ ਚਾਚੀ ਸਾਨੂੰ ਬੇਰੀਆਂ ਹੇਠਾਂ ਲੈ ਜਾਂਦੀ ਤੇ ਤਿੰਨਾਂ ਬੇਰੀਆਂ ਨੂੰ ਇਕ ਹਲੂਣਾ ਤਾਂ ਜ਼ਰੂਰ ਦੇ ਦਿੰਦੀ। ਅਸੀਂ ਬੇਰਾਂ ਨਾਲ ਜੇਬਾਂ ਭਰੀ ਗਰਾਊਂਡ ਵੱਲ ਸ਼ੂਟਾਂ ਵੱਟ ਦਿੰਦੇ।

ਜਿਸ ਦਿਨ 'ਬੇਰਾਂ ਵਾਲੀ ਚਾਚੀ' ਚਲ ਵਸੀ ਸਾਨੂੰ ਮੁੰਡਿਆਂ ਨੂੰ ਬੜਾ ਵਿਯੋਗ ਲੱਗਾ। ਰੋਏ ਤਾਂ ਅਸੀਂ ਦਾਸ ਵੱਲ ਦੇਖ ਕੇ ਸੀ ਕਿਉਂਕਿ ਉਹ ਇਕ ਬੇਰੀ ਦੇ ਨਾਲ ਲੱਗਾ ਧਾਹਾਂ ਮਾਰ ਮਾਰ ਵਿਲਕ ਰਿਹਾ ਸੀ। ਫਿਰ ਸਾਲ ਕੁ ਬਾਅਦ ਹੀ ਦਾਸ ਦੇ ਘਰ ਨਵੀਂ ਵਹੁਟੀ ਆ ਗਈ।

ਦਾਸ ਦੀ ਨਵੀਂ ਵਹੁਟੀ ਨਾਲ ਕਈ ਮਹੀਨੇ ਸਾਡੀ ਸੁਰ ਸਾਂਝੀ ਨਾ ਹੋਈ। ਇਕ ਤਾਂ ਉਹਨੇ ਬੇਰ ਪੱਕਣ ਵੇਲੇ ਕਦੇ ਵੀ ਸਾਨੂੰ ਕੋਲ ਸੱਦ ਕੇ ਬੇਰ ਨਾ ਦਿੱਤੇ, ਫਿਰ ਪਸ਼ੂਆਂ ਨੂੰ ਪਾਣੀ ਡਾਹੁਣ ਵੇਲੇ ਸਾਨੂੰ ਹਾਕਾਂ ਮਾਰ ਕੇ ਖੂਹੀ 'ਚੋਂ ਪਾਣੀ ਕੱਢਣ ਲਈ ਨਾ ਕਿਹਾ। ਨਾ ਉਹਨੇ ਕਦੇ ਸਾਨੂੰ ਮਖਾਣੇ, ਮਰੂੰਡਾ ਜਾਂ ਠੂਠੀ ਖਾਣ ਨੂੰ ਦਿੱਤੀ। ਇਸੇ ਕਰਕੇ ਤਾਂ ਉਹ ਸਾਨੂੰ ਚੰਗੀ ਨਈਂ ਸੀ ਲੱਗਦੀ।

ਦਾਸ ਦੀ ਧੀ ਜਿਹਦਾ ਨਾਂ ਗੁੱਡੀ ਸੀ, ਅਜੇ ਤਾਂ ਬਹੁਤ ਛੋਟੀ ਸੀ। ਉਹਨੇ ਮਾਂ ਦਾ ਵਿਯੋਗ ਬੜਾ ਮੰਨਿਆ। ਉਹਨੂੰ ਮਾਂ ਨਾ ਦਿੱਸਦੀ ਤਾਂ ਉਹ ਲੇਰਾਂ ਮਾਰਨ ਲੱਗਦੀ। ਅਸੀਂ ਉਹਨੂੰ ਕਈ ਜਣੇ ਚੁੱਕੀ ਫਿਰਦੇ ਤੇ ਖਿਡਾਉਂਦੇ ਰਹਿੰਦੇ। ਉਂਜ ਤਾਂ ਦਾਦੀ ਬਿੱਸੀ, ਲਾਲੂ ਤੇ ਭਾਲੂ ਵੀ ਗੁੱਡੀ ਨੂੰ ਹੇਠਾਂ ਪੈਰ ਨਾ ਲਾਉਣ ਦਿੰਦੇ, ਪਰ ਕੁੜੀ ਨੂੰ ਮਾਂ ਨਾ ਭੁੱਲਦੀ।

ਫਿਰ ਵੇਖੋ ਕੁਦਰਤ ਦੀ ਖੇਡ ਕੀ ਬਣੀ, ਦਾਸ ਦੀ ਵਹੁਟੀ ਆਈ ਨੂੰ ਤੀਜਾ ਸਾਲ ਚੜ੍ਹ ਪਿਆ ਸੀ ਉਹਨੂੰ ਬੱਚਾ ਹੋਣ ਦਾ ਅਜੇ ਵੀ ਕੋਈ ਨਾਮੋ-ਨਿਸ਼ਾਨ ਨਹੀਂ ਸੀ ਦਿਸਦਾ। ਗਲੀ ਦੇ ਪੂਰੇ ਘਰਾਂ ਦੀਆਂ ਬੁੜ੍ਹੀਆਂ ਮੂੰਹ ਜੋੜ ਜੋੜ ਗੱਲਾਂ ਕਰਨ ਲੱਗੀਆਂ। ਹੁਣ ਤਾਂ ਇਹ ਵਿਉਂਤਾਂ ਸਿਰੇ ਚੜ੍ਹਨ ਲੱਗੀਆਂ ਕਿ ਲਾਲੂ ਦਾ ਵਿਆਹ ਕਰ ਦਿੱਤਾ ਜਾਵੇ। ਸਾਈਂ ਤੇ ਬਿੱਸੀ ਨੇ ਸਾਰੀ ਸਕੀਰੀ ਵਿਚ ਦੌੜ-ਭੱਜ ਸ਼ੁਰੂ ਕਰ ਦਿੱਤੀ।

ਲਾਲੂ ਰਤਾ ਮਧਰੇ ਕੱਦ ਦਾ ਸੀ, ਪੰਜ ਫੁੱਟ ਦੋ-ਤਿੰਨ ਇੰਚ। ਉਹ ਬਾਬੇ ਸਾਈਂ 'ਤੇ ਗਿਆ ਸੀ ਆਪਣੇ ਪਿਓ 'ਤੇ। ਲਾਲੂ ਤੋਂ ਛੋਟੇ ਭਾਲੂ ਦਾ ਕੱਦ-ਕਾਠ ਦਾਸ ਵਰਗਾ ਸੀ। ਸਾਨੂੰ ਇਕ ਗੱਲ ਹੋਰ ਵੀ ਕਈ ਚਿਰ ਬਾਅਦ ਪਤਾ ਲੱਗੀ ਕਿ ਦਾਸ ਦੀ ਬਹੂ ਦੂਜੇ ਥਾਂ ਬਿਠਾਈ ਗਈ ਸੀ। ਪਹਿਲੀ ਥਾਂ ਤੋਂ ਵੀ ਨਿਆਣਾ ਨਿੱਕਾ ਨਾ ਹੋਣ ਕਾਰਨ ਹੀ ਉਹਨੂੰ ਛੱਡਿਆ ਸੀ। ਇਸ ਗੱਲ ਦਾ ਸਾਈਂ-ਬਿੱਸੀ ਤੋਂ ਪੂਰੀ ਤਰ੍ਹਾਂ ਲੁਕੋ ਰੱਖਿਆ ਸੀ। ਇਹ ਭੇਦ ਹੁਣ ਉਸੇ ਪਿੰਡ ਦਾ ਕੋਈ ਬੰਦਾ ਖੋਲ੍ਹ ਗਿਆ ਸੀ ਜਿੱਥੇ ਇਹ ਵਹੁਟੀ ਪੰਜ ਸਾਲ ਰਹਿ ਕੇ ਆਈ ਸੀ।

ਇਧਰ ਸਾਈਂ ਤੇ ਬਿੱਸੀ 'ਸਿਆਣਿਆਂ' ਕੋਲ ਜਾਣ ਲੱਗੇ। ਜਿੱਥੇ ਵੀ ਕੋਈ ਦੱਸਦਾ ਉਹ ਉੱਥੇ ਜਾ ਪਹੁੰਚਦੇ। ਧਾਗਾ ਤਵੀਤ ਲਿਆਉਂਦੇ ਤੇ ਵਹੁਟੀ ਦੇ ਗਲ ਵਿਚ ਪਾ ਦਿੰਦੇ। ਚਾਚੀ ਚੰਨੋ ਦੱਸਦੀ ਸੀ ਕਿ ਵਹੁਟੀ ਤਾਂ ਟੂਣੇ ਵੀ ਕਰਨ ਲੱਗੀ ਸੀ। ਇਸੇ ਕਰਕੇ ਤਾਂ ਉਹਨੇ ਮੈਨੂੰ ਸਖ਼ਤ ਤਾੜਨਾ ਕਰ ਦਿੱਤੀ ਸੀ, ਮੈਨੂੰ ਕਹਿੰਦੀ, ''ਓਏ ਊਥਰਾ, ਇਕ ਵਾਰੀ ਸੁਣ ਲਾ ਮੇਰੀ ਗੱਲ- ਪਹਿਲੀ ਗੱਲ ਤਾਂ ਚਾਚੀ ਬਿੱਸੀ ਕੇ ਘਰ ਆਉਣਾ ਜਾਣਾ ਬੰਦ ਕਰ... ਉਨ੍ਹਾਂ ਦੇ ਘਰੋਂ ਵਹੁਟੀ ਕੋਲੋਂ ਕੋਈ ਚੀਜ਼ ਲੈ ਕੇ ਨਈਂ ਖਾਣੀ... ਦੁੱਧ ਲੈ ਕੇ ਨਈਂ ਪੀਣਾ... ਮੈਂ ਤਾਂ ਕਹਿੰਦੀ ਆਂ ਤੂੰ ਭਾਲੂ ਦਾ ਸਾਥ ਈ ਛੱਡ...।''

ਮੈਂ ਭਾਲੂ ਦਾ ਸਾਥ ਕਿੱਦਾਂ ਛੱਡਾਂ? ਅੱਠਵੀਂ ਵਿਚ ਦੋ ਵਾਰ ਫੇਲ੍ਹ ਹੋ ਕੇ ਮੈਂ ਉਹਦੇ ਨਾਲ ਆ ਮਿਲਿਆ ਸੀ। ਮੈਨੂੰ ਲਾਲਚ ਹੁੰਦਾ ਸੀ ਇਕ ਤਾਂ ਉਨ੍ਹਾਂ ਦੇ ਘਰ ਬਿਜਲੀ ਸੀ ਤੇ ਰਾਤ ਨੂੰ ਅਸੀਂ ਕਿੰਨਾ ਕਿੰਨਾ ਚਿਰ ਬਹਿ ਕੇ ਪੜ੍ਹਦੇ ਰਹਿੰਦੇ ਸੀ। ਦੂਜੀ ਗੱਲ ਪੂਰੇ ਵਿਹੜੇ ਵਿਚ ਸਾਈਂ ਕੇ ਘਰ ਹੀ ਬਿਜਲੀ ਵਾਲਾ ਰੇਡੀਓ ਸੀ ਜਿਹਦੇ ਉਪਰ ਖ਼ਬਰਾਂ ਵੀ ਆਉਂਦੀਆਂ ਤੇ ਪੰਜਾਬੀ ਦੇ ਗਾਣੇ-ਗੀਤ ਵੀ ਆਉਂਦੇ। ਫਿਰ ਬਿੱਸੀ ਤਾਂ ਮੈਨੂੰ ਭਾਲੂ ਤੋਂ ਵੱਧ ਮੋਹ ਕਰਦੀ ਸੀ। ਸੋ ਚਾਚੀ ਦੇ ਰੋਕਣ ਦੇ ਬਾਵਜੂਦ ਮੈਂ ਅੱਖ ਬਚਾਅ ਕੇ ਭਾਲੂ ਦੇ ਘਰ ਜਾ ਵੜਦਾ।

ਅਜਿਹੀ ਸਥਿਤੀ ਸਮੇਂ ਹੀ ਦਾਸ ਖਿਝਿਆ ਖਿਝਿਆ ਰਹਿਣ ਲੱਗਾ। ਉਹ ਸਾਨੂੰ ਗਾਲ੍ਹਾਂ ਕੱਢਦਾ ਤੇ ਬੇਰੀਆਂ ਹੇਠਾਂ ਮੰਜਿਆਂ ਉੱਤੇ ਬਹਿਣ ਨਾ ਦਿੰਦਾ। ਤਿੰਨ ਚਾਰ ਵਾਰ ਤਾਂ ਉਹਨੇ ਵਹੁਟੀ ਨੂੰ ਵੀ ਚੰਗਾ ਤਾਂਬੜ ਚਾੜ੍ਹ ਦਿੱਤਾ ਸੀ ਤੇ ਉਹ ਰੁੱਸ ਕੇ ਸੰਤੋਖਪੁਰੇ ਆਪਣੇ ਪੇਕੀਂ ਜਾ ਬੈਠੀ ਸੀ। ਦਾਸ ਤਾਂਗਾ ਲੈ ਕੇ ਕਿਸੇ ਕਿਸੇ ਦਿਨ ਸ਼ਹਿਰ ਨੂੰ ਵੀ ਨਾ ਜਾਂਦਾ। ਉਹਨੂੰ ਤਾਂ ਬੱਸ ਗੁੱਡੀ ਹੀ ਚੰਗੀ ਲੱਗਦੀ ਸੀ ਜਿਹਨੂੰ ਮੋਢਿਆਂ 'ਤੇ ਬਿਠਾਈ ਕਦੇ ਚਾਹ ਵਾਲੇ ਰਣੀਏ ਦੇ ਦੁਪਹਿਰ ਤਕ ਬੈਠਾ ਰਹਿੰਦਾ ਜਾਂ ਦੁਕਾਨਦਾਰ ਨਰੈਣੇ ਕੋਲ ਜਾ ਕੇ ਤਾਸ਼ ਖੇਡਣ ਲੱਗ ਪੈਂਦਾ। ਇਹ ਉਹੀ ਦਾਸ ਸੀ ਜਿਹੜਾ ਸ਼ਹਿਰੋਂ ਤਾਂਗਾ ਵਾਹ ਕੇ ਮੁੜਦਾ ਤਾਂ ਚੁਬਾਰੇ ਕੋਲ ਖੇਡਦੇ ਨਿਆਣਿਆਂ ਨੂੰ ਤਾਂਗੇ ਵਿਚ ਬਿਠਾਉਂਦਾ ਤੇ ਜਰਨੈਲੀ ਸੜਕ ਤਕ ਲੈ ਜਾਂਦਾ। ਨਿਆਣੇ ਵੀ ਖ਼ੁਸ਼ ਤੇ ਦਾਸ ਵੀ ਖਿੜਿਆ ਰਹਿੰਦਾ। ਪਰ ਹੁਣ ਤਾਂ ਪਤਾ ਨਈਂ ਕੀ ਸੱਪ ਸੁੰਘ ਗਿਆ ਸੀ ਕਿ ਦਾਸ ਸਾਰਿਆਂ ਨੂੰ ਹੀ ਟੁੱਟ ਟੁੱਟ ਪੈਂਦਾ।

''ਸਾਰਾ ਰਾਹ ਮੱਲ ਕੇ ਬਹਿ ਜਾਂਦੇ ਆ... ਮੰਜੇ ਈ ਮੰਜੇ... ਇੱਥੇ ਮੇਲਾ ਲੱਗਾ ਸੀ... ਪਤਾ ਨੀਂ ਕਦੋਂ ਅਕਲ ਆਊ ਇਨ੍ਹਾਂ ਨੂੰ... ਮੈਂ ਤਾਂਗਾ ਚਾੜ੍ਹ ਕੇ ਕਿਸੇ ਦੀ ਬਾਹੀ ਸੇਰੂ ਤੋੜੂੰ ਫੇਰ ਈ ਡਾਹੁਣੋਂ ਹਟਣਗੇ... ਏਧਰ ਕੋਈ ਮੋਟਰ ਕਾਰ ਵਾਲਾ ਈ ਨੀਂ ਆਉਂਦਾ...'' ਦਾਸ ਬੋਲੀ ਜਾਂਦਾ ਸੀ ਤੇ ਅਖੀਰ ਤਾਂਗੇ ਤੋਂ ਉਤਰ ਕੇ ਉਹਨੇ ਉਹ ਮੰਜੀ ਚੁੱਕੀ ਜਿਹੜੀ ਬੀਹੀ ਵਿਚ ਸਹਿਜ-ਸੁਭਾਅ ਡਿੱਗੀ ਪਈ ਸੀ।

''ਦਾਸ ਕੀ ਗੱਲ ਹੋ ਗਈ ਐਵੇਂ ਨਈਂ ਕਰੋਧ 'ਚ ਭੁੱਜੇ ਰਹੀਦਾ... ਇਹ ਕਿਹੜਾ ਜੀਟੀ ਰੋਡ ਐ... ਬੀਹੀ 'ਚ ਮੰਜੇ ਰੱਖੇ ਈ ਹੁੰਦੇ ਐ... ਤੂੰ ਕਰਤਾਰਪੁਜੀਆਂ ਵਾਲੀ ਬੀਹੀ ਵੱਲੋਂ ਆ ਜਿਆ ਕਰ...'' ਮੇਰਾ ਬਾਬਾ ਬਾਹਰ ਆ ਕੇ ਘੂਰ ਕੇ ਬੋਲਿਆ ਤਾਂ ਦਾਸ ਚੁੱਪ ਕਰਕੇ ਤੁਰ ਪਿਆ।

ਕੁਦਰਤ ਦਾ ਭਾਣਾ ਇਹ ਵਾਪਰਿਆ ਕਿ ਦਾਸ ਤੋਂ ਤੀਜੇ ਥਾਂ ਛੋਟੀ ਭੈਣ ਸ਼ੀਲੋ, ਜਿਹੜੀ ਬਿਣਗਾਂ ਵਿਆਹੀ ਹੋਈ ਸੀ, ਹਫ਼ਤਾ ਕੁ ਬਿਮਾਰ ਰਹਿ ਕੇ ਚੱਲ ਵਸੀ। ਉਹਦੀ ਧੀ ਤਾਂ ਦਾਸ ਦੀ ਵੱਡੀ ਭੈਣ ਨੇ ਗੋਦ ਲੈ ਲਈ ਤੇ ਉਹਦਾ ਮੁੰਡਾ ਉਨ੍ਹਾਂ ਦਾਸ ਦੀ ਝੋਲੀ ਪਾ ਦਿੱਤਾ। ਗੱਲ ਇਹ ਉਦੋਂ ਸਿਰੇ ਚੜ੍ਹੀ ਜਦੋਂ ਦਾਸ ਸ਼ੀਲੋ ਨੂੰ ਬਿਣਗਾਂ ਵਾਲੇ ਪ੍ਰਾਹੁਣੇ ਦੇ ਘਰ ਬਿਠਾਉਣੀ ਮੰਨ ਗਿਆ। ਦਾਸ ਮੁੰਡੇ ਨੂੰ ਵਹੁਟੀ ਦੀ ਗੋਦ 'ਚ ਬਿਠਾਉਂਦਾ ਬੋਲਿਆ, ''ਸਤਗੁਰਾਂ ਨੇ ਆਪ ਆਪਣੀ ਝੋਲੀ ਪਾਇਆ ਕਾਕੇ ਨੂੰ... ਬਾਬਿਆਂ ਦਾ ਨਾਂ ਲੈ ਕੇ ਪਾਲ ਇਹਨੂੰ...।''

ਦਾਸ ਦੀ ਵਹੁਟੀ ਨੇ ਮੁੰਡੇ ਨੂੰ ਝੋਲੀ ਪੁਆ ਕੇ ਸੱਤ ਵਾਰ ਧਰਤੀ ਨੂੰ ਨਮਸਕਾਰ ਕੀਤਾ ਤੇ ਬਾਬੇ ਗਿਆਨੀ ਦੀ ਸਮਾਧੇ ਨਾਲੇ ਤਾਂ ਮੁੰਡੇ ਦਾ ਮੱਥਾ ਟਿਕਾਇਆ, ਨਾਲ ਸਾਈਂ ਨੇ ਦੇਗ ਦਿੱਤੀ।

ਸੱਤ ਦਿਨਾਂ ਬਾਅਦ ਦਾਸ ਨੇ ਤਾਂਗਾ ਜੋੜਿਆ। ਉਹ ਘਰ ਬੈਠਾ ਧੀ ਨੂੰ ਤੇ ਗੋਦ ਲਏ ਮੁੰਡੇ ਨੂੰ ਹੀ ਖਿਡਾਈ ਗਿਆ।

ਹੁਣ ਉਹ ਸ਼ਹਿਰੋਂ ਆਉਂਦਾ ਹੋਇਆ ਮੁੰਡੇ ਲਈ ਬਰਫ਼ੀ ਲੈ ਕੇ ਆਉਂਦਾ। ਬੇਰੀਆਂ ਥੱਲੇ ਬਹਿ ਕੇ, ਭੋਰਾ ਭੋਰਾ ਕਰਕੇ ਦਾਸ ਮੁੰਡੇ ਨੂੰ ਬਰਫ਼ੀ ਖੁਆਉਂਦਾ ਤਾਂ ਮੁੰਡਾ ਬੜਾ ਖ਼ੁਸ਼ ਹੁੰਦਾ। ਕਿੰਨਾ ਕਿੰਨਾ ਚਿਰ ਬੈਠਾ ਉਹ ਮੁੰਡੇ ਨੂੰ ਖਿਡਾਈ ਜਾਂਦਾ।

ਇਕ ਦਿਨ ਬੜਾ ਔਖਾ ਜਿਹਾ ਹੋ ਕੇ ਸਾਈਂ ਦਾਸ ਕੋਲ ਆਇਆ ਤੇ ਚਮਕ ਕੇ ਉਹਨੂੰ ਪਿਆ, ''ਓਏ ਅਹਿਮਕਾ! ਸ਼ਾਬਾਸ਼ੇ ਬਈ ਤੇਰੇ... ਵੱਡਿਆ ਖੱਬੀਖਾਨਾ ਇਹ ਜ਼ਾਦਾ ਬੱਲ੍ਹਾ ਐ... ਕੁੜੀ ਦੇ ਮੂੰਹ 'ਚ ਭੋਰਾ ਪਾਉਂਦੇ ਦਾ ਤੇਰਾ ਹੱਥ ਟੁੱਟਦਾ... ਚਕਿਆ ਰਵੇਦਾਰੀਆਂ ਦਾ...'' ਕਹਿੰਦਿਆਂ ਸਾਈਂ ਨੇ ਝਪਟਾ ਮਾਰ ਕੇ ਦਾਸ ਕੋਲੋਂ ਬਰਫ਼ੀ ਵਾਲਾ ਲਿਫ਼ਾਫ਼ਾ ਖੋਹ ਲਿਆ ਤੇ ਦਰਾਂ ਵੱਲ ਚਲਾ ਗਿਆ।

# ਮੁਨਸ਼ੀ ਅਲਾਹਾਬਾਦੀਆ

ਮੁਨਸ਼ੀ ਬਹੁਤ ਕਾਹਲਾ ਬੰਦਾ ਸੀ। ਉਹ ਹਰ ਕੰਮ ਹੀ ਕਾਹਲੀ ਕਾਹਲੀ ਕਰਦਾ। ਉਹ ਤੁਰਦਾ ਵੀ ਬਹੁਤ ਕਾਹਲੀ ਤੇ ਬੋਲਦਾ ਤਾਂ ਕਾਹਲੀ ਵਿਚ ਇਉਂ ਸੀ ਕਿ ਬਹੁਤੀ ਵਾਰ ਉਹਦੀ ਗੱਲ ਸਮਝ ਹੀ ਨਾ ਆਉਂਦੀ ਤੇ ਸੁਣਨ ਵਾਲਾ ਦੁਬਾਰਾ ਬੋਲਣ ਲਈ ਕਹਿੰਦਾ। ਉਹਦਾ ਕੱਦ-ਕਾਠ ਵੀ ਵਾਹਵਾ ਲੰਮਾ ਸੀ, ਪਰ ਚਿਹਰੇ ਦਾ ਰੰਗ ਹਲਕਾ ਕਾਲਾ, ਮੁਸ਼ਕੀ, ਲਿਸ਼ਕਾਂ ਮਾਰਦਾ।

ਵੀਹ-ਬਾਈ ਘਰਾਂ ਦੇ ਬੰਦਿਆਂ ਵਿਚ ਉਹ ਸਭ ਤੋਂ ਵੱਧ ਲਿਸ਼ਕ-ਪੁਸ਼ਕ ਕੇ ਰਹਿੰਦਾ। ਪੂਰੇ ਘਰਾਂ ਵਿਚ ਜੇ ਕੋਈ ਚਾਰ ਪੰਜ ਜਮਾਤਾਂ ਪੜ੍ਹਿਆ ਸੀ ਤਾਂ ਉਹ ਮੁਨਸ਼ੀ ਹੀ ਸੀ। ਇਸੇ ਕਰਕੇ ਤਾਂ ਉਹਨੂੰ ਲਿਖਣ-ਪੜ੍ਹਨ ਵਾਲੇ ਕੰਮ ਸਮੇਂ ਪਿਲਕਣ ਦੇ ਨੇੜੇ ਹੀ ਹਾਜ਼ਰ ਰਹਿਣਾ ਪੈਂਦਾ। ਕੋ-ਆਪਰੇਟਿਵ ਬੈਂਕ ਵਾਲੇ ਦੋਵੇਂ ਬੰਦੇ ਆਉਂਦੇ, ਮੈਂਬਰਾਂ ਦੇ ਨਾਂ ਬੋਲਣੇ ਲਿਖਣੇ ਹੁੰਦੇ, ਮੁਨਸ਼ੀ ਪੂਰਾ ਕੰਮ ਆਉਂਦਾ।

ਜਦੋਂ ਮੇਰਾ ਅੱਠਵੀਂ ਜਮਾਤ ਦੇ ਇਮਤਿਹਾਨਾਂ ਦਾ ਦਾਖਲਾ ਜਾਣਾ ਸੀ ਤਾਂ ਮੈਂ ਭਾਈਏ ਨੂੰ ਕਿਹਾ, ''ਸਕੂਲੇ ਪੈਂਤੀ ਰੁਪਈਏ ਲੱਗਣੇ ਆਂ, ਉਹ ਦਿਓ।'' ਹੁਣ ਤਕ ਇੰਨੇ ਪੈਸੇ ਕਿਤੇ ਦੇਣ ਦਾ ਮੌਕਾ ਹੀ ਨਹੀਂ ਸੀ ਆਇਆ, ਐਵੇਂ ਪੰਜ ਛੇ ਰੁਪਈਆਂ ਨਾਲ ਈ ਸਰ ਜਾਂਦਾ ਸੀ। 'ਪੈਂਤੀ ਰੁਪਈਏ' ਸੁਣ ਕੇ ਹੀ ਭਾਈਆ ਭੜਕ ਉੱਠਿਆ, ''ਐਨੇ ਪੈਹੇ? ਤੇਰਾ ਬਈ ਸਕੂਲ ਆ ਕਿ ਪੁਲੀਸ ਦਾ ਠਾਣਾ... ਪੈਂਤੀ ਰੁਪਈਆਂ ਨਾਲ ਤਾਂ ਪੁੱਤ ਸੱਜਰ ਸੂਈ ਗਾਂ ਵੱਛੀ ਆ ਜਾਂਦੀ ਆ... ਚੁੱਕਿਆ ਪੜ੍ਹਾਈਆਂ ਦਾ... ਘਰ ਬਹਿ ਤੇ ਨੱਕੇ ਮੋੜ... ਅਸੀਂ ਨੀ ਕਰਨੀ ਐਹੀ ਜੀ ਪੜ੍ਹਾਈ-ਪੜ੍ਹੂਈ... ਇਹ ਮਾਹਟਰ ਆਪਣਾ ਚਾਹ ਪਾਣੀ ਦਾ ਹੀਲਾ ਕਰਦੇ ਆ...।''

ਮੈਨੂੰ ਭਾਈਏ ਨੂੰ ਯਕੀਨ ਦੁਆਉਣ ਦਾ ਕੋਈ ਰਾਹ ਨਾ ਦਿਸੇ। ਮੈਂ ਆਪਣੇ ਨਾਲ ਪੜ੍ਹਦੇ ਬ੍ਰਿਜ, ਓਮੀ, ਬਲਦੇਵ ਤੇ ਟਹਿਣੇ ਨੂੰ ਵੀ ਭਾਈਏ ਕੋਲ ਲਿਆ ਕੇ ਪੇਸ਼ ਕੀਤਾ, ਪਰ ਭਾਈਏ ਨੂੰ ਫਿਰ ਪੈਂਤੀ ਰੁਪਈਆਂ ਵਾਲੀ ਗੱਲ ਵਾਧੂ ਹੀ ਲੱਗੀ। ਦਾਖਲੇ ਨੂੰ ਤਿੰਨ ਦਿਨ ਹੀ ਰਹਿ ਗਏ ਤਾਂ ਮੈਂ ਪਿਟ-ਪਟਾਕਾ ਪਾ ਦਿੱਤਾ। ਪਿਲਕਣ ਹੇਠਾਂ ਪੈਂਦਾ ਰੌਲਾ ਸੁਣ ਕੇ ਮੁਨਸ਼ੀ ਆ ਗਿਆ, ''ਅਰਜਣਾ ਕਿਉਂ ਘੂਰਦਾਂ ਬਈ ਮੁੰਡੇ ਨੂੰ?''

ਭਾਈਏ ਦੇ ਬੋਲਣ ਤੋਂ ਪਹਿਲਾਂ ਹੀ ਮੈਂ ਸਾਰੀ ਗੱਲ ਬਾਬੇ ਮੁਨਸ਼ੀ ਨੂੰ ਕਹਿ ਸੁਣਾਈ। ਮੇਰੀ ਗੱਲ ਸੁਣ ਕੇ ਮੁਨਸ਼ੀ ਨੇ ਮੈਨੂੰ ਨਾਲ ਤੋਰ ਲਿਆ ਤੇ ਸਕੂਲੇ ਆ ਪਹੁੰਚੇ। ''ਚੱਲ ਬਈ ਦੱਸ, ਕਿਹੜੇ ਮਾਸਟਰ ਨੂੰ ਪੈਸੇ ਦੇਣੇ ਆਂ?'' ਮੇਰੇ ਇੰਚਾਰਜ ਮਾਸਟਰ ਨੇ ਦਾਖਲਾ ਫੀਸ ਦੱਸੀ, ਮੁਨਸ਼ੀ ਨੇ ਜੇਬ 'ਚੋਂ ਪੈਸੇ ਕੱਢ ਕੇ ਦਿੱਤੇ ਤੇ ਮੈਨੂੰ ਬੋਲਿਆ, ''ਚੱਲ ਬਈ ਬੈਠ ਤੂੰ ਕਲਾਸ ਵਿਚ, ਧਿਆਨ ਨਾਲ ਪੜ੍ਹਾਈ ਕਰ... ਸ਼ਾਬਾਸੇ...'' ਤੇ ਮਾਸਟਰ ਮੰਗਲ ਸਿੰਘ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਤੁਰ ਪਿਆ।

ਮੁਨਸ਼ੀ ਸਕੂਲੋਂ ਆ ਕੇ ਸਿੱਧਾ ਭਾਈਏ ਕੋਲ ਪਹੁੰਚਿਆ ਤੇ ਕਾਹਲੀ ਕਾਹਲੀ ਨਾਲ ਬੋਲਿਆ, ''ਅਰਜਣਾ, ਤੂੰ ਐਵੇਂ ਤੱਤਾ ਹੋ ਕੇ ਨਾ ਬੋਲਿਆ ਕਰ... ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਰਹਿਣ ਦਾ ਇਹ ਮਤਲਬ ਨਈਂ ਬਈ ਏਸ ਖੋਪਰ ਨੂੰ ਵੀ ਮਿੱਟੀ ਈ ਬਣਾ ਕੇ ਰੱਖੋ... ਅਰਜਣਾ ਹੁਣ ਪੜ੍ਹਾਈਆਂ ਹੋ ਗਈਆਂ ਮਹਿੰਗੀਆਂ... ਇਹਦਾ ਮਾਹਟਰ ਕਹਿੰਦਾ ਜੇ ਪੜ੍ਹਾਈਆਂ ਵੱਡੀਆਂ ਕਰਾਉਣੀਆਂ ਤਾਂ ਪੈਹੇ ਤਾਂ ਲੱਗਣੇ ਈ ਆਂ...''

''ਚਾਚਾ ਤੈਨੂੰ ਨੀ ਪਤਾ ਅੱਜਕੱਲ੍ਹ ਦੇ ਮਾਹਟਰਾਂ ਦਾ... ਤੂੰ ਵਿਚ ਨਾ ਪੈਂਦਾ ਤਾਂ ਮੈਂ ਨਈਂ ਸੀ ਐਨੇ ਪੈਹੇ ਦੇਣੇ... ਚੰਗੀਆਂ ਪੜ੍ਹਾਈਆਂ ਆ ਗਈਆਂ!'' ਬੋਲਦੇ ਭਾਈਏ ਨੇ ਸਿਰ ਦਾ ਸਾਫਾ ਲਾਹ ਕੇ ਝਾੜਿਆ ਤੇ ਮੁੜ ਸਿਰ 'ਤੇ ਲਪੇਟ ਕੇ ਘਰ ਵੱਲ ਚਲਾ ਗਿਆ।

ਮੁਨਸ਼ੀ, ਪੁਨੂੰ, ਦੀਵਾਨ ਤੇ ਦਲੀਪਾ ਚਾਰੇ ਕਈ ਕਈ ਸਾਲ ਬਨਾਰਸ, ਅਲਾਹਾਬਾਦ ਵੱਲ ਰਹਿ ਕੇ ਆਏ। ਸਭ ਤੋਂ ਵੱਧ ਸਮਾਂ ਤਾਂ ਪੁਨੂੰ ਹੀ ਰਿਹਾ। ਆਇਆ ਤਾਂ ਉਹ ਕਈ ਵਾਰੀ ਜਲੰਧਰ, ਲਾਡੋਵਾਲੀ ਪਰ ਉਹਦਾ ਤਾਂ ਜਿਵੇਂ ਇੱਥੇ ਚਿੱਤ ਹੀ ਨਹੀਂ ਸੀ ਲੱਗਦਾ। ਮਹੀਨਾ ਵੀਹ ਦਿਨ ਰਹਿੰਦਾ, ਫਿਰ ਯੂਪੀ ਨੂੰ ਦੌੜ ਜਾਂਦਾ। ਉਹ ਇਕ ਹੁਸ਼ਿਆਰੀ ਵਰਤਦਾ, ਜਦੋਂ ਉਹਨੂੰ ਲਾਡੋਵਾਲੀ ਆਪਣੇ ਭੈਣ-ਭਰਾਵਾਂ ਕੋਲ ਆਏ ਨੂੰ ਕੁਝ ਦਿਨ ਹੁੰਦੇ ਉਹ ਰਾਗ ਅਲਾਪਣਾ ਸ਼ੁਰੂ ਕਰ ਦਿੰਦਾ, ''ਬਈ ਨਿਆਣੇ ਪਤਾ ਨਈਂ ਕਿੱਦਾਂ ਆ... ਪੜ੍ਹਨ ਵੀ ਜਾਂਦੇ ਆ ਕਿ ਨਈਂ... ਮੈਂ ਤੁਰਾਂ ਯਾਰ ਟੱਬਰ ਵੱਲ... ਉਹ ਤਾਂ ਮੂੰਹ ਚੁੱਕ ਚੁੱਕ ਰਾਹ ਦੇਖਦੇ ਹੋਣੇ ਆਂ...'' ਤੇ ਉਹ ਗੱਡੀ ਜਾ ਚੜ੍ਹਦਾ।

ਪਰ ਮੁਨਸ਼ੀ ਨੇ ਪੁਨੂੰ ਵਾਂਗ ਨਹੀਂ ਕੀਤਾ। ਉਹ ਤਾਂ ਜਦੋਂ ਧਾਰ ਕੇ ਆ ਗਿਆ ਪਈ ਹੁਣ ਨਈਂ ਮੁੜ ਕੇ ਜਾਣਾ, ਫਿਰ ਸੱਚੀਂ ਨਈਂ ਉਹਨੇ ਉਧਰ ਪੈਰ ਰੱਖਿਆ। ਵਿਆਹ ਤੋਂ ਬਾਅਦ ਪਹਿਲਾ ਬੱਚਾ ਉਹਦੇ ਕਰਮਾ ਹੋਇਆ, ਦੂਜਾ ਦਰੋਪਤੀ ਹੋਈ। ਮੁੜ ਕੇ ਉਹਦੇ ਘਰ ਕੁੜੀ ਨਹੀਂ ਜੰਮੀ, ਮੁੰਡੇ ਹੀ ਹੋਏ ਚਾਰ।

ਇਕ ਵਾਰੀ ਮੈਂ ਬਾਬੇ ਮੁਨਸ਼ੀ ਨੂੰ ਸਵਾਲ ਕਰ ਦਿੱਤਾ, ''ਬਾਬਾ ਇਹ ਕੀ ਰਾਜ਼ ਵਾਲੀ ਗੱਲ ਆ... ਆਪਣੇ ਸਾਰੇ ਬੰਦਿਆਂ ਦੇ ਘਰੀਂ ਮੁੰਡੇ ਬਹੁਤੇ ਜੰਮਦੇ ਆ ਤੇ ਕੁੜੀਆਂ ਇਕ ਜਾਂ ਦੋ ਈ?''

''ਬਹਿ ਜਾ ਕਾਕਾ ਦੱਸਦਾਂ ਤੈਨੂੰ... ਕਿਤੇ ਕੰਮ ਆਊ ਇਹ ਵੀ ਗੱਲ... ਪਹਿਲਾਂ ਤਾਂ ਸਦੀਆਂ ਬੀਤ ਗਈਆਂ ਆਪਣੇ ਬਜ਼ੁਰਗਾਂ ਨੇ ਸਿੰਘ ਸਜ ਕੇ ਦਸਵੇਂ ਪਾਤਸ਼ਾਹ ਦੀ ਫ਼ੌਜ ਵਿਚ ਭਰਤੀ ਹੋ ਕੇ 'ਰੰਗੇ' ਨਾਲ ਲੜਾਈਆਂ ਲੜੀਆਂ ਤੇ ਜਾਨਾਂ ਵਾਰੀਆਂ... ਆਪਣੇ ਤਾਂ ਜੀਅ ਘਟ ਗਏ... ਫੇਰ ਲੁਕਦੇ ਛੁਪਦਿਆਂ ਨੂੰ ਵਰ੍ਹੇ ਬੀਤ ਗਏ। ਫੇਰ ਬਿਮਾਰੀਆਂ ਨੇ ਬਥੇਰੇ ਨਿਗਲ ਲਏ। ਫੇਰ ਕਿਤੇ ਬਜ਼ੁਰਗਾਂ ਨੂੰ ਗੁਰੂ ਮੰਗਲ ਦਾਸ ਟੱਕਰ ਗਏ। ਪਹਿਲਾਂ ਤਾਂ ਸਭ ਨੂੰ ਨਾਮਦਾਨ ਦਿੱਤਾ, ਫਿਰ ਅਰਦਾਸੇ ਕਰਕੇ ਵਰ ਦਿੱਤਾ... ਮੈਨੂੰ ਨਹੀਂ ਪਤਾ... ਬੱਸ ਆਪਣੇ ਬੰਦਿਆਂ ਦੇ ਜਿੰਨੇ ਵੀ ਵਿਆਹ ਹੋਏ ਪੁੱਤਰਾਂ ਦੀ ਬਖ਼ਸ਼ਿਸ਼ ਹੋਈ। ਸਾਡੇ ਇਕ ਆਹ ਸਾਈਂ ਸੀ ਜਿਹਦੇ ਤਿੰਨ ਪੁੱਤ ਜੰਮੇ... ਕੁੜੀਆਂ ਦੀ ਹੇੜ ਈ ਆ ਗਈ, ਜਾਂ ਖੁਸ਼ੀਏ ਦੇ ਇਕੋ ਦੌਲਤੀ ਹੋਇਆ ਤੇ ਕੁੜੀਆਂ ਪੂਰੀਆਂ ਪੰਜ। ਬਾਕੀ ਸਾਰਿਆਂ ਦੇ ਕਿਸੇ ਦੇ ਪੰਜ ਮੁੰਡੇ ਕਿਸੇ ਦੇ ਚਾਰ... ਮਾਹਰਾਜ ਸੁੱਖ ਰੱਖੇ, ਘਾਟਾ ਕਿਸੇ ਚੀਜ਼ ਦਾ ਨਹੀਂ।'' ਕਾਹਲੀ ਜ਼ਬਾਨ ਵਿਚ ਸੁਣਾਈ ਕਥਾ ਸੁਣ ਕੇ ਮੈਂ ਧੰਨ ਧੰਨ ਹੋ ਗਿਆ।

ਸਾਈਂ ਤੇ ਰੱਖੇ ਤੋਂ ਛੋਟੇ ਮੁਨਸ਼ੀ ਨੇ ਤਾਂ ਕਈ ਕਾਰੋਬਾਰ ਕੀਤੇ, ਵਿਚ ਨੂੰ ਬਖਸ਼ੀ ਸਾਹਿਬ ਨੇ ਇਹਨੂੰ ਆਪਣੇ ਕੋਲ ਜੇਲ੍ਹ ਵਿਚ ਨੌਕਰੀ 'ਤੇ ਵੀ ਰੱਖ ਲਿਆ, ਪਰ ਇਹ ਕੈਦੀਆਂ ਤੋਂ ਡਰਦਾ ਹੀ ਨੌਕਰੀ ਛੱਡ ਕੇ ਦੌੜ ਆਇਆ ਸੀ। ਫਿਰ ਉਦੋਂ ਕੁ ਹੀ ਇਹ ਅਲਾਹਾਬਾਦ ਵੱਲ ਨਿਕਲ ਗਿਆ। ਫਿਰ ਦੋ ਸਾਲ ਬਾਅਦ ਮੁੜਿਆ ਤਾਂ ਵਿਆਹ ਕਰ ਦਿੱਤਾ।

ਮੁਨਸ਼ੀ ਦੀਆਂ ਕੀਤੀਆਂ ਹਾਸੇ ਦੀਆਂ ਕਈ ਗੱਲਾਂ ਯਾਦ ਕਰਕੇ ਅੱਜ ਵੀ ਹੁਕਮੀ ਹੁਣੀ ਹੱਸ ਲੈਂਦੇ ਹਨ। ਮੁਨਸ਼ੀ ਯੂਪੀ ਤੋਂ ਆਇਆ ਸੀ। ਉਹ ਕਾਹਨਪੁਰੀ ਕੁੜਤਾ ਪਾਈ ਤੇ ਲੂੰਗੀ ਲਾਈ ਨਰੈਣੇ ਦੀ ਦੁਕਾਨ ਨੂੰ ਆਇਆ। ਦੁਕਾਨ ਦੇ ਕੋਲ ਹੀ ਬੇਰੀ ਹੇਠਾਂ ਮੀਤੋ ਹੁਣੀ ਤਾਸ਼ ਖੇਡਦੇ ਸੀ। ਲਾਲੂ ਨੇ ਜਿਉਂ ਹੀ ਰੰਗ-ਬਰੰਗੇ ਬਣੇ ਆਪਣੇ ਚਾਚੇ ਵੱਲ ਦੇਖਿਆ ਉਹਨੂੰ ਹਾਸਾ ਆ ਗਿਆ ਤੇ ਉਹਨੇ ਮੀਤੋ ਨੂੰ ਕਿਹਾ, ''ਬਈ ਚਾਚਾ ਤਾਂ ਬੜਾ ਨਿਖਰਿਆ ਫਿਰਦਾ... ਦੇਖ ਕਿੱਦਾਂ ਲਿਸ਼ਕਾਂ ਮਾਰਦਾ... ਅੱਜ ਹੋ ਜਾਏ ਕੁਸ਼...''

ਦਲੀਪਾ ਉਠਿਆ ਤੇ ਮੁਨਸ਼ੀ ਦੇ ਬਰਾਬਰ ਖੜ੍ਹਾ ਹੁੰਦਾ ਬੋਲਿਆ, ''ਚਾਚਾ ਰੁਪਈਆ ਤਾਂ ਕੱਢ ਇਕ... ਮੈਂ ਬਾਜ਼ੀ ਹਾਰ ਗਿਆਂ... ਲਾਲੂ ਹੁਣਾਂ ਨੂੰ ਜਲੇਬੀਆਂ ਖੁਆਣੀਆਂ...।''

ਮੁਨਸ਼ੀ ਇਕਦਮ ਘਬਰਾ ਗਿਆ ਤੇ ਕਾਹਲੀ ਨਾਲ ਬੋਲਿਆ, ''ਉਏ ਹੱਦ ਹੋ ਗਈ... ਤੂੰ ਬਾਜ਼ੀ ਹਾਰ ਗਿਆ... ਅਹਿਮਕ ਨਾ ਹੋਵੇ ਤਾਂ... ਤੈਨੂੰ ਪਤਾ ਨਹੀਂ ਤਾਸ਼ ਕਿੱਦਾਂ ਖੇਡੀਦੀ ਆ...'' ਕਹਿੰਦਿਆਂ ਮੁਨਸ਼ੀ ਨੇ ਜੇਬ 'ਚੋਂ ਚਾਰ ਆਨੇ ਕੱਢ ਕੇ ਦਲੀਪੇ ਦੇ ਹੱਥ 'ਤੇ ਰੱਖ ਦਿੱਤੇ। ਦਲੀਪੇ ਨੇ ਪੌਲੀ ਵੱਲ ਦੇਖਿਆ ਤੇ ਵਗਾਹ ਕੇ ਬੀਹੀ ਵਿਚ ਮਾਰੀ।

ਦਲੀਪੇ ਦੀ ਇਸ ਹਰਕਤ ਵੱਲ ਦੇਖ ਕੇ ਮੁਨਸ਼ੀ ਤਾਂ ਭੜਕ ਉੱਠਿਆ। ''ਓਏ ਦਲੀਪਿਆ... ਕੁੱਤਿਆ ਲਿਆ ਮੇਰੀ ਪੌਲੀ... ਅਕਲ ਨਾ ਮੌਤ... ਦੇਖੋ ਮੇਰੇ ਕੋਲੋਂ ਪੌਲੀ ਲੈ ਕੇ ਮਿੱਟੀ ਵਿਚ ਵਗਾਹ ਮਾਰੀ... ਬਾਂਦਰ।'' ਉਹ ਮਿੱਟੀ ਵਿਚ ਪੌਲੀ ਲੱਭਣ ਲੱਗਾ, ''ਕਿੱਥੇ ਸੁੱਟੀ ਆ ਓਏ... ਆ ਏਧਰ ਲੱਭ...'' ਮੁਨਸ਼ੀ ਨੇ ਦਲੀਪੇ ਵੱਲ ਦੇਖਿਆ, ਪਰ ਉਹ ਤਾਂ ਕਦੋਂ ਦਾ ਸ਼ੂਟ ਵੱਟ ਕੇ ਦੌੜ ਚੁੱਕਾ ਸੀ। ਮੁਨਸ਼ੀ ਫਿਰ ਗਾਲ੍ਹਾਂ ਕੱਢਦਾ ਮਿੱਟੀ ਵੱਲ ਦੇਖਦਾ ਰਿਹਾ, ਪਰ ਉਹਨੂੰ ਪੌਲੀ ਕਿੱਥੋਂ ਲੱਭਣੀ ਸੀ, ਪੌਲੀ ਤਾਂ ਦਲੀਪੇ ਦੇ ਹੱਥ ਵਿਚ ਫੜੀ ਹੋਈ ਸੀ। ਉਹਨੇ ਤਾਂ ਐਵੇਂ ਰੋੜੀ ਵਗਾਹ ਮਾਰੀ ਸੀ।

ਇਕ ਵਾਰੀ ਰਾਤ ਨੂੰ ਮੁੰਡੇ ਧੂਣੀ ਲਾ ਕੇ ਬੈਠੇ ਸੀ। ਸੜਕ ਵੱਲੋਂ ਆਇਆ ਮੁਨਸ਼ੀ ਖੰਭੇ ਹੇਠਾਂ ਖੜ੍ਹਾ ਕਿਰਪੇ ਨਾਲ ਗੱਲਾਂ ਕਰਦਾ ਸੀ। ਮੁਨਸ਼ੀ ਦੇ ਹੀ ਮੁੰਡੇ ਕਰਮੇ ਨੇ ਪਿਓ ਨਾਲ ਮਜ਼ਾਕ ਕਰਨ ਲਈ ਧੂਣੀ ਵਿਚੋਂ ਪੰਜ ਛੇ ਅੱਗ ਦੇ ਅੰਗਿਆਰ ਚੁੱਕੇ ਤੇ ਰਾਹ ਵਿਚ ਵਿਛਾ ਦਿੱਤੇ। ਸਭ ਨੂੰ ਪਤਾ ਸੀ ਕਿ ਮੁਨਸ਼ੀ ਜਦੋਂ ਤੁਰਦਾ ਤਾਂ ਹੇਠਾਂ ਨਹੀਂ ਦੇਖਦਾ, ਉਪਰ ਹੀ ਸਾਹਮਣੇ ਨਿਗ੍ਹਾ ਟਿਕਾ ਕੇ ਤੁਰਦਾ ਹੈ। ਕਿਰਪੇ ਨਾਲ ਗੱਲ ਮੁਕਾ ਕੇ ਮੁਨਸ਼ੀ ਤੇਜ਼ ਕਦਮੀਂ ਅੱਗੇ ਵਧਿਆ ਤਾਂ ਪੈਰ ਅੰਗਿਆਰਾਂ 'ਤੇ ਰੱਖੇ ਹੀ ਜਾਣੇ ਸੀ। ਸਾਡੇ ਬਹੁਤੇ ਲੋਕ ਉਦੋਂ ਨੰਗੇ ਪੈਰੀਂ ਤੁਰੇ ਫਿਰਦੇ ਸਨ। ਜਿਉਂ ਹੀ ਪੈਰਾਂ ਨੂੰ ਸੇਕ ਲੱਗਾ ਮੁਨਸ਼ੀ ਤਾਂ ਛੜੱਪੇ ਮਾਰਨ ਲੱਗਾ।

''ਆਹ ਕਿਹਨੇ ... ਨੇ ਐਧਰ ਅੱਗ ਸੁੱਟੀ ਆ... ਪੈਰ ਲੂਹ ਤੇ ਮੇਰੇ... ਦੱਸੋ ਕਿਹਨੇ ਅੱਗ ਰੱਖੀ ਸੀ...'' ਲਾਲ ਸੂਹਾ ਹੋਇਆ ਮੁਨਸ਼ੀ ਧੂਣੀ ਵਾਲਿਆਂ ਵੱਲ ਵਧਿਆ, ਪਰ ਕਰਮਾ ਤਾਂ ਕਦੋਂ ਦਾ ਗਲੀ ਵੱਲ ਖਿਸਕ ਚੁੱਕਾ ਸੀ।

ਦੀਵਾਲੀ 'ਤੇ ਬੜਾ ਹਾਸਾ ਪਿਆ। ਪੁਨੂੰ ਨੇ ਇਕ ਲੰਮੀ ਸਾਰੀ ਰੱਸੀ ਨੂੰ ਪਟਾਕਿਆਂ ਦੀ ਲੜੀ ਬੰਨ੍ਹ ਕੇ ਉਸ ਮੰਜੀ ਦੇ ਪਾਵੇ ਨਾਲ ਘੁਮਾ ਦਿੱਤਾ ਜਿਹਦੇ ਉਪਰ ਬੈਠਾ ਮੁਨਸ਼ੀ ਡੂਨੇ ਲਾ ਰਿਹਾ ਸੀ। ਫਿਰ ਜਦੋਂ ਅੱਗ ਤੁਰਦੀ ਹੋਈ ਪਟਾਕਿਆਂ ਦੀ ਲੜੀ ਨੂੰ ਜਾ ਲੱਗੀ ਤਾਂ ਮੁਨਸ਼ੀ ਘਬਰਾ ਗਿਆ ਤੇ ਉੱਚੀ ਸਾਰੀ ਛਾਲ ਮਾਰਦੇ ਨੇ ਗਾਲ੍ਹਾਂ ਕੱਢੀਆਂ ਤੇ ਪਏ ਪੱਤੇ ਪਰ੍ਹਾਂ ਵਗਾਹ ਮਾਰੇ। ਕੋਲ ਖੜ੍ਹੀ ਉਹਦੀ ਪਤਨੀ ਰੁਕੋ, ਪਤੀ ਵੱਲ ਦੇਖ ਕੇ ਹੱਸਦੀ ਹੱਸਦੀ, ਹੇਠਾਂ ਮਿੱਟੀ ਵਿਚ ਹੀ ਲਿਟ ਗਈ।

ਮੈਂ ਪਿਲਕਣ ਹੇਠਾਂ ਖੂਹੀ ਦੀ ਮੌਣ 'ਤੇ ਬੈਠਾ ਕਦੇ ਮੁਨਸ਼ੀ ਦੇ ਘਰ ਵੱਲ ਦੇਖਦਾ ਹਾਂ ਤੇ ਕਦੇ ਸਾਈਂ ਦੇ ਘਰ ਵੱਲ। ਮੁਨਸ਼ੀ ਕਿਸੇ ਵੀ ਮੁੰਡੇ ਨੂੰ ਪੜ੍ਹਾ ਨਾ ਸਕਿਆ... ਸਾਰੇ ਢਲਾਈ ਦਾ ਕੰਮ ਕਰਨ ਜੋਗੇ ਰਹਿ ਗਏ। ਸਾਈਂ ਦੇ ਪੁੱਤਾਂ ਦਾ ਵੀ ਇਹੋ ਹਾਲ ਰਿਹਾ... ਉਹਦੇ ਇਕ ਪੋਤੇ ਨੇ ਹਿੰਮਤ ਕੀਤੀ ਤੇ ਵਿਦੇਸ਼ ਜਾ ਬੈਠਾ। ਖੁਸ਼ੀਏ ਦੇ ਦੋ ਪੋਤੇ ਹੋਏ, ਦੋਵੇਂ ਹੀ ਨਸ਼ੇ ਨੇ ਖਾ ਲਏ।

# ਪਾਲਾ ਇਸਾਈ

ਜਿਸ ਪਾਤਰ ਨੂੰ ਲੈ ਕੇ ਮੈਂ ਰਚਨਾ ਸ਼ੁਰੂ ਕਰਦਾ ਹਾਂ, ਰਚਨਾ ਦੇ ਮੁੱਕਣ ਤਕ ਜ਼ਰੂਰੀ ਨਹੀਂ ਮੇਰਾ ਪਾਤਰ ਉਸੇ ਰੂਪ ਵਿਚ ਤੁਰੇ-ਫਿਰੇ ਜਿਸ ਰੂਪ ਵਿਚ ਉਹਨੂੰ ਆਰੰਭ ਵਿਚ ਦਿਖਾਇਆ ਸੀ। ਪਾਤਰ ਦਾ ਨਾਂ ਹੋਰ ਹੋ ਸਕਦਾ ਹੈ, ਰੰਗ-ਰੂਪ ਬਦਲ ਸਕਦਾ ਹੈ, ਵਾਰਤਾਲਾਪ ਬਦਲ ਸਕਦੀ ਹੈ ਤੇ ਨਾਂ ਵੀ ਬਦਲ ਸਕਦਾ ਹੈ। ਉਹ ਪਾਤਰ ਵੀ ਤਾਂ ਇਨਸਾਨੀ ਰੂਪ ਹੀ ਹੈ। ਉਹਦਾ ਟੁੱਟਣਾ-ਭੱਜਣਾ ਗ਼ੈਰ-ਕੁਦਰਤੀ ਨਹੀਂ। ਮੇਰੇ ਨਾਲ ਤਾਂ ਇਉਂ ਹੀ ਹੁੰਦਾ ਹੈ। ਹਰ ਲੇਖਕ ਹੀ ਆਪਣੇ ਪਾਤਰਾਂ ਨੂੰ ਬਹੁਤ ਮੋਹ ਕਰਦਾ ਹੈ। ਪਾਤਰਾਂ ਨੂੰ ਸਿਰਜਣ ਸਮੇਂ ਲੇਖਕ ਆਪਣੀ ਕਲਾ ਦਾ ਕਮਾਲ ਦਿਖਾਉਂਦਾ ਹੈ। ਨਾਨਕ ਸਿੰਘ ਦੇ ਕਿਸੇ ਵੀ ਨਾਵਲ ਦੇ ਪਾਤਰਾਂ ਨੂੰ ਦੇਖ ਲਵੋ, ਗੁਰਬਖ਼ਸ਼ ਸਿੰਘ ਦੇ ਨਾਵਲ 'ਰੁੱਖਾਂ ਦੀ ਜਿਰਾਂਦ' ਦੇ ਪਾਤਰਾਂ ਨੂੰ ਲੈ ਲਵੋ, ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰਾਂ ਬਾਰੇ ਚਰਚਾ ਕਰ ਲਵੋ, ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਪਾਤਰਾਂ ਵੱਲ ਧਿਆਨ ਮਾਰ ਲਵੋ, ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਦੇ ਪਾਤਰ ਹਨ, ਸੁਖਬੀਰ ਦੇ ਨਾਵਲਾਂ, ਕਹਾਣੀਆਂ ਦੇ ਪਾਤਰਾਂ ਨੂੰ ਜ਼ਿਹਨ 'ਚ ਬਿਠਾ ਕੇ ਚਰਚਾ ਕਰ ਲਵੋ, ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਦੇ ਪਾਤਰ ਦੇਖੋ, ਰਾਮ ਸਰੂਪ ਅਣਖੀ ਦੇ ਨਾਵਲਾਂ ਦੇ ਪਾਤਰ ਦੇਖ ਲਵੋ। ਸਾਨੂੰ ਲੇਖਕਾਂ ਦੀ ਕੋਈ ਸੀਮਾ ਨਜ਼ਰ ਹੀ ਨਹੀਂ ਆਉਂਦੀ। ਉਨ੍ਹਾਂ ਦੇ ਪਾਤਰਾਂ ਦਾ ਐਨਾ ਪਸਾਰ ਦੇਖ ਕੇ ਬਹੁਤ ਮਾਣ ਹੁੰਦਾ ਹੈ।

ਆਓ ਆਪਾਂ ਇਕ ਬੜੇ ਕਮਾਲ ਦੇ ਬੰਦੇ 'ਪਾਲੇ' ਦੀ ਗੱਲ ਕਰੀਏ ਜਿਹਨੇ ਮੇਰੀ ਗਲੀ ਦੇ ਇਕ ਘਰ ਵਿਚ ਜਨਮ ਲਿਆ ਤੇ ਮਾੜੇ ਭਾਗਾਂ ਨੂੰ ਉਹ ਬਹੁਤੀ ਲੰਮੀ ਉਮਰ ਨਹੀਂ ਸੀ ਭੋਗ ਸਕਿਆ। ਚਾਚੀ ਚੰਨੋ ਨੂੰ ਪਤਾ ਨਈਂ ਕਿੱਥੋਂ ਸੂਹ ਮਿਲੀ ਪਾਲੇ ਦੀ, ਉਹ ਮੇਰੇ ਕੋਲ ਦੌੜੀ ਆਈ। ਮੇਰੇ ਹੱਥਾਂ 'ਤੇ ਦੋ ਸੌ ਰੁਪਏ ਰੱਖ ਕੇ ਕਹਿੰਦੀ, ''ਪੁੱਤ ਚੁੱਕ ਪੈਹੇ ਤੇ ਕਿਹੜੀ ਘੜੀ ਤੂੰ ਜਲਾਲਾਬਾਦ ਜਾ ਪਹੁੰਚ... ਮੇਰਾ ਪੁੱਤ ਉਹਨੂੰ ਥੇਹ ਪੈਣੇ ਪਾਲੇ ਨੂੰ ਲੈ ਕੇ ਆ... ਭਾਵੇਂ ਕੁਸ਼ ਹੋ ਜਾਏ ਖਾਲੀ ਹੱਥ ਨਾ ਮੁੜੀਂ... ਉੱਥੇ ਇਕ ਮਸਜਿਦ 'ਚ ਬੈਠਾ... ਇਸਾਈ ਬਣਿਆ ਫਿਰਦਾ... ਉਹਨੇ ਵਿਆਹ ਵੀ ਕਰਾ ਲਿਆ ਤੇ ਉਹਦੇ ਨਿਆਣੇ ਵੀ ਆ... ਕੁਸ਼ ਵੀ ਕਹਿ ਦਈਂ ਤੂੰ... ਕਹਿ ਦਈਂ ਤੇਰੀ ਮਾਂ ਮਰਨ ਕੰਢੇ ਪਈ ਆ... ਤੇਰੇ ਵਾਸਤੇ ਤੜਫਦੀ ਆ... ਉਹਦਾ ਸਾਹ ਤੈਨੂੰ ਦੇਖੇ ਬਿਨਾਂ ਨਈਂ ਨਿਕਲਣਾ...। ਕਾਕਾ ਪ੍ਰੇਮ... ਇਹ ਕੰਮ ਤੂੰਹੇਂ ਕਰ ਸਕਦਾ... ਤੂੰਹੇਂ ਸ਼ੇਰ ਪੁੱਤ ਐਂ ਸਾਡਾ... ਜਾਹ ਮੇਰਾ ਬੱਚਾ ਕਿਹੜੀ ਘੜੀ ਵਗ ਜਾ... ਪੁੱਤ ਮੇਰੇ ਪਾ ਹੋਰ ਪੈਸੇ ਹੈਨੀ... ਆਹ ਵੀ ਪਤਾ ਨਈਂ ਮੈਂ ਕਿੱਦਾਂ ਕੱਠੇ ਕੀਤੇ ਆ ਮੰਗ-ਤੰਗ ਕੇ।''

ਮੈਂ ਕ੍ਰਾਂਤੀਕਾਰੀ ਜੋਸ਼ ਵਿਚ ਫ਼ਿਰੋਜ਼ਪੁਰ ਤਾਂ ਕਈ ਵਾਰੀ ਘੁੰਮ-ਫਿਰ ਆਇਆ ਸੀ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦਗਾਰ ਤਕ ਜਾਣਾ ਤੇ ਮੱਥਾ ਟੇਕ ਕੇ ਸਹੁੰ ਖਾਣੀ, ਪ੍ਰਣ ਕਰਨਾ ਤੇ ਨਾਹਰੇ ਮਾਰ ਕੇ ਮੁੜਨਾ। ਜਲਾਲਾਬਾਦ ਦਾ ਇਹ ਤਾਂ ਪਤਾ ਸੀ ਕਿ ਫ਼ਿਰੋਜ਼ਪੁਰ ਦੇ ਕੋਲ ਹੀ ਹੈ ਪਰ ਓਧਰ ਕਦੇ ਗਿਆ ਨਹੀਂ ਸੀ।

ਦੂਜੇ ਦਿਨ ਮੂੰਹ ਨ੍ਹੇਰੇ ਹੀ ਮੈਂ ਬੱਸ ਜਾ ਫੜੀ ਤੇ ਦੁਪਹਿਰ ਤਕ ਜਲਾਲਾਬਾਦ ਜਾ ਪਹੁੰਚਾ। ਉੱਥੇ ਪਹੁੰਚ ਕੇ ਗਿਰਜਾਘਰ ਜਾ ਲੱਭਿਆ ਤੇ ਨਾਲ ਹੀ ਪਾਲੇ ਦਾ ਘਰ। ਉਹਦੀ ਬਹੂ ਨੂੰ ਜਦੋਂ ਮੈਂ ਜਲੰਧਰੋਂ ਆਉਣ ਬਾਬਤ ਦੱਸਿਆ ਤਾਂ ਉਹਨੇ ਇਕਦਮ ਘੁੰਡ

ਕੱਢ ਲਿਆ ਤੇ ਮੇਰੇ ਪੈਰੀਂ ਮੱਥਾ ਟੇਕਿਆ। ਉਹਨੇ ਦੋਹਾਂ ਮੁੰਡਿਆਂ ਨੂੰ ਵੀ ਕੋਲ ਬੁਲਾ ਕੇ ਦੱਸਿਆ, ''ਪੁੱਤ ਇਹ ਤੁਹਾਡੇ ਤਾਇਆ ਜੀ ਆ, ਮੱਥਾ ਟੇਕੋ।''

ਬਹੂ ਚਾਹ ਧਰਨ ਲੱਗੀ ਤਾਂ ਮੈਂ ਉਹਨੂੰ ਰੋਕ ਦਿੱਤਾ, ''ਬੀਬਾ ਚਾਹ ਤਾਂ ਰਹਿਣ ਦੇ... ਪਾਲਾ ਕਿੱਥੇ ਆ?''

''ਬਾਈ ਜੀ ਬੁਲਾਉਂਦੀ ਆਂ ਮੈਂ... ਉਹਨੇ ਪਾਣੀ ਛੱਡਿਆ ਚਟਾਲੇ ਨੂੰ... ਮੈਂ ਮਾਰਦੀ ਆਂ ਵਾਜ।''

ਇਸ ਤੋਂ ਪਹਿਲਾਂ ਕਿ ਬਹੂ ਪਾਲੇ ਨੂੰ ਹਾਕ ਮਾਰਦੀ, ਮੈਂ ਉੱਠ ਕੇ ਖੇਤਾਂ ਵੱਲ ਤੁਰ ਪਿਆ। ''ਕਿੱਧਰ ਆ ਭਲਾ?'' ਮੈਂ ਤੁਰਦਿਆਂ ਪੁੱਛਿਆ।

''ਬਾਈ ਜੀ ਓਹ ਆ... ਖੱਬੇ ਹੱਥ... ਸਾਫਾ ਬੰਨ੍ਹਿਆ ਵਾ... ਮੁਖਤਾਰ ਕਰਕੇ ਵਾਜ ਮਾਰ ਲਿਓ... ਉਂਜ ਪਛਾਣ ਤਾਂ ਹੈ ਈ 'ਧਾਨੂੰ।''

ਪਾਲੇ ਨੇ ਤਾਂ ਮੈਨੂੰ ਪਛਾਣ ਲਿਆ, ਮੈਂ ਈ ਨਹੀਂ ਪਛਾਣਿਆ। ਬਹੁਤ ਸਾਲਾਂ ਬਾਅਦ ਤਾਂ ਮੈਂ ਉਹਨੂੰ ਦੇਖ ਰਿਹਾ ਸੀ ਜੋ ਹੁਣ ਮੁਖਤਾਰ ਬਣਿਆ ਫਿਰਦਾ ਸੀ। ਮੈਂ ਇਸੇ ਲਈ ਤਾਂ ਆਪਣੇ ਆਪ ਨੂੰ ਈ ਪੁੱਛ ਰਿਹਾ ਸੀ ਪਈ ਇਹ ਪਾਲਾ ਈ ਆ, ਚਾਚੀ ਚੰਨੋ ਦਾ ਪੁੱਤਰ?

ਬਹੁਤ ਸਾਲ ਪਹਿਲਾਂ ਪਾਲਾ ਮਾੜੀ ਸੰਗਤ ਵਿਚ ਪੈ ਗਿਆ। ਸਾਨੂੰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਪਿੰਡ ਚੌਗਿੱਟੀ ਦੇ ਇਕ ਬੰਦੇ ਕੋਲੋਂ ਉਹਨੇ ਗੁਲਜ਼ਾਰੀ ਦਾ ਨਾਂ ਲੈ ਕੇ ਵੱਡੀ ਦੇਗ ਮੰਗ ਲਈ ਤੇ ਨਾਲ ਦੋ ਕੜਛੇ ਤੇ ਪਿੱਤਲ ਦੀਆਂ ਦੋ ਬਾਲਟੀਆਂ ਵੀ ਲੈ ਗਿਆ। ਅੱਗੋਂ ਦੇਣ ਵਾਲੇ ਭੁੱਲ-ਭੁਲਾ ਗਏ। ਯਾਦ ਤਾਂ ਉਨ੍ਹਾਂ ਨੂੰ ਉਦੋਂ ਆਇਆ ਜਦੋਂ ਕਿਸੇ ਦੇ ਘਰ ਵਿਆਹ ਧਰਿਆ ਗਿਆ। ਭਾਂਡਿਆਂ ਦੀ ਲੋੜ ਪਈ ਤਾਂ ਭਾਲ ਕਰਦਿਆਂ ਨੂੰ ਚੇਤਾ ਆਇਆ। ਗੁਲਜ਼ਾਰੀ ਦੇ ਘਰ ਆ ਗਏ। ਪਰ ਗੁਲਜ਼ਾਰੀ ਨੇ ਭਾਂਡੇ ਕੀ ਕਰਨੇ ਸੀ। ਫਿਰ ਇਹ ਨਾ ਪਤਾ ਲੱਗੇ ਕਿਹੜਾ ਮੁੰਡਾ ਸੀ ਜਿਹੜਾ ਗੁਲਜ਼ਾਰੀ ਦਾ ਨਾਂ ਲੈ ਕੇ ਭਾਂਡੇ ਲਿਆਇਆ। ਫਿਰ ਜਦੋਂ ਤਕ ਪਾਲੇ ਦਾ ਪਤਾ ਲੱਗਾ ਪਾਲਾ ਤਾਂ ਘਰੋਂ ਜਾ ਚੁੱਕਾ ਸੀ, ਦੂਜੇ ਪਾਸੇ ਪੁਲੀਸ ਤਾਂ ਉਹਦੇ ਉਪਰ ਕਈ ਕੇਸ ਬਣਾਈ ਬੈਠੀ ਸੀ। ਪਾਲੇ ਦੇ ਬਦਲੇ ਪੁਲੀਸ ਉਸ ਦੇ ਵੱਡੇ ਭਰਾ ਨੂੰ ਥਾਣੇ ਲੈ ਗਈ। ਚੰਨੋ ਉਦੋਂ ਦੌੜੀ ਦੌੜੀ ਰਾਮ ਨਗਰੀਏ ਦੇਵ ਰਾਜ ਕੋਲ ਗਈ ਤੇ ਉਹ ਮੁੰਡੇ ਨੂੰ ਥਾਣਿਓਂ ਛੁਡਾ ਕੇ ਲਿਆਇਆ। ਉਹਨੇ ਥਾਣੇਦਾਰ ਨੂੰ ਦੱਸਿਆ ਕਿ ਉਹ ਮੁੰਡਾ ਤਾਂ ਪਹਿਲਾਂ ਹੀ ਬੇਦਖਲ ਕੀਤਾ ਹੋਇਆ... ਹੁਣ ਘਰ ਵਾਲਿਆਂ ਦੀ ਕੋਈ ਉਹਦੀ ਜ਼ਿੰਮੇਵਾਰੀ ਨਈਂ ਬਣਦੀ, ਉਹ ਬਾਹਰ ਕੁਸ਼ ਕਰਦਾ ਫਿਰੇ।

ਇਧਰ ਪਾਲਾ ਹੋਰ ਅੱਗੇ ਵਧਦਾ ਗਿਆ। ਉਹਦਾ ਦੋ ਸਾਲ ਤਾਂ ਕੋਈ ਪਤਾ ਨਾ ਲੱਗਾ, ਤੀਜੇ ਸਾਲ ਉਹਦੀ ਭਿਣਕ ਪਈ ਕਿ ਉਹ ਫਿਰੋਜ਼ਪੁਰ ਜੇਲ੍ਹ ਵਿਚ ਹੈ। ਕਿਤੇ ਫਸ ਗਿਆ ਤੇ ਸਜ਼ਾ ਹੋ ਗਈ। ਫਿਰ ਖ਼ਬਰ ਮਿਲੀ ਉਹਦੀ ਜੇਲ੍ਹ ਬਦਲੀ ਜਲੰਧਰ ਹੋ ਗਈ। ਚਾਚੀ ਨੇ ਮੈਨੂੰ ਛੇਤੀ ਜਲੰਧਰ ਪਹੁੰਚਣ ਨੂੰ ਕਿਹਾ। ਮੈਂ ਜਲੰਧਰ ਪਹੁੰਚਾ ਤਾਂ ਕਹਿੰਦੀ ਆਪਾਂ ਪਾਲੇ ਨੂੰ ਮਿਲ ਕੇ ਆਉਣਾ। ਮੈਂ ਉਹਨੂੰ ਬਥੇਰਾ ਸਮਝਾਇਆ ਕਿ ਇਕ ਪਾਸੇ ਤੂੰ ਉਹਨੂੰ ਘਰੋਂ ਬੇਦਖਲ ਕਰਦੀ ਏਂ, ਦੂਜੇ ਪਾਸੇ ਤੂੰ ਉਹਨੂੰ ਮੋਹ ਵੀ ਬਹੁਤ ਕਰਦੀ ਏਂ...।

''ਪੁੱਤਰ ਉਹ ਢਿੱਡ ਦੀ ਆਂਦਰ ਆ... ਕਿੱਦਾਂ ਦੂਰ ਹੋ ਜਾਂ।''

ਮੈਂ ਤੇ ਚਾਚੀ ਨੇ ਫਾਰਮ ਭਰਿਆ ਤੇ ਪਾਲੇ ਨਾਲ ਮੁਲਾਕਾਤ ਜਾ ਕੀਤੀ। ਮੈਂ ਦੇਖ ਕੇ ਹੀ ਹਿੱਲ ਗਿਆ... ਉਹ ਤਾਂ ਜੁਆਨ ਈ ਬੜਾ ਨਿਕਲਿਆ ਸੀ... ਅੱਖਾਂ ਬਿੱਲੀਆਂ ਚਾਚੀ ਵਾਂਗ ਹੀ... ਗੋਰਾ ਨਿਛੋਹ, ਛੇ ਫੁੱਟ ਤੋਂ ਵੀ ਉੱਚਾ ਕੱਦ... ਸਾਡੇ ਵੱਲ ਦੇਖ ਕੇ

ਹੱਸੀ ਜਾਵੇ... ਮੈਂ ਹੈਰਾਨ ਹੋ ਕੇ ਦੇਖਾਂ... ਚੱਜ ਦੇ ਕੰਮ ਕਰਦਾ ਇਹਨੂੰ ਪੁਲੀਸ ਵਾਲਿਆਂ ਨੇ ਹੱਸ ਕੇ ਲੈਣਾ ਸੀ, ਜੇਲ੍ਹਾਂ 'ਚ ਤਾਂ ਨਾ ਰੁਲਣਾ ਪੈਂਦਾ।

ਅਸੀਂ ਜਦੋਂ ਮੁਲਾਕਾਤ ਕਰਕੇ ਮੁੜੇ ਤਾਂ ਚਾਚੀ ਹੱਸ ਕੇ ਕਹਿੰਦੀ, ''ਪ੍ਰੇਮ, ਇਹ ਮੇਰਾ ਪਾਲਾ ਤਾਂ ਲਗਦਾ ਈ ਨਈਂ... ਇਹ ਤਾਂ ਕੋਈ ਬਦਮਾਸ਼ ਸੀ... ਗੁੰਡਾ ਦਸ ਨੰਬਰੀਆ... ਰੁਲੂ ਹੁਣ ਜੇਲ੍ਹਾਂ 'ਚ ਈ... ਹਾਏ ਓਏ ਮੇਰਿਆ ਰੱਬਾ...!'' ਤੇ ਚਾਚੀ ਰੋਣ ਲੱਗ ਪਈ।

ਮਹੀਨੇ ਕੁ ਬਾਅਦ ਮੈਂ ਇਕ ਪੁਲੀਸ ਵਾਲੇ ਨੂੰ ਮਿਲ ਕੇ ਗੱਲ ਕੀਤੀ ਤਾਂ ਉਹਨੇ ਇਕ ਤਰਕੀਬ ਦੱਸੀ ਕਿ ਤੂੰ ਉਹਨੂੰ ਮਹੀਨੇ ਵਾਸਤੇ ਪੈਰੋਲ 'ਤੇ ਲਿਆ ਸਕਦਾਂ। ਮੈਂ ਜਲੰਧਰ ਘਰ ਪਹੁੰਚਿਆ। ਨਾ ਚਾਚੀ ਨੂੰ ਦੱਸਿਆ ਤੇ ਨਾ ਮੈਂ ਘਰ ਕਿਸੇ ਨਾਲ ਗੱਲ ਕੀਤੀ। ਮੈਂ ਜਲੰਧਰੀਆਂ ਨੂੰ ਭਿਣਕ ਹੀ ਨਹੀਂ ਪੈਣ ਦਿੱਤੀ ਤੇ ਪਾਲੇ ਨੂੰ ਜੇਲ੍ਹ 'ਚੋਂ ਸਿੱਧਾ ਬੱਸ ਬਿਠਾਇਆ ਤੇ ਚੰਡੀਗੜ੍ਹ ਆ ਗਏ। ਉਨ੍ਹੀਂ ਦਿਨੀਂ ਹਰਬੰਸ ਭੌਰ ਮੇਰੇ ਨਾਵਲ 'ਤਿੱਤਰ ਖੰਭੀ ਜੂਹ' 'ਤੇ ਨਾਟਕ ਤਿਆਰ ਕਰ ਰਿਹਾ ਸੀ ਜਿਹਦੇ ਵਿਚ ਦਲਬੀਰ (ਪੱਤਰਕਾਰ), ਰਾਜਿੰਦਰ ਸੋਢੀ (ਕਵੀਂ), ਬੀਬਾ ਕੁਲਵੰਤ (ਕਹਾਣੀ ਲੇਖਕਾ), ਪ੍ਰਕਾਸ਼ ਚਿੱਤਰਕਾਰ, ਸਵੈਰਾਜ ਸੰਧੂ (ਕਹਾਣੀ ਲੇਖਕ), ਦਲਬੀਰ ਦੀ ਪਤਨੀ ਜਸਬੀਰ, ਅਜਾਇਬ ਟੱਲੇਵਾਲੀਆ (ਕਹਾਣੀ ਲੇਖਕ) ਆਪੋ ਆਪਣਾ ਰੋਲ ਕਰਨ ਲਈ ਤਿਆਰ ਹੋ ਰਹੇ ਸਨ। ਮੈਂ ਪਾਲੇ ਨੂੰ ਵੀ ਹਰਬੰਸ ਭੌਰ ਦੇ ਸਪੁਰਦ ਕਰ ਦਿੱਤਾ। ਨਾਟਕ ਬੜਾ ਕਾਮਯਾਬ ਰਿਹਾ। ਉਹਦੇ ਤਿੰਨ ਸ਼ੋਅ ਹੋਏ। ਪਹਿਲੇ ਦਿਨ ਟ੍ਰਿਬਿਊਨ ਅਖ਼ਬਾਰ ਦੇ ਚੀਫ਼ ਐਡੀਟਰ ਪ੍ਰੇਮ ਭਾਟੀਆ, ਜਨਰਲ ਮੈਨੇਜਰ, ਦੋ ਟਰੱਸਟੀ ਤੇ 'ਟ੍ਰਿਬਿਊਨ' ਵਿਚ ਕੰਮ ਕਰਦੇ ਹੋਰ ਬਹੁਤ ਸਾਰੇ ਵਰਕਰ। ਅਗਲੇ ਦਿਨ ਪੰਜਾਬ ਸਰਕਾਰ ਦਾ ਇਕ ਮੰਤਰੀ ਬੁਲਾ ਲਿਆ। ਅਖ਼ਬਾਰ ਨਾਲ ਜੁੜੇ ਹੋਣ ਕਰਕੇ ਮੰਤਰੀ ਦੌੜਾ ਆਇਆ ਤੇ ਮੋਟੀ ਸਾਰੀ ਰਕਮ ਦੇਣ ਦਾ ਵੀ ਐਲਾਨ ਕਰ ਗਿਆ। ਕਈ ਦਿਨ ਨਾਟਕ ਸਬੰਧੀ ਖ਼ਬਰਾਂ ਛਪਦੀਆਂ ਰਹੀਆਂ ਤੇ ਵਿਸ਼ੇਸ਼ ਜ਼ਿਕਰ ਇਸ ਗੱਲ ਦਾ ਹੁੰਦਾ ਕਿ ਟ੍ਰਿਬਿਊਨ ਅਦਾਰੇ ਦਾ ਹੀ ਨਾਟਕ ਲੇਖਕ, ਅਦਾਰੇ ਦਾ ਹੀ ਡਾਇਰੈਕਟਰ ਤੇ ਐਕਟਰ ਵੀ ਬਹੁਤੇ ਅਦਾਰੇ ਦੇ ਹੀ।

ਪਾਲੇ ਨੂੰ ਮਹੀਨੇ ਬਾਅਦ ਮੈਂ ਛੱਡਣ ਗਿਆ ਤਾਂ ਜੇਲ੍ਹ ਪਹੁੰਚਣ ਤੋਂ ਪਹਿਲਾਂ ਲਾਡੋਵਾਲੀ ਘਰ ਵੀ ਫੇਰਾ ਪੁਆ ਦਿੱਤਾ। ਸਭ ਨੂੰ ਨਾਟਕ ਵਿਚ ਕੰਮ ਕਰਨ ਦੀਆਂ ਪਾਲੇ ਦੀਆਂ ਫੋਟੋ ਦਿਖਾਈਆਂ ਤਾਂ ਸਾਰੇ ਹੈਰਾਨ ਘੱਟ, ਪਰੇਸ਼ਾਨ ਬਹੁਤਾ ਹੋ ਗਏ।

ਫਿਰ ਇਕ ਦਿਨ ਪਤਾ ਲੱਗਾ ਕਿ ਜੇਲ੍ਹ ਅੰਦਰ ਕੈਦੀਆਂ ਵਿਚੋਂ ਹੀ ਕੋਈ ਐਸਾ ਭਲਾ ਪੁਰਸ਼ ਪਾਲੇ ਨੂੰ ਟੱਕਰ ਗਿਆ ਜਿਹੜਾ ਪਾਲੇ ਨੂੰ ਸਜ਼ਾ ਕੱਟਣ ਬਾਅਦ ਜਲਾਲਾਬਾਦ ਲੈ ਗਿਆ। ਰੱਬ ਜਾਣੇ ਉਹ ਵੀ ਕੋਈ ਸਜ਼ਾ ਕੱਟ ਰਿਹਾ ਸੀ ਜਾਂ ਕੋਈ ਜੇਲ੍ਹ ਮੁਲਾਜ਼ਮ ਸੀ। ਸੀ ਉਹ ਕੋਈ ਭਲਾ ਆਦਮੀ ਹੀ। ਉਸ ਬੰਦੇ ਨੇ ਹੀ ਪਾਲੇ ਦਾ ਵਿਆਹ ਕਰ ਦਿੱਤਾ ਤੇ ਉਹਨੂੰ ਈਸਾਈ ਬਣਾ ਕੇ ਇਕ ਗਿਰਜੇ ਵਿਚ ਬਿਠਾ ਦਿੱਤਾ।

ਹੌਲੀ ਹੌਲੀ ਉਹ ਚਾਚੀ ਚੰਨੋ ਨੂੰ ਮਿਲਣ ਲੱਗ ਪਿਆ। ਇਕ ਦਿਨ ਚਾਚੀ ਨੂੰ ਉਹਦੀ ਨੂੰਹ ਦਾ ਜਲਾਲਾਬਾਦ ਤੋਂ ਟੈਲੀਫੋਨ ਆਇਆ ਕਿ ਪਾਲਾ ਬਹੁਤ ਸਖ਼ਤ ਬਿਮਾਰ ਹੈ ਤੇ ਉਹ ਵਾਰ ਵਾਰ ਕਹਿ ਰਿਹਾ ਕਿ ਮੈਨੂੰ ਜਲੰਧਰ ਪਹੁੰਚਾ ਦਿਓ। ਹੁਣ ਜਲਾਲਾਬਾਦ ਜਾਵੇ ਕਿਹੜਾ? ਮਦਨ ਤਾਂ ਦੋ ਸਾਲ ਪਹਿਲਾਂ, ਕਈ ਦਿਨ ਬਿਮਾਰ ਰਹਿ ਕੇ ਗੁਜ਼ਰ ਗਿਆ ਸੀ। ਦੇਖਭਾਲ ਵਿਚੋਂ ਹੰਭ ਕੇ ਚਾਚੀ ਨੂੰ ਮੈਂ ਹੀ ਦਿਸਿਆ ਜਿਹਨੇ ਨਾਂਹ ਨਹੀਂ ਸੀ ਕਰਨੀ।

ਪਾਲੇ ਨੂੰ ਮੈਂ ਤਿਆਰ ਕਰ ਲਿਆ। ਉਹਦੀ ਵਹੁਟੀ ਤੇ ਛੋਟਾ ਮੁੰਡਾ ਵੀ ਨਾਲ ਜਾਣ ਲਈ ਤਿਆਰ ਹੋ ਗਏ। ਅਸੀਂ ਗੱਡੀ ਫੜੀ ਤੇ ਰਾਤ ਦੇ ਦਸ ਵਜੇ ਜਲੰਧਰ ਘਰ ਆ ਪਹੁੰਚੇ।

ਪਾਲੇ ਨੇ ਸ਼ਹਿਰੋਂ ਡਾਕਟਰ ਕੋਲੋਂ ਹਫ਼ਤਾ ਭਰ ਦਵਾਈ ਖਾਧੀ ਤੇ ਉਹ ਘੋੜੇ ਵਾਂਗ ਤੁਰਨ ਫਿਰਨ ਲੱਗਾ। ਚਾਚੀ ਚੰਨੋ ਵੀ ਨੂੰਹ ਨਾਲ ਰਚਮਿਚ ਗਈ। ਪਿਛਿਊਂ ਜਲਾਲਾਬਾਦ ਤੋਂ ਨਿੱਤ ਦਿਹਾੜੀ ਚਿੱਠੀਆਂ ਆਉਣ ਲੱਗੀਆਂ। ਅਖੀਰ ਚਾਚੀ ਨੇ ਹੀ ਕਹਿ ਦਿੱਤਾ, ''ਜਾਓ ਭਾਈ ਆਪਣਾ ਘਰ-ਬਾਰ ਸਾਂਭੋ ਜਾ ਕੇ... ਚਿੱਠੀ ਪੱਤਰ ਪਾਈ ਜਾਈਂ...।''

ਅਖੀਰ ਉਨ੍ਹਾਂ ਨੂੰ ਚਾਚੀ ਨੇ ਬੱਸੇ ਚੜ੍ਹਾ ਦਿੱਤਾ। ਇਕ ਮਹੀਨਾ, ਤਿੰਨ ਮਹੀਨੇ... ਛੇ ਮਹੀਨੇ... ਫਿਰ ਤਾਂ ਸਾਲ ਵੀ ਟੱਪ ਗਿਆ। ਪਾਲਾ ਠੀਕ ਠਾਕ ਸੀ।

ਇਕ ਦਿਨ ਅੱਧੀ ਰਾਤੀਂ ਪਾਲੇ ਦੀ ਵਹੁਟੀ ਦਾ ਟੈਲੀਫੋਨ ਆ ਗਿਆ। ਰੋਈ ਜਾਵੇ ਤੇ ਗੱਲ ਵੀ ਸਾਫ਼ ਨਾ ਹੋਵੇ। ਪਾਲਾ ਬਹੁਤ ਢਿੱਲਾ ਸੀ ਤੇ ਉਹਦੀਆਂ ਲੱਤਾਂ ਵੀ ਕੰਮ ਨਹੀਂ ਸੀ ਕਰ ਰਹੀਆਂ। ਜ਼ਬਾਨ ਵੀ ਖਰਾਬ ਹੋ ਗਈ ਸੀ।

ਚਾਚੀ ਚੰਨੋ ਨੇ ਹਿੰਮਤ ਕੀਤੀ ਤੇ ਪੈਸੇ ਉਧਾਰ ਫੜ ਕੇ ਗੱਡੀ ਜਾ ਬੈਠੀ ਤੇ ਅਗਲੇ ਦਿਨ, ਦਿਨ ਖੜ੍ਹੇ ਖੜ੍ਹੇ ਘਰ ਆ ਪਹੁੰਚੀ ਸਮੇਤ ਪਾਲੇ ਦੇ ਟੱਬਰ।

ਮੈਨੂੰ ਛੋਟੇ ਭਰਾ ਬਿੱਲੇ ਨੇ ਫੋਨ 'ਤੇ ਪਾਲੇ ਦੇ ਘਰ ਆ ਜਾਣ ਬਾਰੇ ਸੰਖੇਪ 'ਚ ਦੱਸਿਆ। ਮੈਂ ਸਵੇਰੇ ਹੀ ਜਲੰਧਰ ਆ ਪਹੁੰਚਾ। ਬੀਬੀ ਕੋਲ ਬੈਠਦਿਆਂ ਮੈਂ ਪਾਲੇ ਬਾਰੇ ਪੁੱਛਿਆ ਤਾਂ ਬੀਬੀ ਬੋਲੀ, ''ਕਾਕਾ, ਮੈਨੂੰ ਤਾਂ ਲੱਗਦਾ ਨਈਂ ਉਹ ਮਹੀਨਾ ਖੰਡ ਕੱਢੇ...''

ਮੈਂ ਚਾਚੀ ਕੇ ਘਰ ਆਇਆ। ਚਾਚੀ ਨੇ ਬਹਿਣ ਲਈ ਮੈਨੂੰ ਕੁਰਸੀ ਦਿੱਤੀ। ਮੇਰੇ ਵੱਲ ਦੇਖ ਕੇ ਪਾਲਾ ਰੋਣ ਲੱਗ ਪਿਆ। ਮੈਂ ਉੱਠ ਕੇ ਉਹਦਾ ਸਿਰ ਪਲੋਸਿਆ ਤੇ ਹੌਸਲਾ ਦਿੰਦਿਆਂ ਕਿਹਾ, ''ਐਵੇਂ ਨੀ ਦਿਲ ਛੱਡੀਦਾ... ਤੂੰ ਤਾਂ ਬਈ ਅਜੇ ਤਕੜਾਂ... ਤੁਰਨ ਫਿਰਨ ਜੋਗਾ ਹੋ ਆਪਾਂ ਤੈਨੂੰ ਚੰਡੀਗੜ੍ਹ ਲੈ ਜਾਣਾ... ਪੀ.ਜੀ.ਆਈ. ਤੇਰਾ ਇਲਾਜ ਕਰਾਉਂਦੇ ਆਂ... ਹਾਲੇ ਤਾਂ ਬਈ ਆਪਾਂ ਨਵਾਂ ਨਾਟਕ ਖੇਡਣਾ...।''

ਪਾਲਾ ਮੇਰਾ ਹੱਥ ਘੁੱਟਦਾ ਫਿਰ ਰੋਣ ਲੱਗ ਪਿਆ ਤੇ ਮੇਰੇ ਵੱਲ ਗਹੁ ਨਾਲ ਦੇਖਦਾ ਬੋਲਿਆ, ''ਭਾਅ... ਮੈਂ ਬੜੇ ਗ਼ਲਤ ਕੰਮ ਕੀਤੇ... ਪੁਲੀਸ ਦੀ ਬੜੀ ਕੁੱਟ ਖਾਧੀ... ਭਾ ਮੈਂ ਮਰਨਾ ਨਈਂ ਚਾਹੁੰਦਾ... ਪਰ ਡਾਕਟਰ ਨੇ ਦੱਸਿਆ ਤੈਨੂੰ ਤੇਰੇ ਡੈਡੀ ਵਾਲੀ ਬਿਮਾਰੀ ਚਿੰਬੜ ਗਈ... ਉਹੀ ਤੇਰੇ ਵੱਡੇ ਭਰਾ ਨੂੰ ਚਿੰਬੜ ਗਈ ਸੀ ਇਹ ਨਈਂ ਬੰਦੇ ਨੂੰ ਜੀਂਦਾ ਛੱਡਦੀ... ਦੇਖ ਭਾ ਮੈਂ ਤਾਂ ਏਸ ਘਰ 'ਚ ਵੀ ਨਈਂ ਰਹਿੰਦਾ... ਦੇਖ ਲਾ ਤੂੰ ਕਿੱਥੇ ਜਾ ਕੇ ਜਲਾਲਾਬਾਦ ਆ... ਪਤਾ ਨਈਂ ਦੋ ਸੌ ਮੀਲ ਆ ਕਿ ਤਿੰਨ ਸੌ ਮੀਲ... ਇਹ ਬਿਮਾਰੀ ਉੱਥੇ ਕਿੱਦਾਂ ਜਾ ਪਹੁੰਚੀ...?'' ਫਿਰ ਉਹ ਚੁੱਪ ਕਰ ਗਿਆ ਤੇ ਸੋਚਾਂ ਵਿਚ ਘਿਰ ਗਿਆ।

ਇਸੇ ਸਮੇਂ ਪਾਲੇ ਦੀ ਪਤਨੀ ਦੱਸਣ ਲੱਗੀ ਕਿ ਗਿਰਜਾਘਰ ਦੇ ਨਾਂ ਕਈ ਖੇਤ ਆ... ਸਾਰੀ ਵਾਹੀ ਸਤਨਾਮ ਈ ਸਾਂਭਦਾ... ਕਦੇ ਹੰਭਦਾ, ਥੱਕਦਾ ਨਈਂ... ਕਣਕ ਵੱਢਣੀ ਹੋਵੇ ਚਾਹੇ ਕਮਾਦ, ਝੋਨਾ... ਜਾਹ ਤਾਂ ਕਦੇ ਥੱਕ ਕੇ ਖਲੋ ਜਾਵੇ... ਡਾਕਟਰ ਪਤਾ ਨਈਂ ਕਿਹੜੀ ਬਿਮਾਰੀ ਦੱਸੀ ਜਾਂਦਾ...''

ਮੈਨੂੰ ਛੋਟਾ ਭਰਾ ਰੋਟੀ ਨੂੰ ਕਹਿਣ ਆਇਆ ਤਾਂ ਮੈਂ ਉੱਠਦਾ ਹੋਇਆ ਬੋਲਿਆ, ''ਪਾਲੇ ਸੌਂ ਜਾ ਬਈ... ਅੱਧੀ ਰਾਤ ਹੋਣ ਨੂੰ ਆ...।''

''ਬਹਿ ਜਾ ਭਾ... ਆਪਾਂ ਕਿਹੜਾ ਨਿੱਤ ਨਿੱਤ ਗੱਲਾਂ ਕਰਨੀਆਂ... ਏਸ ਭੌਰ ਦਾ ਕੋਈ ਪਤਾ ਨਈਂ ਕਦੋਂ ਉਡਾਰੀ ਮਾਰ ਜਾਏ...।''

ਮਰਨ ਤੋਂ ਪਹਿਲਾਂ ਹਰ ਬੰਦਾ ਈ ਜਜ਼ਬਾਤੀ ਗੱਲਾਂ ਕਰਨ ਲੱਗ ਜਾਂਦਾ ਹੈ। ਮੈਂ ਉਹਨੂੰ ਸ਼ਾਂਤ ਹੋ ਕੇ ਸੌਣ ਲਈ ਕਹਿ ਕੇ ਆ ਗਿਆ।

ਮੈਂ ਆ ਕੇ ਬੀਬੀ ਤੇ ਬਿੱਲੇ ਨਾਲ ਗੱਲਾਂ ਕਰਦੇ ਹੀ ਰੋਟੀ ਖਾਧੀ। ਉਦੋਂ ਹੀ ਮਦਨ ਦਾ ਮੁੰਡਾ ਆ ਗਿਆ ਤੇ ਮੇਰੇ ਕੋਲ ਹੋ ਕੇ ਰੋਂਦਾ ਕਹਿਣ ਲੱਗਾ, ''ਤਾਇਆ ਘਰ ਨੂੰ ਚੱਲੋ... ਚਾਚਾ ਤੁਰ ਗਿਆ... ਤੁਹਾਡੇ ਆਉਣ ਬਾਅਦ ਮਾਂ ਜੀ ਨਾਲ ਤੇ ਚਾਚੀ ਨਾਲ ਗੱਲਾਂ ਕਰਨ ਲੱਗ ਪਿਆ... ਫੇਰ ਲੰਮਾ ਜਿਹਾ ਸਾਹ ਲਿਆ ਤੇ ਧੌਣ ਲੁੜਕ ਗਈ...'' ਦੱਸਦਾ-ਦੱਸਦਾ ਲਾਡੀ ਉੱਚੀ ਉੱਚੀ ਰੋਣ ਲੱਗ ਪਿਆ।